੧ ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

# ਸਿੱਖ ਧਰਮ ਤੇ ਮਾਸ

ਸ੍ਵਰਗਵਾਸੀ
ਸ੍ਰੀਮਾਨ ਸੰਤ ਨਿਧਾਨ ਸਿੰਘ ਜੀ 'ਆਲਿਮ'

Namdhari Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

Kirpal singh chana

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

# ਸਿੱਖ ਧਰਮ ਤੇ ਮਾਸ


ਲੇਖਕ

ਸ੍ਰੀਮਾਨ ਸੰਤ ਨਿਧਾਨ ਸਿੰਘ ਜੀ 'ਆਲਿਮ'



**ਨਾਮਧਾਰੀ ਦਰਬਾਰ**

ਸ੍ਰੀ ਭੈਣੀ ਸਾਹਿਬ, ਲੁਧਿਆਣਾ



Namdhari Elibrary NamdhariElibrary@gmail.com

ਤੀਜੀ ਵਾਰ : ੨੦੦੦

੧੯੮੪
ਹੱਕ ਰਾਖਵੇਂ ਹਨ

ਪਰਕਾਸ਼ਕ

ਸ: ਹਰਵਿੰਦਰ ਸਿੰਘ ਹੰਸਪਾਲ, ਐਮ-ਪੀ.
ਜਨਰਲ ਸਕੱਤਰ
ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ, ਲੁਧਿਆਣਾ, (ਪੰਜਾਬ)

ਛਾਪਕ

ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿੱਲੀ

ਮੁੱਲ : ੧੦ ਰੁਪਏ

Namdhari Elibrary NamdhariElibrary@gmail.com

# ਪੁਸਤਕ ਵਿਸ਼ੈ

ਸਿੱਖ ਧਰਮ ਵਿਚ ਮਾਸ ਖਾਣ ਦੀ ਖੁਲ੍ਹ ਹੈ ਕਿ ਮਨਾਹੀ ? ਇਸ ਵਿਸ਼ੈ ਬਾਰੇ ਕਾਫ਼ੀ ਮਤਭੇਦ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲੀਆਂ ਉਦਾਸੀ, ਨਿਰਮਲੇ, ਨਾਮਧਾਰੀ, ਸਨਾਤਨੀ ਸਿੱਖ ਅਤੇ ਸੇਵਾ ਪੰਥੀ ਆਦਿ ਸੰਪ੍ਰਦਾਵਾਂ ਮਾਸਾਹਾਰ ਨੂੰ ਗੁਰੂ ਮਤ ਦੇ ਵਿਰੁਧ ਸਮਝਦੀਆਂ ਹੋਈਆਂ ਇਸ ਗੱਲ ਦੀਆਂ ਪਰਚਾਰਕ ਹਨ, ਕਿ ਗੁਰੂ ਘਰ ਵਿਚ ਮਾਸ ਖਾਣ ਦੀ ਕੇਵਲ ਨਿਖੇਧੀ ਹੀ ਨਹੀਂ, ਸਗੋਂ ਇਸ ਦਾ ਖਾਣਾ ਪਾਪ ਅਰ ਉਸ ਦਾ ਫਲ ਨਰਕ ਮੰਨਿਆ ਗਿਆ ਹੈ। ਪਰੰਤੂ ਇਨ੍ਹਾਂ ਵਿਦਵਾਨ ਅਰ ਮੁਖੀ ਸੰਪ੍ਰਦਾਵਾਂ ਤੋਂ ਬਿਨਾਂ ਕਈ ਸਿੱਖ ਅਜਿਹੇ ਵੀ ਹਨ, ਜੋ ਸਿੱਖ ਧਰਮ ਵਿਚ ਮਾਸ ਖਾਣ ਨੂੰ ਨਖਿੱਧ ਨਾ ਸਮਝਦੇ ਹੋਏ ਇਸ ਗੱਲ ਦਾ ਪਰਚਾਰ ਕਰਦੇ ਹਨ, ਕਿ ਸਿੱਖਾਂ ਵਾਸਤੇ ਮਾਸ ਖਾਣਾ ਬਹੁਤ ਜ਼ਰੂਰੀ ਹੈ। ਕਈ ਥਾਈਂ ਮਾਸਾਹਾਰੀ ਅਤੇ ਸ਼ਾਕਾਹਾਰੀ ਸਿੱਖਾਂ ਵਿਚ ਇਹ ਵਿਸ਼ਾ ਕਾਫ਼ੀ ਝਗੜੇ ਦਾ ਕਾਰਨ ਬਣ ਜਾਂਦਾ ਹੈ। ਇਸ ਲਈ ਕਈ ਸਾਲਾਂ ਤੋਂ ਮੇਰੇ ਕਈ ਮਿੱਤਰਾਂ ਵਲੋਂ ਮੈਨੂੰ ਇਸ ਗੱਲ ਦੀ ਲਗਾਤਾਰ ਪ੍ਰੇਰਨਾਂ ਹੁੰਦੀ ਰਹੀ, ਕਿ ਇਸ ਵਿਸ਼ੇ ਤੇ ਇਕ ਖੋਜ ਪੂਰਤ ਪੁਸਤਕ ਲਿਖ ਕੇ ਪੰਥ ਦੀ ਸੇਵਾ ਕਰਾਂ, ਪਰੰਤੂ ਰੁਝੇਵਿਆਂ ਦੇ ਕਾਰਨ ਮੈਂ ਆਪਣੇ ਮਿੱਤਰਾਂ ਦੀ ਮਨਸ਼ਾ ਪੂਰੀ ਨਾ ਕਰ ਸਕਿਆ। ਸ਼ੁਕਰ ਹੈ ਅਕਾਲ ਪੁਰਖ ਦਾ ਕਿ ਕੁਝ ਮਹੀਨਿਆਂ ਦੀ ਲਗਾਤਾਰ ਮਿਹਨਤ ਉਪਰੰਤ ਅੱਜ ਮੈਂ ਇਸ ਯੋਗ ਹੋ ਸਕਿਆ ਹਾਂ ਕਿ ਆਪਣੇ ਮਿੱਤਰਾਂ ਦੇ ਹੱਥਾਂ ਵਿਚ ਇਹ ਪੁਸਤਕ ਦੇ ਕੇ ਉਨ੍ਹਾਂ ਦੀ ਪ੍ਰਸੰਨਤਾ ਪ੍ਰਾਪਤ ਕਰ ਸੱਕਾਂ। ਪੁਸਤਕ ਦੇ ਲਿਖਣ ਉਤੇ ਕਿੰਨੀਂ ਖੋਜ ਅਤੇ ਮਿਹਨਤ ਕਰਨੀ ਪਈ ਹੈ ? ਇਸ ਦਾ ਨਿਰਨਾਂ ਕਰਨਾ ਮੇਰਾ ਨਹੀਂ ਕਿੰਤੂ ਪਾਠਕਾਂ ਦਾ ਕੰਮ ਹੈ। ਹਾਂ ਏਨਾਂ ਦੱਸ ਦੇਣਾ ਜ਼ਰੂਰੀ ਹੈ, ਕਿ ਪੁਸਤਕ ਦੀ ਵੰਡ ਦੋ ਹਿੱਸਿਆਂ ਵਿਚ ਕੀਤੀ ਗਈ ਹੈ। ਪਹਿਲੇ ਹਿੱਸੇ ਵਿਚ ਪਸ਼ੂਆਂ ਦੀ ਮਨੁੱਖ ਦੇ ਦਰਬਾਰ ਵਿਚ ਇਕ ਦਰਦਨਾਕ ਅਪੀਲ, ਗੁਰੂ ਨਾਨਕ ਮਿਸ਼ਨ ਤੇ ਮਾਸ, ਗੁਰਬਾਣੀ ਅਰ ਇਤਿਹਾਸਕ ਪ੍ਰਮਾਣਾਂ ਦੇ ਚਾਨਣੇਂ ਵਿਚ ਇਸ ਵਿਸ਼ੇ ਤੇ ਵਿਚਾਰ, ਮਾਸ ਖਾਣ ਵਾਲੇ ਪ੍ਰਚਾਰਕਾਂ ਦੇ ਇਤਰਾਜ਼ ਅਤੇ ਉਨ੍ਹਾਂ ਦੇ ਉੱਤਰ ਅੰਕਿਤ ਕੀਤੇ ਗਏ ਹਨ।

Namdhari Elibrary NamdhariElibrary@gmail.com

ਪੁਸਤਕ ਦੇ ਦੂਜੇ ਹਿੱਸੇ ਵਿਚ ਵੈਦਿਕ ਅਤੇ ਅਵੈਦਿਕ ਮਤਾਂ ਦੇ ਦ੍ਰਿਸ਼ਟੀ-ਕੋਣ ਅਨੁਸਾਰ ਵਿਚਾਰ ਕਰਦਿਆਂ ਹੋਇਆਂ ਮਾਸ ਦਾ ਖਾਣਾ ਨਿਖੇਧੀ ਤੇ ਪਾਪ ਦੱਸਿਆ ਗਿਆ ਹੈ। ਅਵੈਦਿਕ ਮਤਾਂ ਦੇ ਵਿਸ਼ੇ ਵਿਚ ਬੁੱਧ ਧਰਮ, ਜੈਨ ਧਰਮ, ਦੇਵ ਸਮਾਜ, ਈਸਾਈਅਤ ਅਤੇ ਇਸਲਾਮ ਧਰਮ ਦੀ ਰੌਸ਼ਨੀ ਵਿਚ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਮਾਸ ਦਾ ਖਾਣਾ ਰਹਿਮ ਅਤੇ ਅਹਿੰਸਾ ਦੇ ਵਿਰੁਧ ਹੋਣ ਦੇ ਕਾਰਨ ਮਾਨਵੀ ਧਰਮ ਦੇ ਉਲਟ ਹੈ। ਇਸ ਤੋਂ ਅਗੇ ਜਗਤ ਪ੍ਰਸਿੱਧ ਡਾਕਟਰਾਂ, ਦੇਸੀ ਤੇ ਵਿਦੇਸ਼ੀ ਲੇਖਕਾਂ ਅਤੇ ਸਾਇੰਸਦਾਨਾਂ (ਜਿਨ੍ਹਾਂ ਵਿਚ ਅੰਗਰੇਜ਼, ਅਮਰੀਕਨ, ਫ਼ਰਾਂਸੀਸੀ ਅਤੇ ਇਟਾਲੀਅਨ ਆਦਿ ਮੌਜੂਦ ਹਨ) ਦੀਆਂ ਰਾਵਾਂ ਅਰ ਪੁਸਤਕਾਂ ਦੇ ਹਵਾਲੇ ਦੇ ਕੇ ਇਹ ਦਰਸਾਇਆ ਗਿਆ ਹੈ, ਕਿ ਮਾਸ ਮਨੁੱਖ ਵਾਸਤੇ ਗ਼ੈਰ-ਕੁਦਰਤੀ, ਬੇਲੋੜੀ, ਹਾਨੀਕਾਰਕ, ਨਿਰਦੈਤਾ ਪੂਰਤ ਅਤੇ ਸਿਹਤ ਨੂੰ ਵਿਗਾੜਨ ਵਾਲੀ ਖ਼ੁਰਾਕ ਹੈ।

ਪੁਸਤਕ ਦੇ ਛੇਕੜਲੇ ਪੱਤ੍ਰਿਆਂ ਵਿਚ ਉਨ੍ਹਾਂ ਜਗਤ ਪ੍ਰਸਿੱਧ ਪੁਰਸ਼ਾਂ ਦੀ ਸੰਖੇਪ ਜਿਹੀ ਫ਼ਰਿਸਤ ਦਿਤੀ ਗਈ ਹੈ ਜਿਨ੍ਹਾਂ ਨੇ ਵਰਤਮਾਨ ਕਾਲ ਵਿਚ ਆਪਣੀ ਅਲੌਕਿਕ ਦਿਮਾਗੀ, ਨੀਤਕ, ਸਰੀਰਕ ਅਤੇ ਚਮਤਕਾਰਕ ਸ਼ਕਤੀ ਦੁਆਰਾ ਸਾਰੇ ਬ੍ਰਹਿਮੰਡ ਦਾ ਧਿਆਨ ਆਪਣੇ ਵਲ ਖਿੱਚਿਆ ਹੋਇਆ ਹੈ, ਪਰ ਉਹ ਮਾਸ ਨਹੀਂ ਖਾਂਦੇ।

ਇਸ ਪੁਸਤਕ ਦੇ ਲਿਖਣ ਲਈ ਪ੍ਰਮਾਣ ਅਤੇ ਪੁਸਤਕ ਸੰਗ੍ਰਹਿ ਕਰਨ ਵਿਚ ਜੋ ਸਹਾਇਤਾ ਮੈਨੂੰ ਨਿਰਮਲ ਪੰਥ ਭੂਸ਼ਣ ਸ੍ਰੀ ੧੦੮ ਸੰਤ ਤੇਜਾ ਸਿੰਘ ਜੀ ਗਿਆਨੀ ਤਥਾ ਵੇਦ ਸ਼ਾਸਤਰੀ, ਮੰਤਰੀ ਨਿਰਮਲ ਮਹਾਂ ਮੰਡਲ ਅੰਮ੍ਰਿਤਸਰ ਵਲੋਂ ਪ੍ਰਾਪਤ ਹੋਈ ਹੈ ਉਸ ਲਈ ਮੈਂ ਉਨ੍ਹਾਂ ਦਾ ਦਿਲੋਂ ਕ੍ਰਿਤੱਗਯ ਹਾਂ।

ਅੰਤ ਵਿਚ ਮੈਂ ਪਾਠਕਾਂ ਦੀ ਸੇਵਾ ਵਿਚ ਸਨਿੰਮਰ ਪ੍ਰਾਰਥਨਾ ਕਰਦਾ ਹਾਂ, ਕਿ ਪੁਸਤਕ ਨੂੰ ਨਿਰਪੱਖ ਹੋ ਕੇ ਵਾਚਣ ਦੀ ਖੇਚਲ ਕੀਤੀ ਜਾਏ, ਤਾਕਿ ਅਸਲੀਅਤ ਦਾ ਪਤਾ ਲਗ ਸਕੇ।

ਅੰਮ੍ਰਿਤਸਰ
੧ ਹਾੜ ਸੰ: ੧੯੯੮ — ਨਿਧਾਨ ਸਿੰਘ 'ਆਲਿਮ'

Namdhari Elibrary NamdhariElibrary@gmail.com

# ਭੂਮਿਕਾ

ਇਤਿਹਾਸ ਅਤੇ ਪਰੰਪਰਾ ਦੀ ਨਿਰਪੱਖ ਖੋਜ ਅਤੇ ਵਿਚਾਰ ਸੱਚ ਦੀ ਤਹਿ ਤਕ ਪਹੁੰਚਣ ਵਿਚ ਬਹੁਤ ਸਹਾਇਤਾ ਕਰਦੀ ਹੈ । ਮੇਰੇ ਵਿਚਾਰ ਵਿਚ ਸ੍ਰੀਮਾਨ ਸੰਤ ਨਿਧਾਨ ਸਿੰਘ ਜੀ ਨੇ ਇਕ ਜ਼ਰੂਰੀ ਵਿਸ਼ੇ ਸੰਬੰਧੀ ਗੁਰਮਤਿ ਸਿਧਾਂਤ, ਗੁਰਬਾਣੀ ਦੇ ਮੂਲ ਪਾਠ, ਇਤਿਹਾਸ ਅਤੇ ਪਰੰਪਰਾ ਦੀ ਖੋਜ ਦਾ ਸ਼ਲਾਘਾਮਈ ਯਤਨ ਕੀਤਾ ਹੈ ਅਤੇ ਜਿਸ ਸਿੱਟੇ ਉਤੇ ਉਹ ਪਹੁੰਚੇ ਹਨ ਕਿ ਮਾਸ ਦੀ ਵਰਤੋਂ ਗੁਰੂ ਘਰ ਦੇ ਉਪਦੇਸ਼ ਦੇ ਅਨੁਕੂਲ ਨਹੀਂ ਹੈ, ਮੈਂ ਉਸ ਨਾਲ ਸਹਿਮਤ ਹਾਂ ।

ਇਸ ਪੱਖੋਂ ਮੈਂ ਇਕ ਉਦਾਹਰਣ ਪੇਸ਼ ਕਰਦਾ ਹਾਂ । ਇਕ ਸੁੱਘੜ ਤੇ ਸੁਚੱਜਾ ਸੰਗੀਤਕਾਰ ਆਪਣੇ ਗਲੇ ਦੀ ਹਿਫ਼ਾਜ਼ਤ ਲਈ ਕਈ ਤਰ੍ਹਾਂ ਦੇ ਪਦਾਰਥਾਂ ਦਾ ਤਿਆਗ ਕਰ ਦਿੰਦਾ ਹੈ । ਉਸੇ ਤਰ੍ਹਾਂ ਆਪਣੀ ਆਤਮਾ ਦਾ ਪਰਮਾਤਮਾ ਨਾਲ ਮਿਲਾਪ ਕਰਨ ਦਾ ਸੱਚਾ ਅਨੁਰਾਗੀ ਆਪਣੀ ਖ਼ੁਰਾਕ ਵਿਚੋਂ ਅਮੱਖ ਜਾਂ ਅਭੱਖ ਭੋਜਨ, ਖਾਰਜ ਕਰ ਦਿੰਦਾ ਹੈ । ਉਸ ਨੂੰ ਨਾਮ ਦੀ ਕਮਾਈ ਜਾਂ ਸੁਰਤਿ ਸ਼ਬਦ ਦੇ ਅਭਿਆਸ ਵਿਚ ਸਫ਼ਲਤਾ ਪ੍ਰਾਪਤ ਕਰਨ ਲਈ ਇਕ ਸੰਸਾਰੀ ਬਿਰਤੀ ਵਾਲੇ ਪੁਰਸ਼ ਵਾਲੀ ਖ਼ੁਰਾਕ ਤੋਂ ਅਵੱਸ਼ ਹੀ ਪ੍ਰਹੇਜ਼ ਕਰਨਾ ਪੈਂਦਾ ਹੈ । ਮਾਸ ਅਤੇ ਸ਼ਰਾਬ ਤਾਮਸੀ ਭੋਜਨ ਹਨ ਜੋ ਜੀਭ ਦੇ ਸੁਆਦ ਆਦਿ ਵਾਸਤੇ ਸ਼ਾਇਦ ਅੱਛੇ ਲਗਦੇ ਹੋਣਗੇ, ਪਰ ਆਤਮਿਕ ਉੱਨਤੀ ਵਾਸਤੇ ਜ਼ਹਿਰ ਦਾ ਕੰਮ ਕਰਦੇ ਹਨ । ਗੁਰੂ ਨਾਨਕ ਸਾਹਿਬ ਆਪਣੀ ਬਾਣੀ ਵਿਚ ਸੁੰਦਰ ਉਪਦੇਸ਼ ਕਰਦੇ ਹਨ : ਬਾਬਾ ਹੋਰੁ ਖਾਣਾ ਖ਼ੁਸੀ ਖੁਆਰ । ਜਿਤੁ ਖਾਧੇ ਤਨ ਪੀੜੀਐ ਮਨ ਮਹਿ ਚਲੈ ਵਿਕਾਰ । (ਮ: 1, ਪੰਨਾ 16) ਮਾਸ ਸਰੀਰ ਨੂੰ ਪੀੜਨ ਅਤੇ ਇਸ ਵਿਚ ਵਿਕਾਰ ਪੈਦਾ ਕਰਨ ਵਾਲਾ ਭੋਜਨ, ਹੈ, ਜੋ ਗੁਰੂ ਸਾਹਿਬ ਦੇ ਤਜਰਬੇ ਮੁਤਾਬਿਕ, ਕਦੇ ਵੀ ਧਰਮੀ ਪੁਰਖ ਦੀ ਖ਼ੁਰਾਕ ਦਾ ਭਾਗ ਨਹੀਂ ਬਣ ਸਕਦਾ । ਇਸੇ ਤਰ੍ਹਾਂ ਆਪ ਨੇ ਫ਼ਰਮਾਇਆ ਹੈ ਕਿ ਜਿਸ ਹਿਰਦੇ ਵਿਚ ਅਨੇਕ ਪ੍ਰਕਾਰ

Namdhari Elibrary NamdhariElibrary@gmail.com

ਦੇ ਭੋਗਾਂ ਅਤੇ ਵਿਕਾਰਾਂ ਦਾ ਵਾਸਾ ਹੋਵੇ, ਉਸ ਵਿਚ ਉਸ ਪ੍ਰਭੂ ਦਾ ਨਿਰਮਲ ਨਾਮ ਕਿਵੇਂ ਨਿਵਾਸ ਕਰ ਸਕਦਾ ਹੈ :

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ।
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ।
ਏਤੇ ਰਸੁ ਸਰੀਰ ਕੇ ਕੈ ਘਟਿ ਨਾਮ ਨਿਵਾਸ । (ਮ: 1, ਪੰ. 15)

ਇਹ ਵੀ ਹਰ ਮਨੁੱਖ ਨੂੰ ਭਲੀ-ਭਾਂਤ ਪਤਾ ਹੈ ਕਿ ਅਕਾਲਪੁਰਖ ਨੂੰ ਸਭ ਧਰਮਾਂ ਵਿਚ ਦਇਆਲੂ, ਕ੍ਰਿਪਾਲੂ, ਰਹਿਮਾਨ, ਰਹੀਮ ਆਦਿ ਕਿਹਾ ਗਿਆ ਹੈ । ਦਇਆ ਉਸ ਦਾ ਸ਼ਰੋਮਣੀ ਗੁਣ ਹੈ ਅਤੇ ਇਸ ਗੁਣ ਨੂੰ ਧਾਰਨ ਕਰਨ ਨਾਲ ਹੀ ਅਸੀਂ ਉਸ ਦੀਆਂ ਖ਼ੁਸ਼ੀਆਂ ਪਰਾਪਤ ਕਰ ਸਕਦੇ ਹਾਂ । ਇਸੇ ਕਾਰਨ ਦਇਆ ਨੂੰ ਧਰਮ ਦਾ ਮੂਲ ਮੰਨਿਆ ਗਿਆ ਹੈ । ਗੁਰੂ ਸਾਹਿਬ ਨੇ ਦਇਆ ਨੂੰ ਧਰਮ ਦੀ ਜਨਨੀ ਕਿਹਾ ਹੈ ਅਤੇ ਹੱਤਿਆ ਨੂੰ ਵੱਡਾ ਪਾਪ ਮੰਨਿਆ ਹੈ ਕਿਉਂਕਿ ਨਿਰਦਈ ਅਤੇ ਕਠੋਰ ਹਿਰਦੇ ਵਾਲੇ ਇਨਸਾਨ ਦੇ ਅੰਦਰ ਕਦੇ ਵੀ ਪਰਮਾਤਮਾ ਦੀ ਜੋਤਿ ਪ੍ਰਗਟ ਨਹੀਂ ਹੋ ਸਕਦੀ :

"ਨਿਰਦਇਆ ਨਹੀ ਜੋਤਿ ਉਜਾਲਾ ।" (ਆਦਿ ਗ੍ਰੰਥ, ਪੰ. 903)

ਤੀਸਰੀ ਗੱਲ, ਪੂਰਨ ਮਹਾਂ ਪੁਰਖਾਂ ਦੀ ਇਹ ਚੇਤਾਵਨੀ ਹੈ ਕਿ ਸਭ ਜੀਵਾਂ ਵਿਚ ਇਕ ਪਰਮੇਸ਼ਰ ਦੀ ਜੋਤਿ ਜਗ ਰਹੀ ਹੈ ਅਤੇ ਜੀਵਾਂ ਨੂੰ ਸਤਾਉਣਾ, ਦੁਖਾਉਣਾ ਅਤੇ ਫਿਰ ਉਨ੍ਹਾਂ ਦੇ ਪਿਤਾ, ਉਸ ਅਕਾਲ ਪੁਰਖ, ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਦੀ ਆਸ ਰਖਣਾ ਸਵੈ-ਵਿਰੋਧੀ ਗੱਲਾਂ ਹਨ । ਕਬੀਰ ਸਾਹਿਬ ਦਾ ਹੇਠ ਲਿਖਿਆ ਜੇ ਇਕ ਸ਼ਲੋਕ ਮੁੱਖ ਰਖਿਆ ਜਾਵੇ ਤਾਂ ਇਸ ਵਿਸ਼ੇ ਸੰਬੰਧੀ ਕਿਸੇ ਦੂਜੀ ਗੱਲ ਨੂੰ ਵਿਚਾਰਨ ਦੀ ਲੋੜ ਨਹੀਂ ਪੈਂਦੀ । ਆਪ ਕਹਿੰਦੇ ਹਨ ਕਿ ਕਸੂਰ ਸਾਡੇ ਧਰਮਾਂ ਅਤੇ ਧਰਮ ਗ੍ਰੰਥਾਂ ਦਾ ਨਹੀਂ ਸਾਡੀ ਅਗਿਆਨਤਾ ਦਾ ਹੈ । ਅਸੀਂ ਦਾਅਵਾ ਤਾਂ ਆਪੋ ਆਪਣੇ ਧਰਮਾਂ ਨੂੰ ਮੰਨਣ ਦਾ ਕਰਦੇ ਹਾਂ ਪਰ ਕਰਨੀ ਸਾਡੀ ਇਨ੍ਹਾਂ ਦੇ ਉਪਦੇਸ਼ ਦੇ ਬਿਲਕੁਲ ਉਲਟ ਹੈ :

ਬੇਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨ ਬਿਚਾਰੈ ।
ਜਉ ਸਭ ਮਹਿ ਏਕ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ।
(ਆਦਿ ਗ੍ਰੰਥ ਪੰ. 1350)

ਇਸੇ ਤਰ੍ਹਾਂ ਸਿੱਖ ਧਰਮ ਵਿਚ ਬੁੱਧ ਮਤਿ, ਜੈਨ ਮਤਿ, ਹਿੰਦੂ ਧਰਮ ਅਤੇ

Namdhari Elibrary NamdhariElibrary@gmail.com

ਦੂਸਰੇ ਭਾਰਤ ਦੇ ਪ੍ਰਮੁਖ ਧਰਮਾਂ ਵਾਂਗ ਕਰਮਾਂ ਦੇ ਨਿਯਮ ਨੂੰ ਸਵੀਕਾਰ ਕੀਤਾ ਗਿਆ ਹੈ ਕਿ ਇਨਸਾਨ ਨੂੰ ਆਪ ਬੀਜੇ ਕਰਮਾਂ ਦਾ ਫਲ ਆਪ ਹੀ ਭੋਗਣਾ ਪੈਂਦਾ ਹੈ : ਜੇਹਾ ਬੀਜੈ ਸੁ ਲੁਣੈ ਮਥੇ ਜੋ ਲਿਖਿਆਸੁ । (ਮ: 5, ਪੰ. 134) ਗੁਰੂ ਸਾਹਿਬਾਨ ਨੇ ਬਾਣੀ ਵਿਚ ਅਨੇਕ ਥਾਈਂ ਇਸ ਨੇਮ ਨੂੰ ਖੋਲ੍ਹ ਕੇ ਦਰਸਾਇਆ ਹੈ । ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਸੰਸਾਰ ਨੂੰ ਉਹ ਧਰਤੀ ਧਰਮਸਾਲ ਕਿਹਾ ਹੈ ਜਿਸ ਵਿਚ 'ਕਰਮੀ ਕਰਮੀ ਹੋਇ ਵਿਚਾਰ' (ਜਪੁਜੀ) ਜਾਂ 'ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰ' (ਜਪੁਜੀ) ਦਾ ਵਰਤਾਰਾ ਚਲਦਾ ਹੈ । ਇਸ ਨਿਯਮ ਅਨੁਸਾਰ ਜਿਸ ਨੂੰ ਅਸੀਂ ਮਾਰਾਂਗੇ ਉਸ ਦੇ ਹੱਥੋਂ ਸਾਨੂੰ ਮਰਨਾ ਵੀ ਪਵੇਗਾ । ਇਸ ਤਰ੍ਹਾਂ ਅਸੀਂ ਇਨਸਾਨ ਦੇ ਜਾਮੇ ਤੋਂ ਭੇਡਾਂ ਬੱਕਰੀਆਂ ਅਤੇ ਮੁਰਗੇ, ਮੁਰਗ਼ੀਆਂ ਦੇ ਜਾਮੇ ਵਿਚ ਵੀ ਗਿਰ ਸਕਦੇ ਹਾਂ । ਭਾਈ ਗੁਰਦਾਸ ਜੀ ਨੇ ਇਸ ਸੰਬੰਧੀ ਬਹੁਤ ਸੁੰਦਰ ਸੰਕੇਤ ਕੀਤਾ ਹੈ :

ਸੀਂਹ ਪਜੂਤੀ ਬੱਕਰੀ ਮਰਦੀ ਹੋਈ ਖਿੜ ਖਿੜ ਹੱਸੀ ।
ਸੀਂਹ ਪੁਛੈ ਵਿਸਮਾਦ ਹੋਇ ਇਤ ਅਉਸਰ ਕਿਤ ਰਹੱਸ ਰਹੱਸੀ ।
ਬਿਨਉ ਕਰੇਂਦੀ ਬੱਕਰੀ ਪੁੱਤਰ ਅਸਾਡੇ ਕੀਚਨ ਖੱਸੀ ।
ਅੱਕ ਧਤੂਰਾ ਖਾਂਦਿਆਂ ਕਹੁ ਕਹੁ ਖਲ ਉੱਖਲ ਵਿਣੱਸੀ ।
ਮਾਸ ਖਾਣ ਗਲ ਵਢ ਕੇ ਹਾਲ ਤਿਨਾੜਾ ਕਉਣ ਹੋਵੱਸੀ ।
ਗਰਬ ਗਰੀਬੀ ਦੇਹ ਖੇਹ ਖਾਜ ਅਖਾਜ ਅਕਾਜ ਕਰੱਸੀ ।
ਜਗ ਆਇਆ ਸਭ ਕੋਈ ਮਰਸੀ ।

(ਵਾਰ 25, ਪਉੜੀ 17)

ਕਬੀਰ ਜੀ ਦੀ ਬਾਣੀ ਜੋ ਗ੍ਰੰਥ ਸਾਹਿਬ ਵਿਚ ਅੰਕਿਤ ਹੈ ਬਾਰ ਬਾਰ ਤਾੜਨਾ ਕਰਦੀ ਹੈ :

1. ਕਬੀਰ ਜੀਅ ਜੁ ਮਾਰਹਿ ਜੋਰੁ ਕਰ ਕਹਤੇ ਹਹਿ ਜੁ ਹਲਾਲੁ ।
ਦਫਤਰ ਦਈ ਜਬ ਕਾਢਿ ਹੈ ਹੋਇਗਾ ਕਵਨ ਹਵਾਲੁ ।
(ਆਦਿ ਗ੍ਰੰਥ ਪੰ.199)
2. ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲਾਇ ਜਬਾਬੁ ਖਦਾਇ ।
ਦਫਤਰ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ।
(ਆਦਿ ਗ੍ਰੰਥ ਪੰ. 200)

3. ਕਬੀਰ ਖੂਬ ਖਾਨਾ ਖੀਚਰੀ ਜਾ ਮਹਿ ਅੰਮ੍ਰਿਤ ਲੋਨ ।
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ।

(ਆਦਿ ਗ੍ਰੰਥ, ਪੰ. 188)

ਪੰਜਵਾਂ ਜ਼ਰੂਰੀ ਨੁਕਤਾ ਇਹ ਹੈ, ਕਿ ਗੁਰੂ ਸਾਹਿਬਾਨ ਦੁਆਰਾ ਲਿਖੇ ਗਏ ਹੁਕਮਨਾਮਿਆਂ ਵਿਚ ਸਪੱਸ਼ਟ ਤੌਰ ਤੇ ਸੰਗਤ ਨੂੰ ਮਾਸ, ਮੱਛੀ ਤੋਂ ਵਰਜਿਆ ਗਿਆ ਹੈ । ਡਾ: ਗੰਡਾ ਸਿੰਘ ਨੇ ਆਪਣੀ ਪੁਸਤਕ 'ਹੁਕਮਨਾਮੇ' ਵਿਚ ਛੇਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮਨਾਮਿਆਂ ਦੇ ਫ਼ੋਟੋ ਚਿੱਤਰ ਸ਼ਾਮਲ ਕੀਤੇ ਹਨ । ਜਿਨ੍ਹਾਂ ਤੋਂ ਬਿਨਾ ਇਸ ਪੁਸਤਕ ਵਿਚ ਬਾਬਾ ਬੰਦਾ ਬਹਾਦਰ ਦਾ ਇਕ ਹੁਕਮਨਾਮਾ ਵੀ ਸ਼ਾਮਲ ਕੀਤਾ ਗਿਆ ਹੈ । ਇਨ੍ਹਾਂ ਸਭ ਤੱਥਾਂ ਨੂੰ ਗੁਰਬਾਣੀ ਵਿਚ ਪ੍ਰਾਪਤ ਮਾਸ ਵਿਰੋਧੀ ਉਪਦੇਸ਼ ਨਾਲ ਰਲਾ ਕੇ ਵਾਚਿਆ ਜਾਏ ਤਾਂ ਇਸ ਬਾਰੇ ਕੋਈ ਸੰਦੇਹ ਨਹੀਂ ਰਹਿ ਜਾਂਦਾ ਕਿ ਗੁਰੂ-ਘਰ ਵਿਚ ਇਕ ਗੁਰਸਿੱਖ ਨੂੰ, ਜਿਸ ਨੇ ਨਾਮ ਦੀ ਕਮਾਈ ਕਰਨੀ ਹੈ ਅਤੇ ਆਪਣੇ ਅੰਦਰੋਂ ਆਤਮਿਕ ਜੋਤਿ ਨਾਲ ਇਕ ਮਿੱਕ ਹੋਣਾ ਹੈ, ਕਦੇ ਵੀ ਮਾਸ, ਮੱਛੀ, ਆਂਡੇ, ਸ਼ਰਾਬ ਅਤੇ ਦੂਸਰੇ ਨਸ਼ਿਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ । ਅਨੇਕਾਂ ਸੰਤਾਂ, ਮਹਾਤਮਾਂ, ਗੁਰਮੁਖਾਂ ਅਤੇ ਮਹਾਂਪੁਰਖਾਂ ਨੇ ਇਸ ਵਿਚਾਰ ਨਾਲ ਸਹਿਮਤੀ ਪ੍ਰਗਟ ਕੀਤੀ ਹੈ । ਮੁਹਸਨ ਫ਼ਾਨੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਲਿਖੀ ਆਪਣੀ ਪੁਸਤਕ "ਕਬਿਰਸਤਾਨੇ ਮਜ਼ਾਹਿਬ" ਵਿਚ, ਜਿਸ ਨੂੰ ਡਾ: ਗੰਡਾ ਸਿੰਘ ਜੀ ਨੇ ਸੰਪਾਦਤ ਕਰ ਕੇ ਅੰਗਰੇਜ਼ੀ ਵਿਚ ਛਪਵਾਇਆ ਹੈ, ਸਾਫ਼ ਤੌਰ ਤੇ ਲਿਖ ਦਿਤਾ ਹੈ ਕਿ "ਗੁਰੂ ਨਾਨਕ ਦੇ ਘਰ ਵਿਚ ਮਾਸ ਖਾਣਾ ਮਨ੍ਹਾਂ ਹੈ ।" ਇਹ ਉਸ ਵਕਤ ਦਾ ਇਕ ਠੋਸ ਗਰ ਸਬੂਤ ਹੈ ।

ਹਥਲੀ ਪੁਸਤਕ ਵਿਚ ਵਿਸ਼ੇ ਨੂੰ ਇਕ ਤਰਕਮਈ ਵਿਧੀ ਅਨੁਸਾਰ ਤੱਥਾਂ ਅਤੇ ਪ੍ਰਮਾਣਾਂ ਦੀ ਸਹਾਇਤਾ ਨਾਲ ਵਾਚਣ ਦਾ ਜੋ ਸੁਚੱਜਾ ਯਤਨ ਕੀਤਾ ਗਿਆ, ਉਸ ਲਈ ਮੈਂ ਇਸ ਦੇ ਕਰਤਾ ਨੂੰ ਵਧਾਈ ਦਿੰਦਾ ਹਾਂ ।

ਕ੍ਰਿਪਾਲ ਸਿੰਘ ਨਾਰੰਗ
ਸਾਬਕਾ ਵਾਈਸਚਾਂਸਲਰ, ਪੰਜਾਬੀ ਯੂਨੀਵਰਸਿਟੀ,
ਪਟਿਆਲਾ ।

Namdhari Elibrary NamdhariElibrary@gmail.com

# ਮੁੱਢਲੇ ਸ਼ਬਦ

ਸਿਖ ਧਰਮ ਦਾ ਸ਼ਾਸਤ੍ਰੀਯ ਆਧਾਰ ਸ੍ਰੀ ਆਦਿ ਗੁਰੂ ਗਰੰਥ ਦੀ ਬਾਣੀ ਹੈ। ਗੁਰਬਾਣੀ ਅਨੁਸਾਰ ਸਭ ਜੀਵ-ਜੋਨੀਆਂ ਵਿਚ ਮਨੁੱਖਾ ਜੋਨੀ ਸਰਬ ਸਰੇਸ਼ਟ ਤੇ ਸਿਰਮੌਰ ਹੈ।

ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥

ਮਨੁੱਖ ਦੀ ਸਰਦਾਰੀ ਇਸ ਕਰ ਕੇ ਹੈ ਕਿ ਇਸ ਵਿਚ 'ਮਨ' ਦਾ ਅਮਲ ਪਰਮੁਖ ਹੈ। ਮਨ ਦੇ ਇਸ ਪਰਮੁਖ ਅਮਲ ਤੱਕ ਪਹੁੰਚਣ ਲਈ ਜੀਵ ਸ੍ਰਿਸ਼ਟੀ ਨੂੰ ਇਕ ਘੱਟ ਚੁਰਾਸੀ ਲੱਖ ਜੋਨੀਆਂ ਵਿਚੋਂ ਲੰਘਣਾ ਪੈਂਦਾ ਹੈ। ਰਿਸ਼ੀਆਂ ਨੇ ਚੁਰਾਸੀ ਲੱਖ ਜੋਨੀਆਂ ਨੂੰ ਪੰਜ ਹਾਲਤਾਂ ਵਿਚ ਵੰਡ ਕੇ ਬਿਆਨ ਕੀਤਾ ਹੈ। (੧) ਅੰਨਮਯ ਕੋਸ਼, (੨) ਪ੍ਰਾਣਮਯ ਕੋਸ਼, (੩) ਮਨੋਮਯ ਕੋਸ਼, (੪) ਵਿਗਿਆਨਮਯ ਕੋਸ਼, ਅਤੇ (੫) ਆਨੰਦਮਯ ਕੋਸ਼ । ਅੰਨਮਯ ਕੋਸ਼ ਕੇਵਲ ਸਥੂਲ ਸਰੀਰ ਹੈ, ਇਸ ਸੰਬੰਧ ਵਿਚ ਪ੍ਰਾਣਮਯ ਕੋਸ਼ ਦੇ ਵਿਕਸਿਤ ਹੋਣ ਨਾਲ ਇਛਿਆਵਾਂ ਪੈਦਾ ਹੁੰਦੀਆਂ ਹਨ, ਮਨੋਮਯ ਕੋਸ਼ ਵਿਚ ਮਨ ਦਾ ਵਿਕਾਸ ਹੁੰਦਾ ਹੈ ਜਿਸ ਨਾਲ ਬੁੱਧੀ ਦਾ, ਸੋਚ, ਸਮਝ ਤੇ ਕਲਪਨਾ ਸ਼ਕਤੀ ਦਾ ਅਮਲ ਸ਼ੁਰੂ ਹੋ ਜਾਂਦਾ ਹੈ। ਵਿਗਿਆਨਮਯ ਕੋਸ਼ ਦੇ ਵਿਕਾਸ ਨਾਲ ਵਿਵੇਕ ਤੇ ਬੁੱਧੀ ਦਾ



Namdhari Elibrary NamdhariElibrary@gmail.com

ਸੰਜੋਗ ਹੋ ਜਾਂਦਾ ਹੈ ਅਤੇ ਪੰਜਵੀਂ ਹਾਲਤ ਆਨੰਦਮਯ ਕੋਸ਼ ਦੇ ਵਿਕਾਸ ਨਾਲ ਉਨਮਨ ਅਵਸਥਾ ਆ ਜਾਂਦੀ ਹੈ ।

"ਉਨਮਨਿ ਮਨੂਆ ਸੁੰਨਿ ਸਮਾਨਾ
ਦੁਬਿਧਾ ਦੁਰਮਤਿ ਭਾਗੀ ॥
ਕਹੁ ਕਬੀਰ ਅਨਭਉ ਇਕੁ ਦੇਖਿਆ
ਰਾਮ ਨਾਮਿ ਲਿਵ ਲਾਗੀ ॥

ਮਨੁੱਖੀ ਮਨ ਫਿਰ ਦੋ ਤਰ੍ਹਾਂ ਦਾ ਹੈ; ਸ਼ੁੱਧ ਤੇ ਅਸ਼ੁੱਧ । ਕਾਮਨਾਵਾਂ ਤੇ ਭੋਗਾਂ ਦੀਆਂ ਲਾਲਸਾਵਾਂ ਨਾਲ ਭਰਪੂਰ ਮਨ ਅਸ਼ੁੱਧ ਹੈ ਅਤੇ ਕਾਮਨਾਵਾਂ ਤੇ ਲਾਲਸਾਵਾਂ ਤੋਂ ਮੁਕਤ ਮਨ 'ਸ਼ੁੱਧ ਮਨ' ਹੈ । ਅੰਮ੍ਰਿਤ ਬਿੰਦੂ ਉਪਨਿਸ਼ਦ ਵਿਚ ਕਿਹਾ ਗਿਆ ਹੈ :—

ਮਨ ਏਵ ਮਨੁਸ਼ਯਾਣਾ ਕਾਰਣੰ ਬੰਧ ਮੋਖਸ਼ਯੋਹ ॥
ਬੰਧਾਯ ਵਿਸ਼ਯਾ ਸਕਤੰ ਮੁਕਤਯੈ ਨਿਰਵਿਸ਼ਯੰ ਸਮ੍ਰਿਤਮ ॥

ਅਰਥਾਤ, ਮਨ ਮਨੁੱਖਾਂ ਦੇ ਬੰਧਨ ਤੇ ਮੋਖਸ ਦਾ ਕਾਰਨ ਹੈ । ਵਿਸ਼ਿਆਂ ਵੱਲ ਭੱਜਣ ਕਰ ਕੇ ਇਹ ਬੰਧਨ ਵੱਲ ਲੈ ਜਾਂਦਾ ਹੈ ਅਤੇ ਵਿਸ਼ਿਆਂ ਨੂੰ ਛੱਡ ਦੇਣ ਤੇ ਮੁਕਤੀ ਵੱਲ ਲੈ ਜਾਂਦਾ ਹੈ ।

"ਮੁਕਤੀ ਦਾ ਅਰਥ ਹੈ ਅਗਿਆਨ ਵਰਗੇ ਬੰਧਨਾਂ ਤੋਂ ਮੁਕਤੀ । ਮੁਕਤੀ ਓਦੋਂ ਹਾਸਿਲ ਹੁੰਦੀ ਹੈ ਜਦੋਂ ਮਨ ਵਿਲੀਨ ਹੋਵੇ ਜਾਂ ਕੇਂਦਰੀ ਕਮਲ ਨਾਲ ਇਕ ਹੋ ਜਾਵੇ, ਜਦੋਂ ਉਹ ਸੰਕਲਪ ਰਹਿਤ ਜਾਂ ਉਨਮਨੀ ਭਾਵ ਹਾਸਿਲ ਕਰ ਲਵੇ ।"

ਕਬੀਰ ਜੀ ਨੇ ਮਨ ਦੀਆਂ ਇਨ੍ਹਾਂ ਦੋਹਾਂ ਹਾਲਤਾਂ ਬਾਰੇ ਇੰਜ ਕਿਹਾ ਹੈ—

"ਮੇਰੇ ਮਨ ਮਨ ਹੀ ਉਲਟਿ ਸਮਾਨਾ ॥
ਗੁਰ ਪਰਸਾਦਿ ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ ॥

ਅ

Namdhari Elibrary NamdhariElibrary@gmail.com

ਵਿਗਿਆਨ ਤੇ ਆਨੰਦਮਯ ਕੋਸ਼ ਦੀ ਅਵਸਥਾ ਤੋਂ ਉਰੇ ਉਰੇ ਮਨ, ਪ੍ਰਾਣ ਤੇ ਅੰਨਮਯ ਕੋਸ਼ ਦੀਆਂ ਤਿੰਨੋ ਅਵਸਥਾਵਾਂ ਪਸ਼ੂ ਭਾਵੀ ਹਨ। ਚੁਰਾਸੀ ਲੱਖ ਜੋਨੀਆਂ ਵਿਚ ਹੀ ਇਹ ਕਿਸੇ ਨਾ ਕਿਸੇ ਮਾਤਰਾ ਵਿਚ ਮੌਜੂਦ ਰਹਿੰਦੀਆਂ ਹਨ। ਮਨ ਪਰਭਾਵੀ ਮਨੁੱਖ ਵਿਚ ਵੀ ਉਨਾ ਚਿਰ ਇਹ ਤਿੰਨੋਂ ਅਵਸਥਾਵਾਂ ਭਾਰੂ ਰਹਿੰਦੀਆਂ ਹਨ ਜਿੰਨਾ ਚਿਰ ਮਨ ਵਿਗਿਆਨਮਯ ਕੋਸ਼ ਦੇ ਅਧੀਨ ਨਹੀਂ ਹੁੰਦਾ। ਗੁਰਬਾਣੀ ਵਿਚ ਇਸ ਅਵਸਥਾ ਨੂੰ ਮਨਮੁਖਤਾ ਕਿਹਾ ਗਿਆ ਹੈ। ਉਸ ਹਾਲਤ ਵਿਚ ਮਨੁੱਖ ਜਾਂ ਤੇ ਬਾਰ ਬਾਰ ਜੋਨੀਆਂ ਬਦਲਦਾ ਰਹਿੰਦਾ ਹੈ ਜਾਂ ਬਾਰ ਬਾਰ ਮਨੁੱਖ ਜਨਮ ਧਾਰ ਕੇ ਵੀ ਪਸ਼ੂ ਭਾਵ ਵਿਚ ਹੀ ਰਹਿੰਦਾ ਹੈ।

ਇਸ ਹਾਲਤ ਵਿਚੋਂ ਮਨੁੱਖ ਓਦੋਂ ਹੀ ਨਿਕਲਦਾ ਹੈ ਜਦੋਂ ਵਿਗਿਆਨ ਮਯ ਕੋਸ਼ ਦਾ ਵਿਕਾਸ ਜਾਂ ਵਿਵੇਕ ਬੁੱਧ ਨੂੰ ਪਰਮੁਖਤਾ ਮਿਲ ਜਾਂਦੀ ਹੈ।

"ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ
ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥"

ਵਿਵੇਕ ਬੁਧਿ ਦਾ ਅਰਥ ਹੈ ਠੀਕ-ਗ਼ਲਤ ਦੀ ਪਛਾਣ।

"ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥

▪

"ਪੂਜਾ ਤਿਲਕ ਕਰਤ ਇਸਨਾਨਾਂ ॥ ਛੁਰੀ ਕਾਢਿ ਲੇਵੈ ਹਥਿ ਦਾਨਾ ॥
ਬੇਦ ਪੜੈ ਮੁਖਿ ਮੀਠੀ ਬਾਣੀ ॥ ਜੀਆਂ ਕੁਹਤ ਨ ਸੰਗੈ ਪ੍ਰਾਣੀ ॥

▪

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥
ਮੁਲਾਂ ਕਹਹੁ ਨਿਆਉ ਖੁਦਾਈ ॥



Namdhari Elibrary NamdhariElibrary@gmail.com

ਤੇਰੇ ਮਨ ਕਾ ਭਰਮੁ ਨ ਜਾਈ ॥ ਰਹਾਉ ॥
ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ ॥
ਜੋਤਿ ਸਰੂਪਿ ਅਨਾਹਤਿ ਲਾਗੀ ਕਹੁ ਹਲਾਲੁ ਕਿਆ ਕੀਆ ॥

*

ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥
ਪਰਮਾ ਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥

*

ਜੀਵਨ ਮੁਕਤ ਜਗਦੀਸ ਜਪ ਮਨਿ ਧਾਰਿ ਰਿਦ ਪਰਤੀਤਿ ॥
ਜੀਅ ਦਇਆ ਮਾਇਆ ਸਰਬਤ੍ਰ ਰਮਾਣੰ ਪਰਮ ਹੰਸਹ ਰੀਤਿ ॥

ਗੁਰਬਾਣੀ ਦੀਆਂ ਉਪਰੋਕਤ ਤੁਕਾਂ ਵਿਚ ਹਿੰਸਾ-ਅਹਿੰਸਾ, ਜੀਅ ਦਇਆ ਤੇ ਜੀਵ-ਘਾਤ ਬਾਰੇ ਵਿਵੇਕ ਤੇ ਅਵਿਵੇਕ ਦੀ ਗੱਲ ਸਪਸ਼ਟ ਹੋ ਜਾਂਦੀ ਹੈ ।

ਸੰਤ ਨਿਧਾਨ ਸਿੰਘ ਜੀ ਆਲਿਮ ਨੇ ਹਥਲੀ ਪੁਸਤਕ ਵਿਚ ਇਸ ਵਿਸ਼ੇ ਬਾਰੇ ਵਿਸਤ੍ਰਿਤ ਚਰਚਾ ਕੀਤੀ ਹੈ ।

ਇਹ ਇਕ ਸੰਜੋਗ ਦੀ ਹੀ ਗੱਲ ਹੈ ਕਿ ਜਦੋਂ ਇਹ ਪੁਸਤਕ ਲਿਖੀ ਜਾ ਰਹੀ ਸੀ — ਈਸਵੀ ਸੰਨ 1940 ਵਿਚ — ਓਦੋਂ ਮੈਂ ਆਲਿਮ ਜੀ ਦੀ ਸੇਵਾ ਵਿਚ ਸਾਂ । ਮੇਰੇ ਵਡੇ ਭਰਾਤਾ ਸੰਤ ਮੰਗਲ ਸਿੰਘ ਜੀ ਲਾਇਲਪੁਰੀ ਆਲਿਮ ਜੀ ਨੂੰ ਸਾਡੇ ਅੰਮ੍ਰਿਤਸਰ ਵਾਲੇ ਘਰ ਵਿਚ ਲੈ ਆਏ ਸਨ ਤੇ ਆਲਿਮ ਜੀ ਸਾਲ-ਡੇਢ੍ਹ ਸਾਲ ਸਾਡੇ ਨਾਲ ਹੀ ਰਹੇ । ਮੇਰੀ ਉਮਰ ਓਦੋਂ ਤੇਰਾਂ ਕੁ ਸਾਲ ਸੀ । ਆਲਿਮ ਜੀ ਸਾਰਾ ਦਿਨ ਕਿਤਾਬਾਂ ਪੜ੍ਹਦੇ ਤੇ ਲਿਖਦੇ, ਸ਼ਾਮੀ ਦਰਬਾਰ ਸਾਹਿਬ ਜਾਂਦੇ, ਰਾਤੀਂ ਕਿਤੇ ਨਾ ਕਿਤੇ ਦੀਵਾਨ ਲਗਾਉਂਦੇ, ਗਿਆਰਾਂ ਬਾਰਾਂ ਵਜੇ ਦੀਵਾਨ ਤੋਂ ਮੁੜ ਕੇ ਥੋੜ੍ਹਾ ਸੌਂਦੇ ਤੇ ਅੰਮ੍ਰਿਤ ਵੇਲੇ ਤੋਂ ਫਿਰ ਇਸ਼ਨਾਨ-ਪਾਠ ਆਦਿ ਦਾ ਕਾਰਜ ਕ੍ਰਮ ਸ਼ੁਰੂ ਹੋ ਜਾਂਦਾ । ਮੈਂ ਲਗਭਗ ਸਾਰਾ ਸਮਾਂ ਆਪ ਦੀ ਸੇਵਾ ਵਿਚ ਰਹਿੰਦਾ । ਦੀਵਾਨ ਵਿਚ ਜਾਂ ਘਰੋਂ ਬਾਹਰ ਦੀ ਯਾਤਰਾ ਵਿਚ ਆਲਿਮ ਜੀ ਅਨੇਕਾਂ ਪੌਰਾਣਿਕ ਸਾਖੀਆਂ ਸੁਣਾਉਂਦੇ, ਰਾਮਾਯਨ, ਮਹਾਂਭਾਰਤ



Namdhari Elibrary NamdhariElibrary@gmail.com

ਤੇ ਗੁਰਸਿੱਖ ਇਤਿਹਾਸ ਦੇ ਪਰਸੰਗਾਂ ਨਾਲ ਸਰੋਤਿਆਂ ਨੂੰ ਕੀਲੀ ਰਖਦੇ। ਸ਼ਾਇਦ ਇਨ੍ਹਾਂ ਸਾਖੀਆਂ ਤੇ ਪਰਸੰਗਾਂ ਦੇ ਸੁਣਨ ਦਾ ਕੰਨ-ਰਸ ਹੀ ਸੀ — ਜਿਹੜਾ ਮੈਨੂੰ ਕਿਸੇ ਵੀ ਵੇਲੇ ਉਨ੍ਹਾਂ ਤੋਂ ਦੂਰ ਨਹੀਂ ਸੀ ਜਾਣ ਦੇਂਦਾ। ਮੈਂ ਇਕ ਖ਼ਾਮੋਸ਼ ਜਿਗਿਆਸੂ ਵਾਂਗ ਲਾਗੇ ਹੀ ਬੈਠਾ-ਉਠਦਾ ਸਭ ਸੁਣਦਾ ਰਹਿੰਦਾ। ਆਲਿਮ ਜੀ ਨੂੰ ਮਿਲਣ ਲਈ ਅਨੇਕਾਂ ਵਿਦਵਾਨ ਆਉਂਦੇ ਜਾਂ ਆਲਿਮ ਜੀ ਉਨ੍ਹਾਂ ਨੂੰ ਮਿਲਣ ਲਈ ਜਾਂਦੇ — ਮੈਂ ਤਾਂ ਨਾਲ ਹੀ ਹੁੰਦਾ ਸਾਂ !— ਸਾਰੀ ਵਾਰਤਾਲਾਪ ਚੁਪ ਚਾਪ ਸੁਣਦਾ ਰਹਿੰਦਾ।

ਆਲਿਮ ਜੀ ਪੰਜਾਬੀ, ਹਿੰਦੀ, ਉਰਦੂ, ਸੰਸਕ੍ਰਿਤ ਫ਼ਾਰਸੀ ਤੇ ਅੰਗਰੇਜ਼ੀ ਭਾਸ਼ਾਵਾਂ ਦੇ ਚੰਗੇ ਜਾਣਕਾਰ ਸਨ। ਪੌਰਾਣਿਕ ਹਿੰਦੂ, ਇਸਲਾਮਿਕ, ਸਿੱਖ ਤੇ ਈਸਾਈ ਅਧਿਆਤਮਕ ਸਾਹਿਤ ਵਿਚ ਆਪ ਦਾ ਪੂਰਾ ਦਖ਼ਲ ਸੀ ਤੇ ਸਭਨਾਂ ਵਿਚੋਂ ਹੀ ਕਿਸੇ ਉਪਰ ਵੀ ਆਪ ਧਾਰਾ ਪਰਵਾਹ ਲੈਕਚਰ ਦੇ ਸਕਦੇ ਸਨ। ਰਾਜਨੀਤੀ ਵਿਚ ਆਪ ਦੀ ਡੂੰਘੀ ਦਿਲਚਸਪੀ ਸੀ ਤੇ ਆਪ ਰਾਜਨੀਤਕ ਸਟੇਜ ਦੇ ਧਨੀ ਸਨ। ਨਾਮਧਾਰੀ ਸਮਾਜ ਵਿਚੋਂ ਰਾਜਨੀਤੀ ਵਿਚ ਦਿਲਚਸਪੀ ਰੱਖਣ ਵਾਲੇ ਜੁਝਾਰੂਆਂ ਦੇ ਆਪ ਮੋਹਰੀ ਸਨ। ਗਾਂਧੀ ਜੀ ਦੀ ਨਾਮਿਲਵਰਤਨ ਲਹਿਰ ਸਮੇਂ ਆਪ ਬਦੇਸ਼ੀ ਕਪੜਿਆਂ ਦੀ ਹੋਲੀ ਜਲਾਉਂਦੇ, ਸ਼ਰਾਬ ਦੇ ਠੇਕਿਆਂ ਸਾਹਮਣੇ ਪਿਕਟਿੰਗ ਕਰਦੇ ਜੇਲ੍ਹ ਜਾ ਚੁਕੇ ਸਨ। ਕਾਂਗਰਸ ਦੇ ਹਰ ਵਡੇ ਸਮਾਗਮ ਵਿਚ ਆਪ ਦੀ ਸ਼ਮੂਲੀਅਤ ਲਾਜ਼ਮੀ ਹੁੰਦੀ ਸੀ।

ਆਲਿਮ ਜੀ ਇਕ ਵਿਲਖਣ ਤੇ ਬਹੁ-ਪੱਖੀ ਸ਼ਖ਼ਸੀਅਤ ਸਨ। ਇਕ ਬੰਨੇ ਆਪ ਜੇ ਅਧਿਆਤਮ, ਫ਼ਲਸਫ਼ੇ ਤੇ ਰਾਜਨੀਤੀ ਜਿਹੇ ਵਿਸ਼ਿਆਂ ਉਪਰ ਇਕ ਗੰਭੀਰ ਵਿਚਾਰਕ ਦੇ ਰੂਪ ਵਿਚ ਪ੍ਰਤਿਸ਼ਠਿਤ ਸਨ ਤਾਂ ਦੂਸਰੇ ਬੰਨੇ ਦੀਵਾਨ ਵਿਚ ਆਪਣੇ ਹੱਥੀਂ ਖੜਤਾਲਾਂ ਵਜਾਉਂਦੇ ਨਿਰਤ ਕਰਦੇ ਹੋਏ ਬਿੰਦਰਾਬਨ ਦੀ ਰਾਸ ਲੀਲ੍ਹਾ ਦਾ ਨਜ਼ਾਰਾ ਬੰਨ੍ਹ ਦੇਂਦੇ। ਕਈ ਵਾਰੀ ਇੰਜ ਹੁੰਦਾ ਜਦੋਂ ਹਜ਼ਾਰਾਂ ਦਰਸ਼ਕ ਉਠ ਕੇ ਆਪਣੇ ਹੱਥਾਂ ਦੀਆਂ ਮੁੱਠਾਂ ਸਿਰ ਉਪਰ ਜੋੜ ਕੇ ਆਲਿਮ ਜੀ ਦੇ ਕਦਮਾਂ ਦੇ ਤਾਲ ਨਾਲ ਤਾਲ ਤੇ ਸੁਰ ਨਾਲ ਸੁਰ ਮਿਲਾਉਂਦੇ ਗਾਉਣ ਲਗ ਜਾਂਦੇ — "ਲੈ ਲਓ ਦੁੱਧ ਦਹੀਂ, ਲੈ ਲਓ ਦੁੱਧ ਦਹੀਂ।"



Namdhari Elibrary NamdhariElibrary@gmail.com

ਆਲਿਮ ਜੀ ਸਰੀਰੋਂ ਕਾਫ਼ੀ ਭਾਰੇ ਸਨ, ਪਰ ਜਦੋਂ ਉਹ ਢੋਲਕੀ ਦੀ ਥਾਪ ਨਾਲ ਖੜਤਾਲਾਂ ਦੀਆਂ ਘੁੰਗਰੀਆਂ ਝੁਣਕਾਰਦੇ ਹੋਏ ਤੀਰ ਵਾਂਗ ਦੀਵਾਨ 'ਚੋਂ ਨਿਕਲ ਦੂਰ ਚਲੇ ਜਾਂਦੇ ਤੇ ਇਕ ਹੱਥ ਕੰਨਾਂ ਉਪਰ ਰੱਖ ਕੇ ਦੂਜੀ ਬਾਂਹ ਅਗਾਂਹ ਵਧਾ ਕੇ ਸ਼ਬਦ ਦੀ ਟੇਕ ਦੋਹਰਾ ਕੇ ਨਿਰਤ ਕਰਦੇ ਖੜਤਾਲਾਂ ਵਜਾਉਂਦੇ ਝੂਮਦੇ ਹੋਏ ਦੀਵਾਨ ਵਿਚ ਪਰਤਦੇ ਤਾਂ ਉਹ ਹਰ ਕਿਸੇ ਨੂੰ ਗੋਪੀ ਵੱਲਭ ਹੀ ਲਗਦੇ ।

ਇਸ ਬਹੁਰੰਗੀ ਸ਼ਖ਼ਸੀਅਤ ਦੇ ਸਤਿਸੰਗ ਵਿਚ ਰਹਿਣ ਦਾ ਸੁਭਾਗ ਨਿਸਚੇ ਹੀ ਮੇਰੇ ਜਿਹੇ ਉਸ ਉਮਰ ਦੇ ਕਿਸ਼ੋਰ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਸੀ ।

ਆਲਿਮ ਜੀ ਨੂੰ ਨੇੜਿਉਂ ਤਕਣ ਨਾਲ ਇਕ ਸੰਘਰਸ਼ਸ਼ੀਲ ਸ਼ਖ਼ਸੀਅਤ ਦੇ ਦਰਸ਼ਨ ਹੁੰਦੇ ਸਨ । ਪਰਵਾਰ ਸੀ, ਸਿੱਖ ਸੇਵਕਾਂ ਦਾ ਜਥਾ ਸੀ — ਪਰ ਆਮਦਨ ਦਾ ਕੋਈ ਪੱਕਾ ਸਰੋਤ ਨਹੀਂ ਸੀ । ਰੋਜ਼ਾਨਾ ਦੀਵਾਨ ਦੇ ਹੀ ਢਾਈ ਜਾਂ ਪੰਜ ਰੁਪਏ ਸਾਰਿਆਂ ਦੇ ਭਰਣ-ਪੋਸ਼ਣ ਦਾ ਆਧਾਰ ਸਨ । ਜਿਨ੍ਹਾਂ ਦਿਨਾਂ ਵਿਚ ਦੀਵਾਨ ਨਾ ਲਗਦਾ, ਉਨ੍ਹਾਂ ਦਿਨਾਂ ਵਿਚ ਕਈ ਵਾਰੀ ਸਾਰਾ ਚੁੱਲ੍ਹਾ-ਚੌਂਕਾ ਹੀ ਸੁੰਗੜ ਜਿਹਾ ਜਾਂਦਾ । ਫਿਰ ਵੀ ਆਪ ਮਸਤੀ ਵਿਚ ਰਹਿੰਦੇ ਅਣਥੱਕ ਰੂਪ ਵਿਚ ਕੰਮ ਕਰਦੇ ।

ਉਨ੍ਹਾਂ ਸੰਘਰਸ਼ਮਈ ਦਿਨਾਂ ਵਿਚ ਇਹ ਪੁਸਤਕ 'ਸਿੱਖ ਧਰਮ ਤੇ ਮਾਸ' ਜਦੋਂ ਲਿਖੀ ਜਾ ਕੇ ਸੰਪੂਰਨ ਹੋ ਗਈ ਤਾਂ ਛਾਪਣ ਦੀ ਸਮੱਸਿਆ ਸਾਹਮਣੇ ਸੀ । ਕਿਸ ਤਰ੍ਹਾਂ ਕਈ ਸਿੱਖ ਸੇਵਕਾਂ ਦੀ ਥੋੜ੍ਹੀ ਥੋੜ੍ਹੀ ਮਾਇਆ ਨਾਲ ਇਹ ਪੁਸਤਕ ਪਹਿਲੀ ਵਾਰੀ ਛਪੀ ਸੀ — ਉਸ ਹਾਲਤ ਦਾ ਅੰਦਾਜ਼ਾ ਲਗਾ ਕੇ ਉਸ ਬਾਲ ਵਰੇਸ ਵਿਚ ਵੀ ਮੈਂ ਅਸਚਰਜ ਵਿਚ ਪੈ ਜਾਂਦਾ ਸਾਂ ।

ਆਲਿਮ ਜੀ ਨੇ ਇਸ ਪੁਸਤਕ ਤੋਂ ਅਲਾਵਾ ਸਿੱਖ ਜਗਤ ਨੂੰ ਕਈ ਕੀਮਤੀ ਪੁਸਤਕਾਂ ਹੋਰ ਦਿਤੀਆਂ ਸਨ — ਜਿਨ੍ਹਾਂ ਵਿਚੋਂ 'ਨਾਮਧਾਰੀ ਇਤਿਹਾਸ', 'ਜੁਗ ਪਲਟਾਊ ਸਤਿਗੁਰੂ' ਅਤੇ 'ਗੁਰੂ ਪਦ ਪ੍ਰਕਾਸ਼' ਖ਼ਾਸ ਵਰਨਣ ਯੋਗ ਹਨ । ਇਸ



Namdhari Elibrary NamdhariElibrary@gmail.com

ਤੋਂ ਬਿਨਾਂ ਇਸ ਸਦੀ ਦੇ ਤੀਜੇ ਦਹਾਕੇ ਵਿਚ ਆਪ ਲਾਹੌਰ ਤੋਂ ਉਰਦੂ ਦੇ ਰੋਜ਼ਾਨਾ ਅਖ਼ਬਾਰ 'ਕੂਕਾ' ਦਾ ਸੰਪਾਦਨ ਕਰਦੇ ਰਹੇ ਤੇ ਆਜ਼ਾਦੀ ਤੋਂ ਬਾਅਦ ਲੁਧਿਆਣੇ ਤੋਂ ਹਿੰਦੀ ਤੇ ਪੰਜਾਬੀ ਵਿਚ ਰੋਜ਼ਾਨਾ 'ਜੈ ਭਾਰਤ' ਦਾ ।

'ਸਿੱਖ ਧਰਮ ਤੇ ਮਾਸ' ਨਾਮ ਦੀ ਇਹ ਪੁਸਤਕ ਤਰਤਾਲੀ ਸਾਲ ਪਹਿਲਾਂ ਜੋ ਮੇਰੀਆਂ ਬਾਲ ਅੱਖਾਂ ਦੇ ਸਾਹਮਣੇ ਲਿਖੀ ਗਈ ਸੀ — ਅੱਜ ਉਸੇ ਪੁਸਤਕ ਦੇ ਮੁੱਢਲੇ ਸ਼ਬਦ ਲਿਖਦਿਆਂ ਹੋਇਆਂ ਇਕ ਅਨੋਖਾ ਅਨੰਦ ਮਹਿਸੂਸ ਕਰ ਰਿਹਾ ਹਾਂ । ਸੋਚਦਾ ਹਾਂ — ਇਹ ਲਿਖਣ-ਦਾਤ ਬਹੁਤ ਹੱਦ ਤੱਕ ਆਲਿਮ ਜੀ ਦੀ ਹੀ ਦਿਤੀ ਹੋਈ ਹੈ ।

— ਅਮਰ ਭਾਰਤੀ,
ਦਿੱਲੀ : 11 ਅਪਰੈਲ, 1984



Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਪ੍ਰਮਾਣ ਅੰਕਿਤ ਪੁਸਤਕਾਂ

ਸ੍ਰੀ ਆਦਿ ਗ੍ਰੰਥ ਸਾਹਿਬ ਅਤੇ ਸ੍ਰੀ ਗ੍ਰੰਥ ਸਾਹਿਬ ਦਸਮ ਤੋਂ ਬਿਨਾਂ ਜਿਨ੍ਹਾਂ ਗੁਰਮਤਿ ਅਤੇ ਅਨਮਤਾਂ ਦੀਆਂ ਪੁਸਤਕਾਂ ਵਿਚੋਂ ਇਸ ਪੁਸਤਕ ਦੇ ਲਿਖਣ ਵਿਚ ਪ੍ਰਮਾਣ ਅੰਕਿਤ ਸਹਾਇਤਾ ਲਈ ਗਈ ਹੈ, ਉਨ੍ਹਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ :

(੩) ਵਾਰਾਂ ਭਾਈ ਗੁਰਦਾਸ, (੪) ਨਾਨਕ ਪ੍ਰਕਾਸ਼, (੫) ਸੂਰਜ ਪ੍ਰਕਾਸ਼, (੬) ਜਨਮ ਸਾਖੀ ਭਾਈ ਬਾਲਾ (੭) ਗੁਰਬਿਲਾਸ ਪਾਤਸ਼ਾਹੀ ੬ (੮) ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ, (੯) ਤਵਾਰੀਖ ਗੁਰੂ ਖ਼ਾਲਸਾ ਗਿਆਨੀ ਗਿਆਨ ਸਿੰਘ ਜੀ, (੧੦) ਸ੍ਰੀ ਗੁਰੂ ਨਾਨਕ ਪ੍ਰਬੋਧ ਗਿ: ਦਿਤ ਸਿੰਘ ਜੀ, (੧੧) ਗੁ: ਬਿਲਾਸ ਭਾਈ ਸੁਖਾ ਸਿੰਘ ਜੀ, (੧੨) ਯੁਜਰ ਵੇਦ, (੧੩) ਅਥਰਵ ਵੇਦ, (੧੪) ਸ੍ਰੀ ਮਦ ਭਗਵਤ ਗੀਤਾ, (੧੫) ਅਤ੍ਰੀ ਸਿਮ੍ਰਤੀ (੧੬) ਮਨੂੰ ਸਿਮ੍ਰਤੀ, (੧੭) ਮਹਾਂਭਾਰਤ (੧੮) ਨਾਰਦ ਭਗਤੀ ਸੂਤਰ, (੧੯) ਸੱਤਯਾਰਥ ਪ੍ਰਕਾਸ਼, (੨੦) ਹਿੰਦੂ ਧਰਮ ਰਹੱਸ ਸਵਾਮੀ ਅਚਲ ਰਾਮ ਜੀ, (੨੧) ਮਹਾਤਮਾ ਬੁੱਧ (ਗੁਰਾਂ ਦਿਤਾ ਖੰਨਾ) (੨੨) ਸ੍ਰੀ ਆਤਮਾਰਾਮ ਸ਼ਤਾਬਦੀ ਗ੍ਰੰਥ (ਜੈਨ ਧਰਮ) (੨੩) ਮੌਜ਼ਜ਼ਾਇ ਮੁਹੰਮਦੀ (ਉਰਦੂ) (੨੪) ਵਿਸ਼ਵਬਾਣੀ ਇਲਾਹਾਬਾਦ ਮਈ ੧੯੪੧, (੨੫) ਗੁਲਿਸਤਾਂ (ਸ਼ੇਖ਼ ਸਾਅਦੀ) (੨੬) ਅੰਜੀਲ (ਮਤੀ ਦੀ) (੨੭) ਰੂਮ ਦੀ ਪੱਤਰੀ, (੨੮) ਈਸਾਈਆਂ ਦੇ ਦਸ ਹੁਕਮ, (੨੯) ਗੌਸ਼ਤਖੋਰੀ (ਦੇਵ ਸਮਾਜ ਬੁਕ ਡਿਪੋ ਲਾਹੌਰ) (੩੦) ਫ਼ਸਟ ਸਟੇਜ ਹਾਈਜੈਨ (ਅੰਗਰੇਜ਼ੀ) (੩੧) ਰੈਸ਼ਨੇਲ ਆਫ਼ ਵੈਜੀਟੇਰੀਅਨਿਜ਼ਮ (ਅੰਗਰੇਜ਼ੀ) (੩੨) ਨੈਚਰਲ ਐਂਡ ਹਯੂਮਨ ਡਾਈਟ (੩੩) ਦੀ ਕਰੂਐਲਟੀਜ਼ ਆਫ਼ ਦੀ ਫ਼ਲੈਸ਼ ਟਰੈਫ਼ਿਕ, (ਅੰ:) (੩੪) ਇਜ਼ ਫ਼ਲੈਸ਼ ਈਟਿੰਗ ਮਾਰੈਲੀ ਡੀਫੈਂਸਿਬਲ ? (ਅੰ:) (੩੫) ਰਸਾਲਾ — "ਹੈਲਥ ਐਂਡ ਹੈਪੀਨੈਸ ਅਕਤੂਬਰ ੧੯੨੦ (੩੬) ਅਖ਼ਬਾਰ ਹੈਰਲਡ ਆਫ਼ ਦੀ ਗੋਲਡਨ ਏਜ ਜਨਵਰੀ ੧੯੦੫ ।

Namdhari Elibrary NamdhariElibrary@gmail.com

ਇਨ੍ਹਾਂ ਵਿਚੋਂ ਜੋ ਪੁਸਤਕਾਂ ਜਿਨ੍ਹਾਂ ਸਜਣਾਂ ਪਾਸੋਂ ਪ੍ਰਾਪਤ ਹੋਈਆਂ ਹਨ, ਉਨ੍ਹਾਂ ਦਾ ਮੈਂ ਹਾਰਦਿਕ ਧੰਨਵਾਦ ਕਰਦਾ ਹਾਂ, ਅਤੇ ਇਨ੍ਹਾਂ ਪੁਸਤਕਾਂ ਦੇ ਜੀਵਿਤ ਅਥਵਾ ਪ੍ਰਲੋਕ ਵਾਸੀ ਮੁਸੱਨਫ਼ਾਂ ਦਾ ਮੈਂ ਕ੍ਰਿਤੱਗਯ ਹਾਂ।

ਅੰਮ੍ਰਿਤਸਰ
੧ ਹਾੜ ੧੯੯੮ ਨਿਧਾਨ ਸਿੰਘ 'ਆਲਿਮ'

Namdhari Elibrary NamdhariElibrary@gmail.com

# ਵਿਸ਼ੈ ਸੂਚਨਾ

## (ਹਿੱਸਾ ੧)


| ਪ੍ਰਕਰਣ | ਪੰਨਾ |
|---|---|
| ੧. ਜਾਨਵਰਾਂ ਦੀ ਅਪੀਲ | ੯ |
| ੨. ਗੁਰੂ ਨਾਨਕ ਮਿਸ਼ਨ ਤ ਮਾਸ | ੧੫ |
| ੩. ਸੂਤਾ ਪ੍ਰਮਾਣ ਬਾਣੀ ਤੇ ਮਾਸ | ੨੦ |
| ੪. ਇਤਿਹਾਸਕ ਪ੍ਰਮਾਣ | ੨੭ |
| (ੳ) ਪ੍ਰੋਹਤ ਨੂੰ ਉਪਦੇਸ਼ | ੨੭ |
| (ਅ) ਦੇਵਲੂਤ ਨੂੰ ਉਪਦੇਸ਼ | ੨੮ |
| (ੲ) ਰਾਜਾ ਸ਼ਿਵਨਾਭ | ੩੦ |
| (ਸ) ਮਾਸ ਖਾਣ ਦਾ ਫਲ | ੩੧ |
| (ਹ) ਮੱਕੇ ਵਿਚ ਉਪਦੇਸ਼ | ੩੨ |
| (ਕ) ਮਾਸ ਖਾਣ ਨਾਲ ਖੁਆਰੀ | ੩੨ |
| (ਖ) ਸ਼ੀਹੇਂ ਉੱਪਲ ਨੂੰ ਉਪਦੇਸ਼ | ੩੪ |
| (ਗ) ਛੇਵੇਂ ਪਾਤਸ਼ਾਹ ਅਤੇ ਤਿਲੋਕਾ | ੩੬ |
| ੫. ਸ਼ੰਕਾ ਸਮਾਧਾਨ | ੩੮ |
| (ੳ) ਕੁਰਖੇਤ੍ਰ ਕਥਾ | ੪੦ |
| (ਅ) ਗੁਰੂ ਅੰਗਦ ਜੀ ਤੇ ਮਾਸ | ੪੫ |
| ਲੰਗਰ ਦੇ ਪਦਾਰਥ | ੪੬ |
| (ੲ) ਸਿੰਘ ਰੁਚੈ ਸਦ ਭੋਜਨ ਮਾਸ | ੫੦ |
| (ਸ) ਮਾਸ ਪਵਿੱਤਰ ਗ੍ਰਿਸਤ ਨੌਂ | ੫੨ |
| (ਹ) ਅੰਮ੍ਰਿਤ ਸੰਸਕਾਰ ਸਮੇਂ ਬੱਕਰੇ | ੫੪ |
| (ਕ) ਕੁਠੇ ਦੀ ਥਾਂ ਝਟਕਾ | ੫੬ |
| (ਖ) ਮਹਾਂਪਰਸ਼ਾਦ ਦਾ ਸੰਕੇਤ | ੫੯ |
| (ਗ) ਮਾਸ ਅਤੇ ਬੀਰਤਾ | ੬੧ |
| ਸਿੱਖ ਰਾਜ ਦੀ ਸਥਾਪਨਾ | ੬੬ |
| ਭਾਰਤ ਦੇ ਪ੍ਰਾਚੀਨ ਸੂਰਬੀਰ | ੭੦ |


Namdhari Elibrary NamdhariElibrary@gmail.com

(ਘ) ਸ਼ਿਕਾਰ ਅਤੇ ਮਾਸ ੭੪
(ਙ) ਮਾਛੀਵਾੜਾ ਅਤੇ ਮਾਸ ੭੯
(ਚ) ਬੰਦਾ ਬਹਾਦਰ ਅਤੇ ਬੱਕਰੇ ੮੧
(ਛ) ਜੇਤੇ ਦਾਣੇ ਅੰਨ ਕੇ ੮੩

## (ਹਿੱਸਾ ੨)

੧. ਵੈਦਿਕ ਧਰਮ ੮੭
(ੳ) ਵੇਦ ੮੭
(ਅ) ਗੀਤਾ ੮੮
(ੲ) ਅਤਰੀ ਮੁਨੀ ੮੯
(ਸ) ਮਨੂੰ ਸਿਮ੍ਰਿਤੀ ੯੦
(ਹ) ਮਹਾਂਭਾਰਤ ੯੧
(ਕ) ਇਕ ਕਵੀ ਤੇ ਭਿਕਸ਼ੂ ੯੧
(ਖ) ਨਾਰਦ ਭਗਤੀ ਸੂਤਰ ੯੨
(ਗ) ਸੱਤਯਾਰਥ ਪ੍ਰਕਾਸ਼ ੯੨
੨. ਅਵੈਦਿਕ ਧਰਮ ੯੪
(ੳ) ਬੁਧ ਧਰਮ ੯੪
(ਅ) ਜੈਨ ਧਰਮ ੯੭
(ੲ) ਦੇਵ ਸਮਾਜ ੯੯
(ਸ) ਈਸਾਈ ਧਰਮ ੧੦੦
(ਹ) ਇਸਲਾਮ ਧਰਮ ੧੦੧
੧. ਕੁਰਬਾਨੀ ੧੦੨
੨. ਹਰਨੀ ਦੀ ਸਾਖੀ ੧੦੩
੩. ਡਾ: ਮਹਿਦੀ ਹੁਸੈਨ ੧੦੮
ਜਗਤ ਪ੍ਰਸਿਧ ਡਾਕਟਰਾਂ ਤੇ ਵਿਦਵਾਨਾਂ ਦੇ ਫੈਸਲੇ ੧੧੨
ਪੈਰਸ ਕਮਿਸ਼ਨ ੧੧੫
ਆਰਥਕ ਦ੍ਰਿਸ਼ਟੀਕੋਣ ੧੧੭
ਦਇਆ ਦ੍ਰਿਸ਼ਟੀਕੋਣ ੧੧੯
ਆਂਡੇ ਖਾਣ ਦਾ ਪਾਪ ੧੨੨
ਜਗਤ ਪ੍ਰਸਿੱਧ ਹਸਤੀਆਂ

Namdhari Elibrary NamdhariElibrary@gmail.com

ੴ

# ਪਹਿਲਾ ਹਿੱਸਾ

## ੧—ਜਾਨਵਰਾਂ ਦੀ ਅਪੀਲ

ਐ ਸਰਬ ਸ਼ਰੋਮਣੀ ਨਸਲ ਹੋਣ ਦੇ ਦਾਵੇਦਾਰ ਮਨੁੱਖ ! ਅਸੀਂ ਇਕ ਅਪੀਲ ਲੈਕੇ ਤੇਰੇ ਦਰਬਾਰ ਵਿਚ ਹਾਜ਼ਰ ਹੋਏ ਹਾਂ । ਤੈਨੂੰ ਦੁਨੀਆਂ ਤੇ ਰੱਬ ਦਾ ਕਾਇਮ ਮੁਕਾਮ ਸਮਝਿਆ ਜਾਂਦਾ ਹੈ, ਜਿਸ ਕਰਕੇ ਅਸਾਂ ਤੇਰੀ ਸੇਵਾ ਵਿਚ ਬੇਨਤੀ ਤੇ ਪੁਕਾਰ ਕਰਨ ਦੀ ਦਲੇਰੀ ਕੀਤੀ ਹੈ । ਸਾਡੀ ਪੁਕਾਰ ਤੇਰੇ ਦਰਬਾਰ ਵਿਚ ਕਿਸੇ ਦੂਜੇ ਦੇ ਵਿਰੁਧ ਨਹੀਂ, ਬਲਕਿ ਤੇਰੇ ਦਰਬਾਰ ਵਿਚ ਤੇਰੇ ਜ਼ੁਲਮ ਦੇ ਵਿਰੁਧ ਹੀ ਅਪੀਲ ਹੈ । ਤੈਨੂੰ ਸਿਰਜਣਹਾਰ ਨੇ ਉਹ ਬਲ ਤੇ ਸਮਝ ਬਖ਼ਸ਼ੀ ਹੈ, ਜਿਸ ਤੋਂ ਹੋਰ ਸਮੂਹ ਨਸਲਾਂ ਵਾਂਝੀਆਂ ਹਨ, ਪਰੰਤੂ ਅਫ਼ਸੋਸ ਨਾਲ ਕਹਿਣਾ ਪੈਂਦਾ ਏ, ਕਿ ਤੂੰ ਇਸ ਬਖ਼ਸ਼ਿਸ਼ ਦਾ ਨਾਜਾਇਜ਼ ਫ਼ਾਇਦਾ ਉਠਾ ਰਿਹਾ ਹੈਂ । ਤੈਨੂੰ ਚਾਹੀਦਾ ਸੀ ਕਿ ਇਸ ਬੁਧੀ ਬਲ ਨਾਲ ਤੂੰ ਇਹ ਸੋਚਦਾ ਕਿ ਪਰਮੇਸ਼ਰ ਦੀ ਗ਼ਰੀਬ ਰਚਨਾ ਦੀ ਉੱਨਤੀ ਦੇ ਕੀ ਸਾਧਨ ਹਨ ? ਗ਼ਰੀਬ ਜਾਨਵਰਾਂ ਨੂੰ, ਸਬਜ਼ੀਖੋਰ ਪਸ਼ੂਆਂ ਨੂੰ, ਜੋ ਕਿਸੇ ਦਾ ਵੀ ਕੁਝ ਵਿਗਾੜਦੇ ਨਹੀਂ, ਮਾਸਖੋਰ ਜਾਨਵਰਾਂ ਤੋਂ ਕਿਵੇਂ ਬਚਾਇਆ ਜਾਵੇ ? ਪਰੰਤੂ ਅਸੀਂ ਤੇਰੇ ਬੁਧੀ ਬਲ ਦੀ ਗ਼ਲਤ ਵਰਤੋਂ 'ਤੇ ਹਦੋਂ ਵਧ ਹੈਰਾਨ ਤੇ ਪ੍ਰੇਸ਼ਾਨ ਹਾਂ, ਕਿ ਤੂੰ ਹੋਰਨਾਂ ਦਰਿੰਦਿਆਂ ਪਾਸੋਂ ਸਾਡੀ ਰੱਖਿਆ ਕਰਨ ਦੀ ਥਾਂ, ਆਪ ਹੀ ਦਰਿੰਦਾ ਬਣ ਕੇ ਸਾਨੂੰ ਖਾਣ ਲਗ ਪਿਆ ਹੈਂ । ਤੂੰ ਆਪ ਹੀ ਦੱਸ ? ਜੇ ਖੇਤ ਦਾ ਰਾਖਾ ਆਪ ਹੀ ਖੇਤ ਉਜਾੜਨ ਲਗ ਪਵੇ, ਤਾਂ ਖੇਤ ਕਦ ਤਕ ਬਚ ਸਕਦਾ ਹੈ । ਹਜ਼ਰਤ ! ਜਿਵੇਂ ਤੈਨੂੰ ਆਪਣੇ ਬੱਚੇ ਪਿਆਰੇ ਹਨ, ਤਿਵੇਂ ਅਸੀਂ ਵੀ ਆਪਣਿਆਂ ਬੱਚਿਆਂ ਨੂੰ

Namdhari Elibrary NamdhariElibrary@gmail.com

ਵੇਖ ਵੇਖ ਜੀਉਂਦੇ ਹਾਂ। ਜਿਵੇਂ ਤੇਰੇ ਬੱਚਿਆਂ ਨੂੰ ਕੋਈ ਮਾਰੇ, ਵੱਢੇ, ਤੇ ਤੂੰ ਰੋਂਦਾ ਕੁਰਲਾਂਦਾ ਬੱਸ ਨਹੀਂ ਕਰਦਾ, ਤਿਵੇਂ ਹੀ ਅਸੀਂ ਵੀ ਤੇਰੇ ਹੱਥੋਂ ਆਪਣੇ ਬੱਚਿਆਂ ਦਾ ਘਾਤ ਹੁੰਦਾ ਵੇਖ ਕੇ ਕੁਰਲਾਂਦੇ ਹਾਂ। ਜਿਵੇਂ ਤੂੰ ਆਪਣੇ ਬੱਚਿਆਂ ਦੇ ਕਤਲ ਦਾ ਬਦਲਾ ਲੈਣ ਵਾਸਤੇ ਅਦਾਲਤ ਦਾ ਬੂਹਾ ਖੜਕਾਂਦਾ ਹੈਂ, ਤਿਵੇਂ ਹੀ ਅਸੀਂ ਵੀ ਆਪਣੇ ਬੱਚਿਆਂ ਦਾ ਬਦਲਾ ਲੈਣ ਵਾਸਤੇ ਸਚੀ ਅਦਾਲਤ (ਅਕਾਲ ਪੁਰਖ) ਦੇ ਸਾਹਮਣੇ ਪੁਕਾਰ ਕਰਦੇ ਹਾਂ। ਅਸੀਂ ਤੈਨੂੰ ਸਚ ਆਖਦੇ ਹਾਂ ਕਿ ਸਾਡੇ ਬੱਚਿਆਂ ਦੇ ਮਾਸ ਦੀ ਬੋਟੀ ਬੋਟੀ ਦਾ ਹਿਸਾਬ ਤੈਨੂੰ ਦੇਣਾ ਪਵੇਗਾ। ਇਹ ਕਿਧਰ ਦੀ ਸਿਆਣਪ ਹੈ ਕਿ ਹੋਰਨਾਂ ਦੇ ਘਰ ਉਜਾੜਕੇ ਆਪਣਾ ਵਸਾਇਆ ਜਾਵੇ ? ਇਹ ਕਿਧਰ ਦਾ ਨਿਆਂ ਹੈ ਕਿ ਹੋਰਨਾਂ ਦੇ ਘਰ ਮਾਤਮ ਪੈਦਾ ਕਰਕੇ ਆਪਣੇ ਘਰ ਜਸ਼ਨ ਮਨਾਇਆ ਜਾਵੇ ? ਕੇਡੇ ਅਸਚਰਜ ਦੀ ਗੱਲ ਹੈ ਕਿ ਆਪਣੇ ਪੈਰ ਵਿਚ ਕੰਡਾ ਵੀ ਚੁਭੇ ਤਾਂ ਅਸਮਾਨ ਸਿਰ 'ਤੇ ਚੁਕ ਲੈਂਦਾ ਹੈਂ, ਪਰ ਸਾਡੇ ਬੱਚਿਆਂ ਦੀਆਂ ਗਰਦਨਾਂ ਕਟ ਕਟ, ਪੇਟ ਪਾੜ ਪਾੜ ਤੇ ਖੱਲਾਂ ਲਾਹ ਲਾਹ ਕੇ ਵੀ ਤੈਨੂੰ ਤਰਸ ਨਹੀਂ ਆਉਂਦਾ ? ਅਸਾਂ ਤਾਂ ਸੁਣਿਆ ਸੀ ਕਿ ਖੁਦਾ ਨੇ ਤੈਨੂੰ ਫ਼ਰਿਸ਼ਤਾ ਬਣਾਇਆ ਹੈ, ਗੁਰੂ ਨੇ ਤੈਨੂੰ ਦੇਵਤਾ ਬਣਾਇਆ ਏ, ਪਰ ਕੀ ਦੇਵਤਿਆਂ ਦਾ ਏਹੀ ਧਰਮ ਹੈ, ਕਿ ਪਰਾਏ ਢਿਡ ਪਾੜ ਪਾੜ ਆਪਣਾ ਪੇਟ ਭਰਨ। ਉਇ ਦਰਦਮੰਦ ਦਿਲ ਰਖਣ ਦੀਆਂ ਟਾਹਰਾਂ ਮਾਰਨ ਵਾਲਿਆ ਇਨਸਾਨਾਂ! ਕਿਥੇ ਹੁੰਦਾ ਏ ਤੇਰਾ ਦਰਦ, ਜਦ ਤੂੰ ਬੇਗੁਨਾਹਾਂ ਦੀ ਗਰਦਨ ਤੇ ਛੁਰੀ ਫੇਰਨ ਵਾਸਤੇ ਕਸਾਈ ਦਾ ਰੂਪ ਧਾਰਨਾਂ ਏਂ ? ਤੇਰਾ ਮਨ ਮੰਦਰ ਤਾਂ ਖੁਦਾਈ ਇਬਾਦਤਖਾਨਾਂ ਬਣਾਇਆ ਗਿਆ ਸੀ, ਪਰ ਤੂੰ ਉਸ ਨੂੰ ਮੁਰਦਾਖਾਨਾਂ ਬਣਾ ਕੇ ਆਪਣੀ ਅਕਲ ਦਾ ਅਜੀਬ ਸਬੂਤ ਪੇਸ਼ ਕਰ ਰਿਹਾ ਏਂ। ਕੀ ਤੂੰ ਜਾਣਦਾ ਨਹੀਂ ਕਿ ਹਰ ਇਕ ਨੂੰ ਆਪਣੀ ਜਾਨ ਪਿਆਰੀ ਹੈ ? ਪਰ ਤੂੰ ਜਦ ਜੀਊਣ ਦੀ ਚਾਹ ਰਖਣ ਵਾਲੇ ਗ਼ਰੀਬ ਤੇ ਵੈਸ਼ਨਵ ਜੀਵਾਂ ਨੂੰ ਆਪਣੀ ਫਾਹੀ ਵਿਚ ਫਸਾ ਕੇ ਆਪਣੇ ਸੁਆਦ ਦੀ ਖ਼ਾਤਰ ਕਤਲ ਕਰਨ ਲਗਦਾ ਹੈਂ ਤਾਂ ਤੈਨੂੰ ਇਹ ਖ਼ਿਆਲ ਕਿਉਂ ਨਹੀਂ ਆਉਂਦਾ ਕਿ ਜੇ ਕੋਈ ਜਾਬਰ ਤੈਨੂੰ ਕਤਲ ਕਰਨ ਵਾਸਤੇ ਤੇਰੇ ਸਿਰ ਤੇ ਖੜਾ ਹੋਵੇ ਤਾਂ ਤੇਰੇ ਦਿਲ ਦੀ ਕੀ ਹਾਲਤ ਹੋਵੇਗੀ ? ਕਈ ਵਾਰ ਅਸਾਂ ਤੈਨੂੰ ਇਹ ਆਖਦਿਆਂ ਸੁਣਿਆ ਹੈ ਕਿ ਜੇ ਮੈਂ ਇਨ੍ਹਾਂ ਜਾਨਵਰਾਂ ਨੂੰ ਮਾਰ ਮਾਰ ਤੇ ਖਾ ਖਾ ਕੇ ਨਾ ਮੁਕਾਵਾਂ ਤਾਂ ਸਾਰੀ ਧਰਤੀ ਨੂੰ ਏਹੋ ਹੀ ਮਲ ਲੈਣ। ਪਰ ਕੀ ਤੂੰ ਦਸ ਸਕਦਾ ਏਂ ਕਿ ਇਹ ਧਰਤੀ ਸਿਰਫ਼ ਮਨੁੱਖ ਵਾਸਤੇ ਹੀ ਰਚੀ ਗਈ ਹੈ, ਕਿ

Namdhari Elibrary NamdhariElibrary@gmail.com

ਪਰਮੇਸ਼ਰ ਦੇ ਹੋਰ ਵੀ ਅਸੰਖਾਂ ਜੀਵਾਂ ਦਾ ਇਸ ਤੇ ਹੱਕ ਹੈ ? ਜੇ ਹੋਰ ਵੀ ਸਮੂਹ ਨਸਲਾਂ ਦਾ ਇਸ ਪ੍ਰਿਥਵੀ ਤੇ ਅਧਿਕਾਰ ਹੈ, ਤਾਂ ਤੇਰਾ ਕੀ ਹੱਕ ਹੈ ਕਿ ਹੋਰਨਾਂ ਨੂੰ ਕਤਲ ਕਰ ਕਰ ਆਪ ਹੀ ਸਾਰੇ ਬ੍ਰਹਿਮੰਡ ਤੇ ਕਬਜ਼ਾ ਕਰ ਲਵੇਂ । ਤੂੰ ਜੰਗਲ ਕਟ ਕਟ ਕੇ ਸਾਡੇ ਸ਼ਹਿਰ ਵੈਰਾਨ ਕੀਤੇ । ਬਿਰਖ ਕਟ ਕਟ ਕੇ ਹਜ਼ਾਰਾਂ ਤੇ ਲੱਖਾਂ ਪੰਛੀਆਂ ਨੂੰ ਘਰੋਂ ਬੇਘਰ ਕੀਤਾ, ਪਰ ਅਜੇ ਵੀ ਤੇਰੀ ਤ੍ਰਿਸ਼ਨਾਂ ਦੀ ਅਗਨੀ ਸ਼ਾਂਤ ਹੋਣ ਵਿਚ ਨਹੀਂ ਆਉਂਦੀ । ਅੱਕ ਕੇ ਤੇ ਹਾਰ ਕੇ ਅਸਾਂ ਆਪਣੇ ਗਲਾਂ ਵਿਚ ਤੇਰੇ ਰੱਸੇ ਪਵਾ ਲਏ, ਪੈਰਾਂ ਵਿਚ ਪੈਂਖੜ ਤੇ ਜ਼ੰਜੀਰ ਪਵਾ ਕੇ ਤੇਰੇ ਕੈਦੀ ਹੋ ਗਏ । ਆਪਣੇ ਬੱਚਿਆਂ ਵਾਸਤੇ ਜਮ੍ਹਾਂ ਕੀਤਾ ਹੋਇਆ ਦੁੱਧ ਤੇਰੇ ਬੱਚਿਆਂ ਨੂੰ ਦੇਣਾ ਪ੍ਰਵਾਨ ਕੀਤਾ । ਆਪਣੇ ਬਦਨ ਦੇ ਵਾਲ ਮੁਨਾ ਮੁਨਾ ਕੇ ਤੇਰੇ ਓਢਣ ਵਾਸਤੇ ਕੰਬਲੀਆਂ ਤਿਆਰ ਕੀਤੀਆਂ, ਭਾਰ ਢੋਣੇ ਪ੍ਰਵਾਨ ਕੀਤੇ । ਘਾਹ ਤੇ ਖੱਲ ਖਾ ਖਾ ਕੇ ਤੈਨੂੰ ਅੰਮ੍ਰਿਤ ਰੂਪ ਦੁੱਧ ਦੇਣ ਤੋਂ ਵੀ ਦਰੇਗ ਨਾ ਕੀਤਾ, ਪਰ ਐ ਸੁਆਰਥ ਦੇ ਪੁਤਲੇ ਇਨਸਾਨ ! ਏਸ ਸਭ ਕਾਸੇ ਦਾ ਬਦਲਾ ਤੇਰੇ ਦਰ ਤੋਂ ਏਸ ਤੋਂ ਵਧ ਮਿਲਣ ਦੀ ਆਸ ਨਹੀਂ ਰਹੀ ਕਿ ਤੂੰ ਸਾਨੂੰ ਸ਼ਰਨਾਗਤਾਂ ਨੂੰ ਕਤਲ ਕਰ ਕਰ ਕੇ ਸਾਡੇ ਮਾਸ ਦਾ ਕਬਾਬ ਬਣਾ ਕੇ ਮਸਾਲੇ ਲਾ ਲਾ ਕੇ ਮਹਿਫਲਾਂ ਵਿਚ ਖਾਵੇਂ ।

ਐ ਸੁਆਰਥੀ ਬੰਦੇ ! ਅਸਾਂ ਤੈਨੂੰ ਇਹ ਵੀ ਆਖਦਿਆਂ ਸੁਣਿਆ ਹੈ ਕਿ ਝਟਕਾ ਕਰਨ ਜਾਂ ਜ਼ਿਬਹ ਕਰਨ ਨਾਲ ਜਾਨਵਰ ਸਿਧੇ ਬਹਿਸ਼ਤਾਂ ਨੂੰ ਜਾਣਗੇ । ਪਰ ਅਸੀਂ ਪੁਛਦੇ ਹਾਂ ਕਿ ਜੇ ਬਹਿਸ਼ਤ ਅਸੈਂਬਲੀ ਦੀਆਂ ਸੀਟਾਂ ਤੇ ਅਸਾਂ ਜਾਨਵਰਾਂ ਨੇ ਹੀ ਕਬਜ਼ਾ ਕਰ ਲਿਆ ਤਾਂ ਤੇਰੇ ਪ੍ਰਵਾਰ ਦੇ ਬੰਦੇ ਕਿਥੇ ਜਾਣਗੇ ? ਕੀ ਤੂੰ ਨਹੀਂ ਚਾਹੁੰਦਾ ਕਿ ਤੇਰਾ ਪ੍ਰਵਾਰ ਵੀ ਬਹਿਸ਼ਤਾਂ ਦੀਆਂ ਕੁਰਸੀਆਂ ਤੇ ਸੁਭਾਇਮਾਨ ਹੋਵੇ ? ਜੇ ਚਾਹੁੰਦਾ ਹੈਂ, ਤਾਂ ਕਿਉਂ ਨਹੀਂ ਉਨ੍ਹਾਂ ਨੂੰ ਵੀ ਝਟਕੇ ਜਾਂ ਹਲਾਲ ਦਾ ਬਹਿਸ਼ਤੀ ਸਰਟੀਫ਼ਿਕੇਟ ਦੇ ਕੇ ਓਧਰ ਨੂੰ ਤੋਰਦਾ ? ਤੇ ਕਿਉਂ ਨਹੀਂ ਆਪ ਵੀ ਕਿਸੇ ਦੂਜੇ ਤੋਂ ਟਿਕਟ ਖ਼ਰੀਦ ਕੇ ਓਧਰ ਨੂੰ ਕਮਰ ਕਸੇ ਲਾਉਂਦਾ ? ਕੀ ਤੂੰ ਓਦੋਂ ਹੀ ਚਾਲੇ ਪਾਵੇਂਗਾ ਜਦ ਬਹਿਸ਼ਤ ਅਸੈਂਬਲੀ ਵਿਚ ਪੈਰ ਧਰਨ ਨੂੰ ਵੀ ਥਾਂ ਨਹੀਂ ਰਹੇਗੀ ਫੇਰ ਕੀ ਤੇਰਾ ਮਨਸ਼ਾ ਦੋਜ਼ਖ਼ ਚੈਂਬਰ ਦੀ ਹੀ ਖਾਨਾਪੂਰੀ ਕਰਨ ਦਾ ਹੈ ? ਸਜਣਾ, ਤੈਨੂੰ ਆਪਣੀ ਏਸ ਅਖੌਤ ਉਤੇ ਅਮਲ ਕਰਨਾ ਚਾਹੀਦਾ ਹੈ ਕਿ "ਅਵਲ ਖੇਸ਼ਾਂ ਬਾਦ ਦਰਵੇਸ਼ਾਂ ।"

ਕਈ ਵਾਰ ਅਸਾਂ ਆਪ ਨੂੰ ਇਹ ਕਹਿੰਦਿਆਂ ਵੀ ਸੁਣਿਆ ਹੈ ਕਿ ਮਾਸ

Namdhari Elibrary NamdhariElibrary@gmail.com

ਖਾਣ ਨਾਲ ਬੀਰਤਾ ਪੈਦਾ ਹੁੰਦੀ ਏ। ਅਸੀਂ ਇਸ ਦੇ ਉੱਤਰ ਵਿਚ ਕਹਿਣਾ ਚਾਹੁੰਦੇ ਹਾਂ ਕਿ ਇਹ ਖ਼ਿਆਲ ਨਿਰਾ ਢਕੌਂਸਲਾ ਹੈ। ਕਿਉਂਕਿ ਜਿਸ ਵੇਲੇ ਤੂੰ ਮਾਸ ਤਿਆਰ ਕਰਨ ਵਾਸਤੇ ਜਾਨਵਰ ਨੂੰ ਪਕੜਨਾ ਚਾਹੁੰਦਾ ਹੈਂ, ਤਾਂ ਉਹ ਆਪਣੀ ਜਾਨ ਬਚਾਣ ਦੀ ਖ਼ਾਤਰ ਨਸਣ ਭਜਣ ਦੀ ਕੋਸ਼ਿਸ਼ ਕਰਦਾ ਹੈ। ਉਸ ਦੇ ਅੰਦਰ ਉਸ ਵੇਲੇ ਡਰ ਤੇ ਸਹਿਮ ਪੈਦਾ ਹੁੰਦਾ ਹੈ, ਜਿਸ ਕਰਕੇ ਉਸ ਵਿਚ ਕਾਇਰਤਾ ਦੇ ਪਰਮਾਣੂ ਉਪਜਦੇ ਹਨ। ਤਾਂ ਤੂੰ ਆਪ ਹੀ ਦਸ ਕਿ ਡਰੂ ਕਮਜ਼ੋਰ ਅਤੇ ਕਾਇਰ ਪਸ਼ੂ ਦਾ ਮਾਸ ਖਾਣ ਨਾਲ ਤੇਰੇ ਅੰਦਰ ਕਾਇਰਤਾ ਆਵੇਗੀ ਕਿ ਬੀਰਤਾ ? ਵਿਗਿਆਨ ਦੀ ਕੋਈ ਥੀਊਰੀ ਵੀ ਏਸ ਗੱਲ ਦੀ ਹਮਾਇਤ ਨਹੀਂ ਕਰ ਸਕਦੀ ਕਿ ਕਾਇਰ ਤੇ ਡਰੂ ਜਾਨਵਰ ਦਾ ਮਾਸ ਖਾਣ ਵਾਲੇ ਦੇ ਹਿਰਦੇ ਵਿਚ ਬੀਰਤਾ ਦੇ ਪਰਮਾਣੂ ਪੈਦਾ ਹੋਣਗੇ, ਅਤੇ ਕੋਈ ਥੀਊਰੀ ਇਸ ਗੱਲ ਦਾ ਖੰਡਨ ਕਰਨ ਦੀ ਸਮਰਥਾ ਨਹੀਂ ਰਖਦੀ ਕਿ ਕਾਇਰ ਪਸ਼ੂ ਦਾ ਮਾਸ ਖਾਣ ਵਾਲੇ ਮਨੁੱਖ ਦੇ ਅੰਦਰ ਕਾਇਰਤਾ ਹੀ ਪੈਦਾ ਹੋ ਸਕਦੀ ਹੈ। ਤਾਂ ਐ ਬੀਰਤਾ ਦੇ ਚਾਹਵਾਨ ਮਨੁੱਖ ! ਸਾਡਾ ਮਾਸ ਖਾਣ ਨਾਲ ਤੂੰ ਕਦੇ ਵੀ ਬੀਰ ਨਹੀਂ ਬਣ ਸਕਦਾ। ਏਸ ਲਈ ਜੇ ਤੂੰ ਬੀਰ ਬਣਨਾ ਚਾਹੁੰਦਾ ਹੈਂ ਤਾਂ ਮਾਸ ਖਾਣਾ ਛਡ ਦੇ, ਮਾਸ ਖਾਣ ਨਾਲ ਤੂੰ ਕਾਇਰ ਬਣ ਸਕੇਂਗਾ, ਪਰ ਬੀਰ ਬਣਨਾ ਅਸੰਭਵ ਹੈ। ਤੇਰੇ ਹੱਥਾਂ ਨਾਲ ਲਿਖੇ ਹੋਏ ਇਤਿਹਾਸ ਏਸ ਗੱਲ ਦੇ ਗਵਾਹ ਹਨ ਕਿ ਦੁਨੀਆਂ ਦੇ ਉਹ ਸੂਰਬੀਰ, ਜਿਨ੍ਹਾਂ ਦੀ ਮਿਸਾਲ ਅੱਜ ਢੂੰਡਿਆਂ ਵੀ ਨਹੀਂ ਲੱਭਦੀ ਮਾਸ ਨਹੀਂ ਸਨ ਖਾਂਦੇ। ਸ੍ਰੀ ਰਾਮ ਚੰਦਰ ਜੀ ਮਹਾਰਾਜ, ਲਛਮਣ ਬੀਰ, ਹਨੂੰਮਾਨ ਅਤੇ ਉਨ੍ਹਾਂ ਦੇ ਹੋਰ ਸਹਿਚਾਰੀ ਮਾਸ ਨਹੀਂ ਖਾਂਦੇ ਸਨ ਪਰ ਉਨ੍ਹਾਂ ਦੀ ਬੀਰਤਾ ਦੇ ਵਾਕਿਆਤ ਰਾਮਾਇਣ ਵਿਚ ਭਰੇ ਪਏ ਹਨ। ਸ੍ਰੀ ਕ੍ਰਿਸ਼ਨ ਭਗਵਾਨ ਤੇ ਬਲਦੇਵ ਮਾਸ ਦੇ ਲਾਗੇ ਨਹੀਂ ਸਨ ਛੋਂਹਦੇ ਪਰ ਜਿਸ ਬੀਰਤਾ ਨਾਲ ਉਨ੍ਹਾਂ ਨੇ ਕੰਸ ਤੇ ਕੇਸੀ ਆਦਿਕਾਂ ਨੂੰ ਪਛਾੜਿਆ, ਚੰਡੂਰਮੁਸ਼ਟਕ ਤੇ ਕੁਵਲੀਯਾ ਪੀੜ [ਹਾਥੀ] ਦੀ ਖਬਰ ਲਈ ਉਹ ਆਪਣੀ ਮਿਸਾਲ ਆਪ ਹੀ ਹੈ। ਭੀਮ ਸੈਨ ਅਤੇ ਅਰਜਨ ਦੀ ਬੀਰਤਾ ਤੋਂ ਕੌਣ ਨਾਵਾਕਫ਼ ਹੈ, ਮਾਸ ਨਹੀਂ ਸਨ ਖਾਂਦੇ। ਭੀਸ਼ਮ ਪਿਤਾਮਾ ਜੈਸੇ ਮਹਾਂਭਾਰਤ ਦੇ ਜਰਨੈਲ ਯੋਧੇ ਮਾਸ ਦੇ ਨੇੜੇ ਨਹੀਂ ਸਨ ਜਾਂਦੇ ਪਰ ਉਨ੍ਹਾਂ ਦੇ ਬਲ ਅਤੇ ਪ੍ਰਾਕਰਮ ਅਗੇ ਭਗਵਾਨ ਕ੍ਰਿਸ਼ਨ ਨੇ ਵੀ ਆਪਣੀ ਪ੍ਰਤਿਗਿਆ ਤੋੜ ਦਿਤੀ। ਬੰਦਾ ਬੈਰਾਗੀ ਵੈਸ਼ਨਵ ਸੀ, ਮਾਸ ਨੂੰ ਛੋਂਹਦਾ ਤਕ ਨਹੀਂ ਸੀ, ਪਰ ਉਸ ਦੀ ਬੀਰਤਾ ਦੇ ਜੌਹਰ ਇਤਿਹਾਸ ਦਾ ਸ਼ਿੰਗਾਰ ਹਨ।

Namdhari Elibrary NamdhariElibrary@gmail.com

ਤਾਂ ਤੇ ਆਲੀ ਜਾਹਾ ! ਏਹ ਤੈਨੂੰ ਵਹਿਮ ਹੋ ਗਿਆ ਹੈ, ਤੇ ਜਾਂ ਤੂੰ ਸੁਆਰਥ ਬਦਲੇ ਇਹ ਢਕੌਂਸਲਾ ਬਣਾ ਲਿਆ ਹੈ, ਕਿ ਮਾਸ ਖਾਣ ਨਾਲ ਬੀਰਤਾ ਉਤਪੰਨ ਹੁੰਦੀ ਹੈ। ਹਜ਼ਰਤ ! ਆਪ ਤਾਂ ਸਾਰੀਆਂ ਨਸਲਾਂ ਦੇ ਪਾਤਸ਼ਾਹ ਹੋ, ਅਸੀਂ ਅਦਨੇ ਜਾਨਵਰ ਹੋ ਕੇ ਵੀ ਆਪਣਾ ਧਰਮ ਨਹੀਂ ਛਡਦੇ। ਅਸੀਂ ਬਕਰੀਆਂ, ਭੇਡਾਂ, ਗਊਆਂ, ਘੋੜੇ, ਖੋਤੇ, ਘੁਗੀਆਂ, ਬਟੇਰੇ ਆਦਿ ਜਿੰਨੇ ਜਾਨਵਰ ਸਬਜੀਖੋਰ ਹਾਂ, ਕਦੇ ਮਾਸ ਨੂੰ ਮੂੰਹ ਤਕ ਨਹੀਂ ਲਾਂਦੇ, ਭਾਵੇਂ ਭੁਖੇ ਮਰ ਜਾਈਏ। ਇਹ ਸਾਡਾ ਧਰਮ ਹੈ, ਨੇਮ ਹੈ ਅਤੇ ਸੁਭਾ ਹੈ, ਪਰੰਤੂ ਆਪ ਸਭ ਨਸਲਾਂ ਦੇ ਸ਼੍ਰੋਮਣੀ ਹੁੰਦੇ ਹੋਏ ਆਪਣੀ ਖ਼ੁਰਾਕ ਸਬਜ਼ੀ ਨਾਲ ਤ੍ਰਿਪਤ ਨਾ ਹੋ ਕੇ ਮਾਸ ਖਾਂਦੇ ਹੋਏ ਆਪਣੇ ਮਾਨਵੀ ਧਰਮ ਤੋਂ ਗਿਰ ਰਹੇ ਹੋ। ਤੁਸੀਂ ਦੇਖੋ ਮਾਸ ਖੋਰ ਜਾਨਵਰਾਂ ਵਾਂਗ ਤੁਹਾਨੂੰ ਕੁਦਰਤ ਦੇ ਕਾਰਖ਼ਾਨੇ ਵਿਚੋਂ ਕੁੱਤਿਆਂ, ਬਘਿਆੜਾਂ ਤੇ ਚਿਤ੍ਰਿਆਂ ਵਰਗੇ ਤੇਜ਼ ਦੰਦ ਨਹੀਂ ਮਿਲੇ, ਬਿਲਿਆਂ ਤੇ ਸ਼ੇਰਾਂ ਜੈਸੀਆਂ ਤਿੱਖੀਆਂ ਨੁਕੀਲੀਆਂ ਤੇ ਮਜ਼ਬੂਤ ਨਹੁੰਦਰਾਂ ਵੀ ਪ੍ਰਾਪਤ ਨਹੀਂ ਹੋਈਆਂ, ਜੋ ਖਾਰਜੀ ਸਾਧਨਾਂ ਤੋਂ ਬਿਨਾਂ ਹੀ ਤੁਸੀਂ ਜਾਨਵਰਾਂ ਨੂੰ ਮਾਰ ਸਕੋ, ਉਨ੍ਹਾਂ ਦੀਆਂ ਖੱਲਾਂ ਲਾਹ ਸਕੋ ਤੇ ਮਾਸ ਚੀਰ ਪਾੜ ਸਕੋ। ਨਾ ਹੀ ਆਪ ਨੂੰ ਇੱਲ੍ਹਾਂ ਤੇ ਗਿਰਝਾਂ ਜੈਸੀਆਂ ਲੰਮੀਆਂ ਲੰਮੀਆਂ ਤੇ ਤਿਖੀਆਂ ਨੋਕਦਾਰ ਚੁੰਝਾਂ ਦੀ ਬਖ਼ਸ਼ਿਸ਼ ਹੋਈ ਹੈ, ਜਿਨ੍ਹਾਂ ਨਾਲ ਮਾਸ ਨੋਚ ਸਕੋ ਤੇ ਹੱਡੀਆਂ ਖੁਰਚ ਸਕੋ। ਫੇਰ ਤੁਸੀਂ ਕਿਉਂ ਕੁਦਰਤੀ ਅਸੂਲਾਂ ਦੇ ਵਿਰੁਧ ਬਗ਼ਾਵਤ ਕਰਦੇ ਹੋ ? ਅਸੀਂ ਸਾਰੇ ਸਬਜ਼ੀਖੋਰ ਜਾਨਵਰ ਇਨਸਾਨੀਅਤ ਦੇ ਨਾਮ ਤੇ, ਨਿਆਂ ਦੇ ਨਾਂ ਤੇ, ਧਰਮ ਦੇ ਨਾਮ ਤੇ ਅਕਲ ਦੇ ਨਾਮ ਤੇ, ਰਹਿਮ ਦੇ ਨਾਮ ਤੇ ਅਤੇ ਸਰਬ ਸ਼੍ਰੋਮਣੀਪੁਣੇ ਦੇ ਨਾਮ ਤੇ ਆਪ ਦੇ ਪਾਸ ਅਪੀਲ ਕਰਦੇ ਹਾਂ ਕਿ ਹੁਣ ਮੋੜ ਪਾਓ, ਤੇ ਬੇਗੁਨਾਹ ਜਾਨਵਰਾਂ ਨੂੰ ਅਭੈ ਦਾਨ ਦੇਂਦੇ ਹੋਏ ਆਪਣੇ ਧਰਮ ਦੀ ਪਾਲਨਾ ਕਰੋ। ਮਨੁੱਖ ਤੋਂ ਦਰਿੰਦੇ ਬਣਨਾ ਛਡੋ, ਤੇ ਦੇਵਤੇ ਬਣਨ ਦੀ ਕੋਸ਼ਿਸ਼ ਕਰੋ। ਅਸੀਂ ਆਸ ਕਰਦੇ ਹਾਂ ਕਿ ਸਾਡੀ ਅਪੀਲ ਪ੍ਰਵਾਨ ਹੋਸੀ, ਵਰਨਾ ਇਹ ਮਾਮਲਾ ਸੁਪਰੀਮ ਕੋਰਟ (ਰਬ ਦੀ ਕਚਹਿਰੀ) ਵਿਚ ਚਲਾ ਗਿਆ ਤਾਂ ਲੈਣੀਆਂ ਦੀਆਂ ਦੇਣੀਆਂ ਪੈ ਜਾਣਗੀਆਂ।

ਅਸੀਂ ਹਾਂ ਆਪ ਜੀ ਦੀ ਜ਼ਾਤ ਤੋਂ ਰਹਿਮ ਦੀ ਆਸ ਰਖਣ ਵਾਲੇ ਗ਼ਰੀਬ ਤੇ ਨਿਮਾਣੇ ਸਬਜ਼ੀਖੋਰ ਜਾਨਵਰ—

ਮੁਰਗੇ, ਮੁਰਗੀਆਂ, ਭੇਡਾਂ, ਬਕਰੀਆਂ, ਦੁੰਬੇ, ਗਊਆਂ, ਮਿਰਗ, ਸਹੇ, ਕਬੂਤਰ, ਬਟੇਰੇ, ਘੁਗੀਆਂ ਤੇ ਤਿਲੀਅਰ ਆਦਿ।

Namdhari Elibrary NamdhariElibrary@gmail.com

# *ਪੰਛੀਆਂ ਦੀ ਅਪੀਲ

ਅਸੀਂ ਗ਼ਰੀਬ ਨਿਮਾਣੇ ਪੰਛੀ, ਮੂੰਹੋਂ ਬੋਲ ਨ ਸਕੀਏ ।
ਐ ਇਨਸਾਨ ਰਹਿਮ ਤੇਰੇ ਵਲ, ਕਦ ਦੇ ਬਿਟ ਬਿਟ ਤਕੀਏ ।
ਰੰਗਬਰੰਗੀ ਪਹਿਨ ਪੁਸ਼ਾਕਾਂ, ਦੁਨੀਆਂ ਅਸੀਂ ਸਜਾਈਏ ।
ਵੰਨਸੁਵੰਨੇ ਮਿਠੇ ਮਿਠੇ, ਗੀਤ ਖ਼ੁਸ਼ੀ ਦੇ ਗਾਈਏ ।
ਖਾਈਏ ਪੀਈਏ ਰੱਬ ਦਾ ਦਿਤਾ, ਖਿਦਮਤ ਤੇਰੀ ਕਰੀਏ ।
ਹੈ ਕੇਡੀ ਏਹ ਬੇ-ਇਨਸਾਫ਼ੀ, ਤੇਰੇ ਹੱਥੋਂ ਮਰੀਏ ।
ਕਦੀ ਅਸਾਡੀਆਂ ਉਡਦੀਆਂ ਡਾਰਾਂ, ਗੋਲੀ ਮਾਰ ਉਡਾਵੇਂ ।
ਕਦੀ ਕਲੋਲ ਕਰਦਿਆਂ ਸਾਨੂੰ, ਟਾਹਣੀ ਤੋਂ ਪਟਕਾਵੇਂ ।
ਬੱਚੇ ਕਦੀ ਮਸੂਮ ਅਸਾਡੇ, ਚੋਗਾ ਲੈਂਦੇ ਲੈਂਦੇ ।
ਹੋ ਕੇ ਜ਼ੁਲਮ ਨਿਸ਼ਾਨਾ ਤੇਰਾ, ਕਦਮਾਂ ਤੇ ਢਹਿ ਪੈਂਦੇ ।
ਕਈ ਅਸਾਡੀਆਂ ਵਸਦੀਆਂ ਕੌਮਾਂ, ਉਜੜ ਪੁਜੜ ਗਈਆਂ ।
ਕਈ ਅਸਾਡੀਆਂ ਸੋਹਣੀਆਂ ਨਸਲਾਂ, ਅਸਲੋਂ ਹੀ ਮਿਟ ਗਈਆਂ ।
ਬੁਲਬੁਲ ਰੋ ਰੋ ਫਾਵੀ ਹੋਈ, ਕੋਇਲ ਰੋ ਰੋ ਕਾਲੀ ।
ਅਜ ਤਕ ਕਿਸੇ ਨ ਦਰਦਾਂ ਵਾਲੇ, ਸਾਡੀ ਸੁਰਤ ਸੰਭਾਲੀ ।
ਕਦੋਂ ਤੀਕ ਸਾਡੇ ਸਿਸਕਣ ਨੂੰ, ਵੇਖ ਵੇਖ ਖ਼ੁਸ਼ ਹੋਸੇਂ ।
ਲਹੂ ਸਾਡੇ ਤੋਂ ਭਰੀਆਂ ਉਂਗਲਾਂ, ਕਦੋਂ ਤੀਕ ਨਾ ਧੋਸੇਂ ।
ਜਿਸ ਰੱਬ ਨੂੰ ਸਭਨਾਂ ਵਿਚ ਦਸੇਂ, ਸਾਡੇ ਵਿਚ ਵੀ ਵੱਸੇ ।
ਸਾਨੂੰ ਜਦ ਫੜ ਫੜ ਕੇ ਕੋਹੇਂ, ਅਕਲ ਤੇਰੀ ਤੇ ਹੱਸੇ ।
ਕਦੀ ਸੋਚਿਆ ਈ ਦਿਲ ਤੇਰਾ, ਕਿਸ ਲਈ ਚੈਨ ਨ ਪਾਵੇ ।
ਤੇਰੀ ਬੇਇਨਸਾਫ਼ੀ ਤੇਰੇ ਮੁੜ ਮੁੜ ਅਗੇ ਆਵੇ ।

* ਵੇਖੋ ਪ੍ਰੀਤਲੜੀ ਰਸਾਲਾ ਅਪਰੈਲ ਉੱਨੀ ਸੌ ਅਠੱਤੀ ਦਾ ਪੰਨਾ ਤੀਹ । ਇਹ ਨਜ਼ਮ ਸ: ਰਘਬੀਰ ਸਿੰਘ ਜੀ 'ਬੀਰ' ਵਲੋਂ ਪ੍ਰਕਾਸ਼ਿਤ ਹੋਈ ਸੀ । ਸਮੂਹ ਜਾਨਵਰਾਂ ਦੀ ਅਪੀਲ ਨਾਲ ਸੰਬੰਧਤ ਹੋਣ ਕਰਕੇ ਪਾਠਕਾਂ ਦੀ ਭੇਟਾ ਹੈ ।

Namdhari Elibrary NamdhariElibrary@gmail.com

# ੨— ਗੁਰੂ ਨਾਨਕ ਮਿਸ਼ਨ ਤੇ ਮਾਸ

ਸਭ ਤੋਂ ਪਹਿਲੋਂ ਇਸ ਗਲ 'ਤੇ ਵਿਚਾਰ ਕਰਨਾ ਜ਼ਰੂਰੀ ਭਾਸਦਾ ਹੈ, ਕਿ ਸ੍ਰੀ ਗੁਰੂ ਨਾਨਕ ਦੇਵ ਦੇ ਅਵਤਾਰ ਧਾਰਨ ਦਾ ਕਾਰਨ ਸਾਡੇ ਵਿਚਾਰਣੀਯ ਵਿਸ਼ੇ 'ਤੇ ਕੀ ਚਾਨਣਾ ਪਾਉਂਦਾ ਹੈ ? ਗੁਰਬਾਣੀ, ਵਾਰਾਂ ਭਾਈ ਗੁਰਦਾਸ, ਅਤੇ ਸਿਖ ਇਤਿਹਾਸ ਨੂੰ ਵਾਚਣ ਤੋਂ ਸਾਫ਼ ਪਤਾ ਲਗ ਜਾਂਦਾ ਹੈ, ਕਿ ਮਾਸ ਖਾਣਾ ਉਨ੍ਹਾਂ ਬੁਰਾਈਆਂ ਵਿਚੋਂ ਇਕ ਖ਼ਾਸ ਬੁਰਾਈ ਸੀ, ਜਿਨ੍ਹਾਂ ਨੂੰ ਦੂਰ ਕਰਨ ਦਾ ਮਿਸ਼ਨ ਲੈ ਕੇ ਗੁਰੂ ਸਾਹਿਬ ਨੂੰ ਜਗਤ ਜਲੰਦੇ ਵਿਖੇ ਪ੍ਰਗਟ ਹੋਣ ਦੀ ਲੋੜ ਪਈ ਸੀ। ਦੀਨ ਦਿਆਲ ਜੀ ਨੇ ਖੋਲ੍ਹ ਕੇ ਦਸਿਆ ਹੈ ਕਿ — "ਕਲਿਜੁਗ ਦੇ ਲੋਕ ਕੁੱਤਿਆਂ ਵਰਗਾ ਮੂੰਹ ਰਖਦੇ ਹਨ, ਜਿਨ੍ਹਾਂ ਦਾ ਖਾਜਾ ਮੁਰਦਾਰ ਹੋ ਰਿਹਾ ਹੈ। ਕੁੱਤੇ ਦਾ ਕੰਮ ਹੈ ਮੁਰਦਾਰ ਖਾਣ ਸਮੇਂ ਹੋਰ ਕੁੱਤਿਆਂ ਨੂੰ ਭੌਂਕਣਾ ਤੇ ਵੱਢਣ ਪੈਣਾ। ਇਹੀ ਹਾਲ ਕਲਜੁਗੀ ਮਨੁੱਖਾਂ ਦਾ ਹੋ ਰਿਹਾ ਹੈ, ਕਿ ਬਿਗਾਨਾ ਹੱਕ ਹਜ਼ਮ ਕਰਨ ਲਈ ਆਪਸ ਵਿਚ ਇਕ ਦੂਜੇ ਨਾਲ ਲੜਦੇ ਅਤੇ ਕੂੜ ਬੋਲ ਬੋਲ ਭੌਂਕਦੇ ਹਨ। ਧਰਮ ਦਾ ਵਿਚਾਰ ਦੂਰ ਹੋ ਗਿਆ ਹੈ। ਜਿਊਂਦਿਆਂ ਦੀ ਪੱਤ ਨਹੀਂ ਰਹੀ, ਤੇ ਮੋਇਆਂ ਪਿਛੋਂ ਅਪਜਸ ਹੁੰਦਾ ਹੈ। ਰੰਨਾਂ ਉਪਦੇਸ਼ ਕਰਨ ਲੱਗ ਪਈਆਂ ਹਨ, ਤੇ ਪੁਰਖ ਸ਼ਿਕਾਰ ਖੇਡਣ ਵਿਚ ਪ੍ਰਵਿਰਤ ਹੋ ਗਏ ਹਨ। ਸੀਲ ਸੰਜਮ ਤੇ ਸੁਚ ਨੂੰ ਭੰਨ ਛਡਿਆ ਨੇ, ਤੇ ਖਾਣ ਲਈ ਉਹ ਖਾਜਾ ਚੁਗਿਆ ਨੇ ਜਿਸ ਦੇ ਖਾਣ ਦਾ ਕੋਈ ਹੱਜ ਨਹੀਂ ਹੈ। ਲੱਜਿਆ ਆਪਣੇ ਘਰ ਨੂੰ ਚਾਲੇ ਪਾ ਗਈ ਹੈ, ਅਤੇ ਪੱਤ ਨੇ ਵੀ ਨਾਲ ਹੀ ਬੋਰੀਆ ਬਿਸਤਰਾ ਗੋਲ ਕਰ ਲਿਆ ਹੈ। ਸਬੂਤ ਵਾਸਤੇ ਵੇਖੋ ਸਾਰੰਗ ਦੀ ਵਾਰ ਪਉੜੀ ੧੪ ਦਾ ਸਲੋਕ ਪਹਿਲਾ ਤੇ ਦੂਜਾ :—

ਸਲੋਕ ਮਹਲਾ ੧॥

"ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥
ਕੂੜ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ ॥

Namdhari Elibrary NamdhariElibrary@gmail.com

ਜਿਨ ਜੀਵੰਦਿਆਂ ਪਤਿ ਨਹੀਂ ਮੁਇਆ ਮੰਦੀ ਸੋਇ ॥
ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਸੋਇ ॥੧॥ ਮਹਲਾ ॥੧॥
ਰੰਨਾਂ ਹੋਈਆਂ ਬੋਧੀਆਂ ਪੁਰਸ ਹੋਏ ਸਈਆਦ ॥
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥
ਨਾਨਕ ਸਚਾ ਏਕੁ ਹੈ ਅਉਰ ਨ ਸਚਾ ਭਾਲਿ ॥੨॥"

ਤਿਲੰਗ ਰਾਗ ਵਿਚ ਮੁਰਦਾਰ ਖਾਣ ਦੇ ਵਿਸ਼ੇ ਵਿਚ ਗੁਰੂ ਜੀ ਨੇ ਕਿਹਾ ਹੈ — 'ਦੁਨੀਆ ਮੁਰਦਾਰ ਖ਼ੁਰਦਨੀ'। 'ਮੁਰਦਾਰ' ਸ਼ਬਦ ਦੇ ਅਰਥ ਜੋ ਗੁਰਬਾਣੀ ਦੁਆਰਾ ਸਿੱਧ ਹੁੰਦੇ ਹਨ, ਉਹ ਬਿਗਾਨਾ ਹੱਕ ਖਾਣਾ ਤੇ ਝੂਠ ਬੋਲਣਾ ਹਨ। ਬਿਗਾਨੇ ਹੱਕ ਨੂੰ ਗੁਰੂ ਜੀ ਨੇ ਮੁਸਲਮਾਨਾਂ ਨੂੰ ਸੂਰ ਤੇ ਹਿੰਦੂਆਂ ਲਈ ਗਊ ਕਰਾਰ ਦਿਤਾ ਹੈ। ਹੁਣ ਵਿਚਾਰ ਯੋਗ ਗਲ ਇਹ ਹੈ, ਕਿ ਜੇਹੜੇ ਲੋਕ ਕੁਕੜੀਆਂ, ਕੁਕੜ, ਬੱਕਰੀਆਂ, ਬੱਕਰੇ, ਭੇਡਾਂ, ਛਤ੍ਰੇ, ਘੁੱਗੀਆਂ, ਬਟੇਰੇ ਤੇ ਤਿਲੀਅਰ ਆਦਿ ਗ਼ਰੀਬ ਤੇ ਬੇਦੋਸੇ ਜਾਨਵਰਾਂ ਦੇ ਪ੍ਰਾਣ ਹਰ ਕੇ, ਉਨ੍ਹਾਂ ਦੇ ਮਾਸ ਨਾਲ ਆਪਣਾ ਪੇਟ ਭਰਦੇ ਹਨ, ਉਨ੍ਹਾਂ ਵਾਸਤੇ ਉਹ ਬਿਗਾਨਾ ਹੱਕ ਹੈ ਕਿ ਆਪਣਾ ? ਕੋਈ ਵੀ ਸਿਆਣਾ ਤੇ ਨਿਆਇਕਾਰੀ ਪੁਰਸ਼ ਇਹ ਫ਼ੈਸਲਾ ਦੇਣ ਦੀ ਗ਼ਲਤੀ ਨਹੀਂ ਕਰ ਸਕਦਾ ਕਿ ਉਹ ਉਨ੍ਹਾਂ ਦਾ ਆਪਣਾ ਹੱਕ ਹੈ। ਕਿਸੇ ਜਾਨਵਰ ਦਾ ਸਰੀਰ ਉਸ ਦੀ ਆਪਣੀ ਹੀ ਸੰਪਤੀ ਹੈ, ਨਾ ਕਿ ਕਿਸੇ ਮਨੁੱਖ ਦੀ। ਕਿਉਂਕਿ ਹਰ ਇਕ ਨੂੰ ਆਪਣਾ ਆਪ ਹੀ ਪਿਆਰਾ ਹੈ ਤੇ ਉਹ ਆਪਣੇ ਵਾਸਤੇ ਹੀ ਜੀਉਂਦਾ ਹੈ। ਹਰ ਇਕ ਨੂੰ ਆਪਣੀ ਹੀ ਜਾਨ ਪਿਆਰੀ ਹੈ। ਮਨੁੱਖ ਨੂੰ ਆਪਣੀ ਤੇ ਪਸ਼ੂ ਨੂੰ ਆਪਣੀ। ਜੇ ਕੋਈ ਕਹੇ, ਕਿ ਜੇਹੜਾ ਪਸ਼ੂ ਜਾਂ ਪੰਛੀ ਖ਼ਰੀਦਿਆ ਜਾਏ, ਉਹ ਮਨੁੱਖ ਦੀ ਸੰਪਤੀ ਹੋ ਜਾਂਦਾ ਹੈ, ਇਸ ਲਈ ਉਸ ਦਾ ਮਾਸ ਖਾਣਾ ਉਸ ਦਾ ਹੱਕ ਹੋ ਜਾਂਦਾ ਹੈ, ਤਾਂ ਇਹ ਕਥਨ ਨਿਆਇ ਦੀ ਕਸਵੱਟੀ 'ਤੇ ਕਦਾਚਿਤ ਨਹੀਂ ਟਿਕ ਸਕਦਾ। ਕਿਉਂਕਿ ਜੇਹੜੇ ਫੰਧਕ ਬਨਾਂ ਵਿਚੋਂ ਪਸ਼ੂ ਪੰਛੀਆਂ ਨੂੰ ਫੜ ਕੇ ਵੇਚਦੇ ਹਨ, ਉਨ੍ਹਾਂ ਨੂੰ ਪ੍ਰਮੇਸ਼ਰ ਵਲੋਂ ਜਾਂ ਪੰਛੀਆਂ ਦੇ ਸਮਾਜ ਵਲੋਂ ਕੋਈ ਲੈਸੰਸ ਪ੍ਰਾਪਤ ਨਹੀਂ ਹੋਇਆ ਕਿ ਉਹ ਉਨ੍ਹਾਂ ਨੂੰ ਪਕੜ ਕੇ ਬੰਧਨ ਵਿਚ ਲਿਆਵਣ ਤੇ ਆਪਣਾ ਪੇਟ ਭਰਨ ਵਾਸਤੇ ਗ਼ੈਰਾਂ ਦੇ ਪਾਸ ਵੇਚਣ, ਪਰ ਜਿਨ੍ਹਾਂ ਨੇ ਪੈਸੇ ਦੇ ਕੇ ਉਨ੍ਹਾਂ ਤੇ ਅਧਿਕਾਰ

Namdhari Elibrary NamdhariElibrary@gmail.com

ਕਰ ਲਿਆ ਹੈ, ਉਹ ਤਾਂ ਕਹਿ ਸਕਦੇ ਹਨ ਕਿ ਸਾਡਾ ਹੱਕ ਹੈ, ਪਰੰਤੂ ਅਜਿਹਾ ਕਹਿਣ ਵਾਲਿਆਂ ਨੂੰ ਏਸ ਗੱਲ ਦਾ ਧਿਆਨ ਰਖਣਾ ਚਾਹੀਦਾ ਹੈ, ਕਿ ਅਮੀਰ ਆਦਮੀ ਕਈ ਗ਼ਰੀਬਾਂ ਨੂੰ ਮੁਲ ਲੈ ਲੈਂਦੇ ਹਨ, ਕਈ ਬੱਚਿਆਂ ਨੂੰ ਖ਼ਰੀਦ ਕੇ ਪਾਲ ਲੈਂਦੇ ਹਨ, ਪਰੰਤੂ ਉਹ ਉਨ੍ਹਾਂ ਨੂੰ ਕਤਲ ਕਰ ਕੇ ਉਨ੍ਹਾਂ ਦੀ ਜ਼ਿੰਦਗੀ ਖ਼ਤਮ ਕਰਨ ਦਾ ਅਧਿਕਾਰ ਨਹੀਂ ਰਖ ਸਕਦੇ। ਉਹ ਉਨ੍ਹਾਂ ਤੋਂ ਸੇਵਾ ਲੈ ਸਕਦੇ ਹਨ, ਪਰੰਤੂ ਮਾਰਨ ਦੀ ਸੂਰਤ ਵਿਚ ਉਨ੍ਹਾਂ ਵਾਸਤੇ ਦੰਡ ਮੁਕੱਰਰ ਹੈ। ਦੰਡ ਵੀ ਜਾਨ ਦੇ ਬਦਲੇ ਜਾਨ ਦਾ ਨੀਯਤ ਹੈ। ਏਸੇ ਤਰ੍ਹਾਂ ਮਨੁੱਖ ਜੇ ਕੁਝ ਪਸ਼ੂਆਂ ਤੇ ਪੰਛੀਆਂ ਨੂੰ ਮੁਲ ਲਵੇ ਜਾਂ ਉਨ੍ਹਾਂ ਦੇ ਬੱਚਿਆਂ ਨੂੰ ਪਾਲ ਲਵੇ ਤਾਂ ਉਹ ਉਨ੍ਹਾਂ ਤੋਂ ਸੇਵਾ ਲੈ ਸਕਦਾ ਹੈ, ਉਨ੍ਹਾਂ ਨੂੰ ਵੇਖ ਕੇ ਖ਼ੁਸ਼ ਹੋ ਸਕਦਾ ਹੈ, ਪਰੰਤੂ ਉਨ੍ਹਾਂ ਦੀ ਜਾਨ ਲੈ ਕੇ ਉਨ੍ਹਾਂ ਦੇ ਮੁਰਦਾ ਸਰੀਰ ਦਾ ਮਾਸ ਖਾਣ ਦਾ ਅਧਿਕਾਰੀ ਨਹੀਂ ਹੋ ਸਕਦਾ। ਇਸ ਵਿਚ ਇਕ ਹੋਰ ਯੁਕਤੀ ਇਹ ਹੈ, ਕਿ ਮਨੁੱਖ ਜੇ ਆਪਣੀ ਨਸਲ ਦੇ ਕਿਸੇ ਪ੍ਰਾਣਧਾਰੀ ਨੂੰ ਮਾਰੇ ਤਾਂ ਉਸ ਨੂੰ ਪ੍ਰਾਣ ਦੰਡ ਮਿਲਦਾ ਹੈ, ਤਾਂ ਗ਼ੈਰ ਇਨਸਾਨੀ ਨਸਲ ਦੀ ਜਾਨ ਤਲਫ਼ ਕਰਨ ਵਿਚ ਉਹ ਕਿਵੇਂ ਨਿਰਦੋਸ਼ ਰਹਿ ਸਕਦਾ ਹੈ ? ਉਹ ਕਹਿ ਸਕਦਾ ਹੈ ਕਿ ਦੁਨੀਆਂ ਦੀ ਕਿਸੇ ਅਦਾਲਤ ਵਿਚ ਉਹ ਦੋਸ਼ੀ ਨਹੀਂ ਮੰਨਿਆ ਗਿਆ, ਪਰ ਉਸ ਨੂੰ ਪਤਾ ਹੋਣਾ ਚਾਹੀਦਾ ਹੈ, ਕਿ ਮਨੁੱਖ ਨੇ ਆਪਣੀ ਅਦਾਲਤ ਵਿਚ ਪਸ਼ੂ ਪੰਛੀਆਂ ਦੀ ਫਰਿਆਦ ਦੀ ਕੋਈ ਥਾਂ ਨਹੀਂ ਰੱਖੀ ਤਾਂ ਅਕਾਲ ਪੁਰਖ ਦੀ ਅਦਾਲਤ ਵਿਚੋਂ ਤਾਂ ਉਨ੍ਹਾਂ ਨੂੰ ਜਵਾਬ ਨਹੀਂ ਮਿਲ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ — "ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥" ਪਰ — "ਸਕਤਾ ਸੀਹੁ ਮਾਰੇ ਪੈ ਵਗੈ," — ਤਾਂ "ਖਸਮੈ ਸਾ ਪੁਰਸਾਈ ॥" ਅਰਥਾਤ ਜੇ ਜ਼ਬਰਦਸਤ ਜ਼ਬਰਦਸਤ ਨੂੰ ਮਾਰੇ ਤਾਂ ਖਸਮ (ਅਕਾਲ ਪੁਰਖ) ਨੂੰ ਕੋਈ ਰੋਸ ਨਹੀਂ ਆਉਂਦਾ, ਪਰ ਜ਼ਬਰਦਸਤ ਸ਼ੇਰ, ਗਊਆਂ ਦੇ ਵਗ ਨੂੰ ਮਾਰੇ, ਭਾਵ ਜ਼ਬਰਦਸਤ ਪੁਰਸ਼ ਜੇ ਮਾੜੇ ਤੇ ਨਿਰਬਲਾਂ ਨੂੰ ਮਾਰੇ ਤਾਂ ਉਸ ਦੀ ਪੁਛ ਅਕਾਲ ਪੁਰਖ (ਖਸਮ) ਕਰੇਗਾ। ਏਸੇ ਸ਼ਬਦ ਦੇ ਅੰਤ ਵਿਚ ਗੁਰੂ ਜੀ ਕਹਿੰਦੇ ਹਨ ਕਿ ਜ਼ਬਰਦਸਤ ਤੇ ਜ਼ਾਲਮ ਬੰਦਿਆ !—

"ਜੇ ਕੋ ਨਾਉ ਪਰਾਏ ਵਡਾ ਸਾਚ ਕਰੇ ਮਨ ਭਾਣੇ ॥
ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥ (ਆਸਾ ਮ: ੧ ਪੰਨਾ ੧੬੧)

Namdhari Elibrary NamdhariElibrary@gmail.com

ਅਰਥਾਤ ਜੇ ਕੋਈ ਪੁਰਸ਼ ਆਪਣਾ ਬੜਾ ਪ੍ਰਭਾਵਸ਼ਾਲੀ ਨਾਉਂ ਧਰਾ ਕੇ ਜੀਭਾ ਦੇ ਸੁਆਦ ਬਦਲੇ ਮਨ ਭਾਉਂਦੀਆਂ ਗੱਲਾਂ ਕਰੇ, ਭਾਵ ਪਸ਼ੂ ਪੰਛੀਆਂ ਨੂੰ ਮਾਰ ਕੇ ਕਬਾਬ ਬਣਾ ਮਸਾਲੇ ਲਾ ਲਾ ਕੇ ਖਾਵੇ, ਤਾਂ ਉਸ ਨੂੰ ਇਹ ਗੱਲ ਯਾਦ ਰਖਣੀ ਚਾਹੀਦੀ ਹੈ ਕਿ ਜਿਨ੍ਹਾਂ ਤੇ ਉਹ ਜ਼ੁਲਮ ਕਰਦਾ ਹੈ, ਉਨ੍ਹਾਂ ਦੇ ਖਸਮ ਅਕਾਲ ਪੁਰਖ ਦੀ ਦ੍ਰਿਸ਼ਟੀ ਵਿਚ ਤਾਂ ਉਸ ਦੀ ਰਚਨਾਂ ਦੇ ਉਹ ਛੋਟੇ ਛੋਟੇ ਕੀੜੇ ਵੀ ਹਨ, ਜੇਹੜੇ ਡਿਗਿਆਂ ਢਠਿਆਂ ਦਾਣਿਆਂ ਨੂੰ ਚੁਗ ਕੇ ਆਪਣੇ ਜੀਵਨ ਦਾ ਨਿਰਬਾਹ ਕਰਦੇ ਹਨ। ਸੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਨ੍ਹਾਂ ਵਾਕਾਂ ਅਨੁਸਾਰ ਜਾਨਵਰਾਂ ਦਾ ਖਸਮ, ਕਮਜ਼ੋਰ ਬੰਦਿਆਂ ਦਾ ਮਾਲਿਕ ਅਕਾਲ ਪੁਰਖ ਸਿਰ ਤੇ ਮੌਜੂਦ ਹੈ, ਤੇ ਉਸ ਮਨੁੱਖ ਤੋਂ ਉਹ ਜਵਾਬ ਤਲਬ ਕਰੇਗਾ, ਜੇਹੜਾ ਉਨ੍ਹਾਂ ਦੀ ਮਰਜ਼ੀ ਤੋਂ ਬਗੈਰ ਨਿਹੱਕ ਹੀ ਉਨ੍ਹਾਂ ਦੀ ਜਾਨ ਲਵੇਗਾ, ਤੇ ਉਨ੍ਹਾਂ ਦੇ ਮੁਰਦਾ ਸਰੀਰ ਨਾਲ ਆਪਣਾ ਢਿਡ ਭਰੇਗਾ।

ਸ੍ਰੀ ਗੁਰੂ ਅਰਜਨ ਦੇਵ ਦੇ ਰੂਪ ਵਿਚ ਗੁਰੂ ਬਾਬਾ ਜੀ ਕਹਿੰਦੇ ਹਨ :—

ਸਾਰੰਗ ਮਹਲਾ ੫॥

ਅੰਧੇ ਖਾਵਹਿ ਬਿਸੂ ਕੇ ਗਟਾਕ ॥
ਨੈਨ ਸ੍ਰਵਨ ਸਰੀਰੁ ਸਭੁ ਹੁਟਿਓ ਸਾਸੁ ਗਇਓ ਤਨ ਘਾਟ ॥ਰਹਾਉ॥
ਅਨਾਥ ਰਞਾਣਿ ਉਦਰੁ ਲੇ ਪੋਖਹਿ ਮਾਇਆ ਗਈਆ ਹਾਟਿ ॥
ਕਿਲਬਿਖ ਕਰਤ ਕਰਤ ਪਛੁਤਾਵਹਿ ਕਬਹੁ ਨ ਸਾਕਹਿ ਛਾਂਟਿ ॥੧॥
ਨਿੰਦਕੁ ਜਮਦੂਤੀ ਆਇ ਸੰਘਾਰਿਓ ਦੇਵਹਿ ਮੂੰਡ ਊਪਰਿ ਮਟਾਕ ॥
ਨਾਨਕ ਆਪਨ ਕਟਾਰੀ ਆਪਸ ਕਉ ਲਾਈ ਮਨੁ ਅਪਨਾ ਕੀਨੋ ਫਾਟ ॥੨॥

ਮੁਰਦਾਰ ਦਾ ਸੰਸਾਰ ਪ੍ਰਸਿਧ ਅਰਥ ਪ੍ਰਾਣ ਵਿਹੀਨ ਜਿਸਮ ਹੈ, ਜਿਸ ਦਾ ਖਾਣਾ ਤਾਂ ਕਿਤੇ ਰਿਹਾ ਛੂਹਣਾ ਵੀ ਨਖਿੱਧ ਮੰਨਿਆ ਗਿਆ ਹੈ। ਪਸ਼ੂ ਨੂੰ ਭਾਵੇਂ ਕਿਸੇ ਤਰੀਕੇ ਨਾਲ ਮਾਰਿਆ ਜਾਵੇ, ਉਹ ਪ੍ਰਾਣ ਹੀਨ ਹੋ ਜਾਣ ਦੇ ਕਾਰਨ ਮੁਰਦਾਰ ਹੋ ਜਾਂਦਾ ਹੈ। ਕੇਡੀ ਹੈਰਾਨੀ ਦੀ ਗਲ ਹੈ ਕਿ ਪ੍ਰਾਣ ਹੀਨ ਮਨੁਖ ਛੂਹਣ ਕਰ ਕੇ ਮਨੁਖ ਨਹਾਉਂਦੇ ਤੇ ਕਪੜਿਆਂ ਤਕ ਨੂੰ ਧੋ ਕੇ ਸਾਹ ਲੈਂਦੇ ਹਨ, ਪਰ ਗ਼ੈਰ ਇਨਸਾਨੀ ਨਸਲ ਦੇ ਮੁਰਦੇ ਨੂੰ ਕਟ ਵੱਢ ਤੇ ਮਿਰਚ ਮਸਾਲਿਆਂ ਵਿਚ ਰਿੰਨ੍ਹ ਕੇ ਮਹਾਂ ਪ੍ਰਸ਼ਾਦ ਆਖ ਪੇਟ ਦੇ ਲੈਟਰ ਬਕਸ ਨੂੰ ਭਰਪੂਰ ਕਰਦੇ

Namdhari Elibrary NamdhariElibrary@gmail.com

ਹਨ । ਸੋ ਗੁਰੂ ਨਾਨਕ ਜੀ ਕਹਿੰਦੇ ਹਨ, ਕਿ ਕਲੂ ਕਾਲ ਦੇ ਜੀਆਂ ਦਾ ਖਾਜਾ ਮੁਰਦਾਰ ਹੋ ਗਿਆ ਹੈ ।

ਤਾਂ ਤੇ ਜਿਨ੍ਹਾਂ ਬੁਰਿਆਈਆਂ ਨੂੰ ਦੂਰ ਕਰਨ ਲਈ ਸਿੱਖ ਧਰਮ ਦੇ ਸੰਚਾਲਕ ਸ੍ਰੀ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਹੋਇਆ ਸੀ, ਸ਼ਿਕਾਰ ਖੇਡਣਾ ਤੇ ਮਾਸ ਖਾਣਾ ਉਨ੍ਹਾਂ ਵਿਚੋਂ ਇਕ ਮਹਾਨ ਬੁਰਿਆਈ ਸੀ । ਸ਼ੋਕ ! ਕਿ ਆਪਣੇ ਆਪ ਨੂੰ ਧਰਮ ਦੇ ਆਗੂ ਸਮਝਦੇ ਹੋਏ ਅਨੇਕਾਂ ਸਿੱਖ ਪ੍ਰਚਾਰਕ ਅਤੇ ਨਾਮ-ਧਰੀਕ ਗਿਆਨੀ ਉਸ ਮਹਾਨ ਬੁਰਿਆਈ ਦੇ ਆਪ ਆਦੀ ਹੋ ਰਹੇ ਤੇ ਹੋਰਨਾਂ ਨੂੰ ਬਨਾਣ ਦਾ ਜਤਨ ਕਰ ਰਹੇ ਹਨ ਜਿਸ ਨੂੰ ਹਟਾਣ ਵਾਸਤੇ ਉਨ੍ਹਾਂ ਦਾ ਗੁਰੂ ਅਵਤਰਿਆ ਸੀ !

Namdhari Elibrary NamdhariElibrary@gmail.com

# ੩—ਸ੍ਵਤਾ ਪ੍ਰਮਾਣ ਬਾਣੀ ਤੇ ਮਾਸ

ਹਰ ਇਕ ਧਰਮ ਵਿਚ ਸ੍ਵਤਾ ਪ੍ਰਮਾਣ ਅਤੇ ਪ੍ਰਤਾ ਪ੍ਰਮਾਣ ਭੇਦ ਕਰ ਕੇ ਦੋ ਤਰ੍ਹਾਂ ਦੇ ਗ੍ਰੰਥ ਹੁੰਦੇ ਹਨ। ਹਿੰਦੂਆਂ ਵਿਚ ਵੇਦ ਸ੍ਵਤਾ ਪ੍ਰਮਾਣ ਅਤੇ ਸ਼ਾਸਤਰ ਸਿਮ੍ਰਤੀਆਂ ਤਥਾ ਪੁਰਾਣ ਪ੍ਰਤਾ ਪ੍ਰਮਾਣ ਹਨ। ਇਸਲਾਮ ਵਿਚ ਕੁਰਾਨ ਸ਼ਰੀਫ਼ ਸ੍ਵਤਾ ਪ੍ਰਮਾਣ ਤੇ ਹਦੀਸਾਂ ਅਤੇ ਤਵਾਰੀਖ਼ੀ ਕਿਤਾਬਾਂ ਪ੍ਰਤਾ ਪ੍ਰਮਾਣ ਹਨ। ਏਸੇ ਤਰ੍ਹਾਂ ਸਿੱਖ ਧਰਮ ਵਿਚ ਗੁਰਬਾਣੀ ਸ੍ਵਤਾ ਪ੍ਰਮਾਣ ਅਤੇ ਹੋਰ ਸਾਰਾ ਸਿੱਖ ਸਾਹਿਤ ਪ੍ਰਤਾ ਪ੍ਰਮਾਣ ਹੈ।

ਸ੍ਰੀਮਾਨ ਭਾਈ ਗੁਰਦਾਸ ਅਤੇ ਦੀਵਾਨ ਨੰਦ ਲਾਲ ਦੀਆਂ ਰਚਨਾਂ ਨੂੰ ਚੂੰਕਿ ਗੁਰੂ ਪੰਚਮ ਪਾਤਸ਼ਾਹ ਤੇ ਸ੍ਰੀ ਕਲਗੀਧਰ ਜੀ ਨੇ ਪ੍ਰਵਾਨ ਕੀਤਾ ਹੈ, ਇਸ ਲਈ ਆਮ ਤੌਰ ਤੇ ਉਨ੍ਹਾਂ ਨੂੰ ਵੀ ਸ੍ਵਤਾ ਪ੍ਰਮਾਣ ਕੋਟੀ ਵਿਚ ਹੀ ਮੰਨਿਆਂ ਜਾਂਦਾ ਹੈ। ਵਿਦਵਾਨਾਂ ਦੇ ਮੰਡਲ ਵਿਚ ਸ੍ਵਤਾ ਪ੍ਰਮਾਣ ਬਾਣੀ ਦਾ ਪ੍ਰਮਾਣ ਹਰ ਸੂਰਤ ਵਿਚ ਮੰਨਣ ਯੋਗ ਹੁੰਦਾ ਹੈ, ਅਤੇ ਪ੍ਰਤਾ ਪ੍ਰਮਾਣ ਦਾ ਉਹ ਪ੍ਰਮਾਣ ਮੰਨਣ ਯੋਗ ਹੁੰਦਾ ਹੈ, ਜੋ ਸ੍ਵਤਾ ਪ੍ਰਮਾਣ ਬਾਣੀ ਦੇ ਮੁਤਾਬਕ ਹੋਵੇ, ਪਰ ਉਸ ਦਾ ਵਿਰੋਧੀ ਹੋਣ ਦੀ ਸ਼ਕਲ ਵਿਚ ਉਹ ਮੰਨਣ ਯੋਗ ਨਹੀਂ ਹੋ ਸਕਦਾ। ਇਸ ਲਈ ਪਹਿਲੋਂ ਸ੍ਵਤਾ ਪ੍ਰਮਾਣ ਬਾਣੀ ਦੇ ਛਾਨਣੇ ਹੇਠ ਹਿੰਸਾ ਅਤੇ ਮਾਸ ਨਿਸ਼ੇਧ ਦੇ ਵਿਸ਼ੇ ਵਿਚ ਪ੍ਰਮਾਣ ਪੇਸ਼ ਕੀਤੇ ਜਾਂਦੇ ਹਨ —

(੧) "ਧਉਲ ਧਰਮ ਦਇਆ ਕਾ ਪੂਤ।" (ਜਪੁਜੀ)
(੨) "ਅਸੰਖ ਗਲ ਵਢ ਹਤਿਆ ਕਮਾਹਿ।" (ਜਪੁਜੀ)
(੩) "ਭੁਗਤਿ ਗਿਆਨ ਦਇਆ ਭੰਡਾਰਣਿ" (ਜਪੁਜੀ)
(੪) "ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨ ਕਰੇਇ॥"
(ਆਸਾ ਦੀ ਵਾਰ)
(੫) "ਦਇਆ ਕਪਾਹ ਸੰਤੋਖ ਸੂਤ" (ਆਸਾ ਦੀ ਵਾਰ)
(੬) "ਹੋਇ ਸਗਲ ਕੀ ਰੇਣਕਾ ਹਰਿ ਸੰਗ ਸਮਾਵਹੁ॥

Namdhari Elibrary NamdhariElibrary@gmail.com

ਦੁਖ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥"

(ਗਉੜੀ ਮਹਲਾ ੫)

(੭) "ਅਠਸਠ ਤੀਰਥ ਸਗਲ ਪੁੰਨ ਜੀਅ ਦਇਆ ਪ੍ਰਵਾਨ ॥"

(ਬਾਰਹਮਾਹ ਮਾਝ ਮ: ੫)

(੮) "ਦਇਆਲੰ ਸਰਬਤ੍ਰ ਜੀਆ "

(ਸਲੋਕ ਸਹਸਕ੍ਰਿਤੀ ਮ: ੫)

(੯) "ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥"

(ਮਾਝ ਦੀ ਵਾਰ ਮ: ੧ ਪੰਨਾ ੧੪੧)

(੧੦) "ਮਿਹਰ ਮਸੀਤ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥"

(ਮਾਝ ਦੀ ਵਾਰ ਪੰਨਾ ੧੪੧)

(੧੧) "ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ॥"

(ਮਾਝ ਦੀ ਵਾਰ ਪੰਨਾ ੧੪੨)

(੧੨) "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥"

(ਮਾਝ ਦੀ ਵਾਰ ੧੪੧)

(੧੩) "ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ ੧ ॥ ਰਹਾਉ ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥"

(ਆਸਾ ਮ: ੧ ਪੰਨਾ ੩੬੧)

ਅਰਥਾਤ-ਜ਼ੋਰਾਵਰ, ਜ਼ੋਰਾਵਰ ਨੂੰ ਮਾਰੇ ਤਾਂ ਅਕਾਲ ਪੁਰਖ ਨੂੰ ਰੋਸ ਨਹੀਂ ਹੁੰਦਾ, ਪਰ ਜੇ ਜ਼ੋਰਾਵਾਰ ਸ਼ੀਂਹ ਸਮਾਨ ਹੋ ਕੇ ਕਮਜ਼ੋਰਾਂ ਨੂੰ ਮਾਰੇ ਤਾਂ ਖਸਮ ਦੇ ਦਰਬਾਰ ਵਿਚ ਪੁੱਛ ਹੋਵੇਗੀ।

(੧੪) "ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥
ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥"

(ਆਸਾ ਮ: ੧ ਪੰਨਾ ੩੬੨)

ਅਰਥਾਤ — ਜਿਹੜੇ ਲੋਕ ਵਡੇ ਚੌਧਰੀ ਬਣ ਕੇ ਜੀਆਂ ਦੇ ਕਬਾਬ ਭੁੰਨ ਕੇ ਮਨ ਭੌਂਦੇ ਸਵਾਦ ਮਾਣਦੇ ਹਨ, ਉਨ੍ਹਾਂ ਨੂੰ ਇਹ ਗੱਲ ਚੇਤੇ ਰਖਣੀ ਚਾਹੀਦੀ

Namdhari Elibrary NamdhariElibrary@gmail.com

ਹੈ, ਕਿ ਅਕਾਲ ਪੁਰਖ ਜੋ ਸਭ ਦਾ ਮਾਲਿਕ ਤੇ ਪਾਲਕ ਹੈ, ਉਸ ਦੀ ਦ੍ਰਿਸ਼ਟੀ ਵਿਚ ਦਾਣੇ ਚੁਗਣ ਵਾਲੇ ਨਿੱਕੇ ਨਿੱਕੇ ਕੀੜੇ ਵੀ ਹਨ।

(੧੫) "ਹਥਿ ਛੁਰੀ ਜਗਤ ਕਸਾਈ ॥" (ਆਸਾ ਦੀ ਵਾਰ)

(੧੬) "ਬੇਦ ਪੜੈ ਮੁਖਿ ਮੀਠੀ ਬਾਣੀ ॥
ਜੀਆ ਕੁਹਤ ਨ ਸੰਗੈ ਪ੍ਰਾਣੀ ॥
(ਗਉੜੀ ਮ: ੧ ਪੰਨਾ ੨੦੧)

(੧੭) "ਆਤਮਾ ਪਰਾਤਮਾ ਏਕੋ ਕਰੈ ॥
ਅੰਤਰ ਕੀ ਦੁਬਿਧਾ ਅੰਤਰ ਮਰੈ ॥"
(ਧਨਾਸਰੀ ਮ: ੧ ਪੰਨਾ ੬੬੨)

ਅਰਥਾਤ ਪਰਾਏ ਆਤਮਾ ਨੂੰ ਵੀ ਆਪਣੇ ਸਮਾਨ ਹੀ ਜਾਣੇ।

(੧੮) "ਕਾਦੀ ਕੂੜ ਬੋਲਿ ਮਲ ਖਾਇ ॥
ਬਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥"
(ਧਨਾਸਰੀ ਮਹਲਾ ੧ ਪੰਨਾ ੬੬੨)

(੧੯) "ਏਕਾਦਸੀ ਇਕੁ ਰਿਦੈ ਬਸਾਵੈ ॥
ਹਿੰਸਾ ਮਮਤਾ ਮੋਹ ਚੁਕਾਵੈ ॥"
(ਬਿਲਾਵਲ ਮਹਲਾ ੪ ਪੰਨਾ ੬੬੨)

(੨੦) "ਮਨਿ ਸੰਤੋਖ ਸਰਬ ਜੀਅ ਦਇਆ ॥
ਇਨ ਬਿਧਿ ਬਰਤ ਸੰਪੂਰਨ ਭਇਆ ॥"
(ਗਉੜੀ ਥਿਤੀ ਮਹਲਾ ੫)

(੨੧) "ਜਿਸੁ ਮਨੁ ਮਾਨੈ ਅਭਿਮਾਨੁ ਨ ਤਾਕਉ ਹਿੰਸਾ ਲੋਭ ਵਿਸਾਰੇ ॥
ਸਹਜਿ ਰਵੈ ਵਰੁ ਕਾਮਣਿ ਪਿਰ ਕੀ ਗੁਰਮੁਖਿ ਰੰਗਿ ਸਵਾਰੇ ॥
(ਸਾਰੰਗ ਮਹਲਾ ੧ ਪੰਨਾ ੧੧੯੬)

(੨੨) "ਕਲਿ ਹੋਈ ਕੁਤੇ ਮੁਹੀ ਖਾਜ ਹੋਆ ਮੁਰਦਾਰ ॥"
(ਸਲੋਕ ਮ: ੧ ਸਾਰੰਗ ਦੀ ਵਾਰ ਪੰਨਾ ੧੨੪੨)

(੨੩) "ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥

ਚਾਕਰ ਨਹਦਾ ਪਾਇਨ ਘਾਉ ॥
ਰਤ ਪਿਤ ਕੁਤਿਹੋ ਚਟ ਜਾਇ ॥"

(੨੪) "ਜੀਵਤ ਮਰੈ ਤਾ ਸਭ ਕਿਛੁ ਸੂਝੈ ਅੰਤਰ ਜਾਣੈ ਸਰਬ ਦਇਆ ॥
ਨਾਨਕ ਤਾਕਉ ਮਿਲੈ ਵਡਾਈ ਆਪ ਪਛਾਣੈ ਸਰਬ ਜੀਆ ॥
(ਰਾਮਕਲੀ ਸਿਧ ਗੋਸਟ ਮਹਲਾ ੧)

(੨੫) "ਮਨਮੁਖ ਮਰਹਿ ਮਰ ਮਰਣ ਵਿਗਾੜਹਿ ॥
ਦੂਜੈ ਭਾਇ ਆਤਮ ਸੰਘਾਰਹਿ ॥"
(ਮਾਝ ਮਹਲਾ ੩ ਅਸਟਪਦੀ)

(੨੬) "ਅੰਧੇ ਖਾਵਹਿ ਬਿਸੂ ਕੇ ਗਟਾਕ ॥
ਅਨਾਥ ਰਵਾਨਿ ਉਦਰੁ ਲੇ ਪੋਖਹਿ ਮਾਇਆ ਗਈਆ ਹਾਟਿ ॥
ਕਿਲ ਵਿਖ ਕਰਤ ਕਰਤ ਪਛੁਤਾਵਹਿ ਕਬਹੁ ਨ ਸਾਕਹਿ ਛਾਟ ॥
ਨਾਨਕ ਆਪਨ ਕਟਾਰੀ ਆਪਸ ਕਉ ਲਾਈ ਮਨ ਅਪਨਾ
ਕੀਨੋ ਫਾਟ ॥" (ਸਾਰੰਗ ਮਹਲਾ ੫)

(੨੭) ਨਮਸਤੰ ਰਹੀਮੇ ॥ ਨਮਸਤੰ ਕਰੀਮੇ ॥
ਕਰੁਣਾਲਯ ਹੈਂ ਅਰ ਘਾਲਯ ਹੈਂ ॥ (ਜਾਪੁ ਸਾਹਿਬ)

ਰੱਬ ਦੀ ਉਪਮਾ ਕਰਦੇ ਹੋਏ ਦਸਮ ਪਾਤਸ਼ਾਹ ਉਸ ਨੂੰ ਰਹਿਮ ਕਰਨ ਵਾਲਾ ਬਖ਼ਸ਼ਸ਼ ਕਰਨ ਵਾਲਾ ਤੇ ਕਿਰਪਾ ਦਾ ਘਰ ਕਹਿੰਦੇ ਹਨ। ਏਹੀ ਸਿਫ਼ਤਾਂ ਗੁਰੂ ਵਿਚ ਅਤੇ ਗੁਰੂ ਜੀ ਦੇ ਸਿੱਖ ਵਿਚ ਹੋਣੀਆਂ ਜ਼ਰੂਰੀ ਹਨ। ਕਿਉਂਕਿ 'ਜਥਾ ਰਾਜਾ ਤਥਾ ਪਰਜਾ।'

(੨੮) "ਅਲਪ ਅਹਾਰ ਸੁਲਪ ਸੀ ਨਿੰਦਰਾ ਦਇਆ ਛਿਮਾ ਤਨ ਪ੍ਰੀਤ ॥"
(ਦਸਮ ਹਜ਼ਾਰੇ)

(੨੯) "ਮਜ਼ਨ ਤੇਗ਼ ਬਰ ਖ਼ੂਨ ਕਸ ਬੇਦਰੇਗ ॥
ਤੁਰਾ ਨੀਜ਼ ਓ ਖ਼ੂਨ ਰੇਜ਼ਦ ਬਤੇਗ਼ ॥"
(ਜ਼ਫ਼ਰਨਾਮਾ ਸ੍ਰੀ ਮੁਖਵਾਕ ਪਾਤਸ਼ਾਹੀ ੧੦)

ਅਰਥਾਤ ਕਿਸੇ ਦੀ ਗਰਦਨ ਤੇ ਬੇਦਰੇਗ ਹੋ ਕੇ ਤਲਵਾਰ ਨਾ ਚਲਾ। ਕਿਉਂਕਿ ਤੇਰੀ ਗਰਦਨ ਵੀ ਅਰਸ਼ੀ ਤੇਗ਼ ਨਾਲ ਕਟੀ ਜਾਵੇਗੀ।

(੩੦) "ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿ ਵਰ ਕਰਿ ਥਾਪਹੁ ਕਾਕਹੁ ਕਹਹੁ ਕਸਾਈ ॥"
(ਮਾਰੂ ਕਬੀਰ ਜੀ ਪੰਨਾ ੧੧੦੧)

ਅਰਥਾਤ — ਮਾਸ ਖਾਣ ਲਈ ਜੀਆਂ ਦਾ ਬਧ ਕਰ ਕੇ ਕਹਿੰਦੇ ਹੋ ਕਿ ਧਰਮ ਕੀਤਾ ਹੈ, ਤਾਂ ਅਧਰਮ ਕਿਹਨੂੰ ਕਹੋਗੇ ? ਤੁਸੀਂ ਜੀਆਂ ਨੂੰ ਜੀਭ ਸੁਆਦ ਬਦਲੇ ਕਤਲ ਕਰਨ ਵਾਲੇ ਤਾਂ ਹੋ ਗਏ ਮੁਨੀ ਅਰਥਾਤ ਧਰਮਾਤਮਾ, ਤਾਂ ਕਸਾਈ ਕਿਸ ਨੂੰ ਆਖੋਗੇ ?

(੩੧) "ਰੋਜਾ ਧਰੈ ਮਨਾਵਹਿ ਅਲਹੁ ਸੁਆਦਤਿ ਜੀਅ ਸੰਘਾਰੇ ॥
ਆਪਾ ਦੇਖਿ ਅਵਰ ਨਹੀਂ ਦੇਖੈ ਕਾਹੇ ਕਉ ਝਖ ਮਾਰੇ ।"
(ਆਸਾ ਕਬੀਰ ਜੀ ਪੰਨਾ ੪੯੬)

ਅਰਥਾਤ ਹੇ ਮੋਮਨ ! ਰਖਨਾ ਏਂ ਰੋਜੇ ਤੇ ਮਨਾਂਦਾ ਹੈਂ ਅੱਲਾ ਨੂੰ ਪਰ ਆਪਣੇ ਸਵਾਦ ਬਦਲੇ ਜੀਆਂ ਦਾ ਸੰਘਾਰ ਕਰਦਾ ਹੈਂ । ਆਪਣਾ ਹੀ ਖ਼ਿਆਲ ਰਖਦਾ ਹੈਂ, ਕਿ ਮੈਨੂੰ ਕੋਈ ਦੁੱਖ ਨਾ ਦੇਵੇ, ਪਰ ਹੋਰਨਾਂ ਦੇ ਦੁੱਖ ਨੂੰ ਤੂੰ ਨਹੀਂ ਦੇਖਦਾ । ਫੇਰ ਭਲਾ ਉਪਦੇਸ਼ ਕਰਨ ਲਗਾ ਐਵੇਂ ਕਾਹਨੂੰ ਝਖਾਂ ਮਾਰਦਾ ਹੈਂ ।

(੩੨) ਇਕ ਤੌਹੀਦ ਦੇ ਦਾਵੇਦਾਰ ਮੁੱਲਾਂ ਨੂੰ ਮੁਖਾਤਿਬ ਕਰਦੇ ਹੋਏ ਕਬੀਰ ਜੀ ਕਹਿੰਦੇ ਹਨ —

"ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥"
(ਪ੍ਰਭਾਤੀ ਕਬੀਰ ਜੀਉ ਪੰਨਾ ੧੩੫੦)

(੩੩) ਮਾਸ ਖਾਣ ਵਾਸਤੇ ਜ਼ਿਬਹ ਕਰਨ ਨੂੰ ਜ਼ੋਰ ਜ਼ੁਲਮ ਦਸਦੇ ਹੋਏ ਕਬੀਰ ਜੀ ਕਹਿੰਦੇ ਹਨ —

"ਕਬੀਰ ਜੋਰੀ ਕੀਏ ਜੁਲਮ ਹੈ ਕਹਿਤਾ ਨਾਉ ਹਲਾਲ ॥
ਦਫਤਰਿ ਲੇਖਾ ਮਾਗੀਐ ਤਬ ਹੋਇਗੋ ਕਉਨੁ ਹਵਾਲ ॥"
(ਪੰਨਾ ੧੩੭੪)

(੩੪) "ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥
ਦਫਤਰ ਦਈ ਜਬ ਕਾਢਿ ਹੈ ਹੋਇਗਾ ਕਵਨੁ ਹਵਾਲੁ ॥"
(ਸਲੋਕ ਕਬੀਰ ਨੰ: ੧੯੯)

Namdhari Elibrary NamdhariElibrary@gmail.com

(੩੫) "ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥
ਦਫਤਰ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥"
(ਸਲੋਕ ੨੦੦)

(੩੬) "ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ ॥" (ਮਾਰੂ ਕਬੀਰ ਪੰਨਾ ੧੧੦੫)

(੩੭) "ਮੁੰਦਰਾ ਮੋਨ ਦਇਆ ਕਰ ਝੋਲੀ ॥"
(ਰਾਮਕਲੀ ਕਬੀਰ ਪੰਨਾ ੮੯੬)

(੩੮) "ਕਹਤ ਕਬੀਰ ਸੁਨਹੁ ਰੇ ਸੰਤਹੁ ਧਰਮੁ ਦਇਆ ਕਰਿ ਬਾੜੀ ॥"
(ਪੰਨਾ ੮੯੬)

(੩੯) "ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥"
(ਰਾਮਕਲੀ ਕਬੀਰ ਪੰਨਾ ੯੭੦)

(੪੦) "ਕਬੀਰ ਖੂਬੁ ਖਾਨਾ ਖੀਚਰੀ ਜਾਮਹਿ ਅੰਮ੍ਰਿਤ ਲੋਨ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥"
(ਸਲੋਕ ੧੮੮)

ਖੀਚਰੀ ਸ਼ਬਦ ਦਾ ਅਰਥ ਦਾਲ ਤੇ ਚੌਲਾਂ ਦੀ ਖਿਚੜੀ ਹੀ ਨਹੀਂ ਹੈ। ਖਿਚਰੀ ਪਦ ਦਾ ਅਰਥ ਹੈ ਮਿਲੇ ਜੁਲੇ ਪਦਾਰਥ ਜੈਸੇ ਕਬੀਰ ਜੀ ਖ਼ੁਦ ਅਕਾਲ ਪੁਰਖ ਕੋਲੋਂ ਮੰਗਦੇ ਹੋਏ ਕਹਿੰਦੇ ਹਨ — "ਦੁਇ ਸੇਰ ਮਾਗਹੁ ਚੂਨਾ (ਆਟਾ) ਪਾਉ ਘੀਉ ਸੰਗ ਲੂਨਾ ॥ ਅਧ ਸੇਰ ਮਾਗਹੁ ਦਾਲੇ ॥ ਮੋਕਉ ਦੋਨੋ ਵਕਤ ਜੀਵਾਲੇ ॥"

ਸੋ ਕਬੀਰ ਜੀ ਪੂਰਵੋਕਤ ਸਲੋਕ ਵਿਚ ਕਹਿੰਦੇ ਹਨ ਉਹ ਰਲੇ ਮਿਲੇ ਪਦਾਰਥ 'ਸਤੋਗੁਣੀ' ਹੀ ਚੰਗੇ ਹਨ, ਜਿਨ੍ਹਾਂ ਵਿਚ ਲੂਣ ਰੂਪੀ ਅੰਮ੍ਰਿਤ ਪਿਆ ਹੁੰਦਾ ਹੈ। ਹੇਰਾ (ਅਹੇਰਾ ਤੋਂ ਸ਼ਿਕਾਰ ਤੇ ਸ਼ਿਕਾਰ ਤੋਂ ਭਾਵ ਮਾਸ ਨਾਲ) ਰੋਟੀ ਖਾਣ ਦੇ ਕਾਰਨ ਪ੍ਰਲੋਕ ਵਿਚ ਆਪਣਾ ਗਲਾ ਕੌਣ ਕਟਾਵੇ ? ਤਾਂ ਤੇ ਭਾਈ ਸਾਨੂੰ ਦਾਲ ਪ੍ਰਸਾਦਾ ਹੀ ਚੰਗਾ ਖਾਣਾ ਪ੍ਰਤੀਤ ਹੁੰਦਾ ਹੈ।

(੪੧) "ਬਾਟ ਪਾਰ ਘਰ ਮੂਸ ਬਿਰਾਨੋ ਪੇਟ ਭਰੈ ਅਪ੍ਰਾਧੀ ॥
ਜਹ ਪ੍ਰਲੋਕ ਜਾਇ ਅਪਕੀਰਤ ਸੋਈ ਅਬਿਦਿਆ ਸਾਧੀ ॥
ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥

Namdhari Elibrary NamdhariElibrary@gmail.com

ਪਰਮਾਨੰਦ ਸਾਧ ਸੰਗਤਿ ਮਿਲਿਆ ਕਥਾ ਪੁਨੀਤ ਨ ਚਾਲੀ ॥"

(ਸਾਰੰਗ ਪਰਮਾਨੰਦ ਪੰਨਾ ੧੨੫੩)

(੪੨) "ਤੀਰਥ ਦੇਖ ਨ ਜਲ ਮਹਿ ਪੈਸਉ ਜੀਅ ਨ ਸਤਾਵਉਗੋ ॥"

(ਰਾਮਕਲੀ ਨਾਮਦੇਉ ਜੀ ਪੰਨਾ ੯੭੨)

(੪੩) "ਫਰੀਦਾ ਜੋ ਤੈ ਮਾਰਨ ਮੁਕੀਆ ਤਿਨਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਇਕੈ ਪੈਰ ਤਿਨਾ ਦੇ ਚੁੰਮਿ ॥

(ਫਰੀਦ ਜੀ ਪੰਨਾ ੧੩੭੮)

(੪੪) "ਜੇ ਤਉ ਪੀਆ ਮਿਲਨ ਦੀ ਸਿਕ ਹਿਆਉ ਨ ਠਾਹੇ ਕਹੀਦਾ ॥"

## ਭਾਈ ਗੁਰਦਾਸ ਜੀ

(੪੫) "ਸ਼ੀਹੁੰ ਪਜੂਤੀ ਬੱਕਰੀ ਮਰਦੀ ਹੋਈ ਖਿੜ ਖਿੜ ਹੱਸੀ ॥
ਸ਼ੀਹੁੰ ਪੁਛੈ ਵਿਸਮਾਦ ਹੋਇ ਇਤ ਅਉਸਰ ਕਿਤ ਰਹਸ ਰਹੱਸੀ ॥
ਬਿਨਉ ਕਰੇਂਦੀ ਬੱਕਰੀ ਪੁੱਤ੍ਰ ਅਸਾਡੇ ਕੀਚਨ ਖੱਸੀ ॥
ਅੱਕ ਧਤੂਰਾ ਖਾਂਦਿਆਂ ਕੁਹ ਕੁਹ ਖਲ ਉਖੱਲ ਵਿਣੱਸੀ ॥
ਮਾਸ ਖਾਣ ਗਲ ਵਢ ਕੇ ਹਾਲ ਤਿਨਾੜਾ ਕਉਣ ਹੋਵੱਸੀ ॥
ਗਰਬ ਗਰੀਬੀ ਦੇਹ ਖੇਹ, ਖਾਜ ਅਖਾਜ ਅਕਾਜ ਕਰੱਸੀ ॥
ਜਗ ਆਇਆ ਸਭ ਕੋਈ ਮਰਸੀ ॥"

(ਵਾਰ ੨੫ ਪਉੜੀ ੧੭)

(੪੬) "ਕੁਹੈ ਕਸਾਈ ਬੱਕਰੀ ਲਾਇ ਲੂਣ ਸੀਖ ਮਾਸ ਪਰੋਆ ॥
ਹਸ ਹਸ ਬੋਲੈ ਕੁਹੀਂਦੀ ਖਾਧੇ ਅੱਕ ਹਾਲ ਇਹ ਹੋਆ ॥
ਮਾਸ ਖਾਣ ਗਲ ਛੁਰੀ ਦੇ ਹਾਲ ਤਿਨਾੜਾ ਕੌਣ ਅਲੋਆ ॥
ਜੀਭੈ ਹੰਦਾ ਫੇੜਿਐ, ਖਉ ਦੰਦਾਂ ਮੁਖ ਭੰਨ ਵਗੋਆ ॥"

(ਵਾਰ ੩੭ ਪਉੜੀ ੨੧)

(੪੭) "ਬਧਿਕ ਉਧਰੇ ਆਖੀਅਨ ਫਾਹੀ ਪਾਹਿ ਨਾ ਫੜੀਐ ਟੰਗਾ ॥
ਜੇ ਕਸਾਈ ਉਧਰਿਆ ਜੀਆਂ ਘਾਇ ਨ ਖਾਈਐ ਭੰਗਾ ॥"

(ਵਾਰ ੩੧ ਪਉੜੀ ੯)

(੪੮) "ਕਲਿ ਹੋਈ ਕੁਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ ॥"

(ਭਾਈ ਗੁਰਦਾਸ ਵਾਰ ੧)

Namdhari Elibrary NamdhariElibrary@gmail.com

## ੪—ਇਤਿਹਾਸਕ ਪ੍ਰਮਾਣ

ਗੁਰਬਾਣੀ, ਭਗਤ ਬਾਣੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਦੁਆਰਾ ਮਾਸ ਨਿਖੇਧੀ ਦੇ ਵਿਸ਼ਿਆਂ ਵਿਚ ਪ੍ਰਮਾਣ ਪੇਸ਼ ਕਰਨ ਤੋਂ ਉਪਰੰਤ ਪਾਠਕਾਂ ਦੇ ਸਾਹਮਣੇ ਇਤਿਹਾਸਕ ਪ੍ਰਮਾਣ ਰਖੇ ਜਾਂਦੇ ਹਨ, ਜੋ ਸੁਤਾ ਪ੍ਰਮਾਣ ਬਾਣੀ ਦੀ ਪੁਸ਼ਟੀ ਕਰਦੇ ਹੋਏ ਇਹ ਸਿਧ ਕਰਨਗੇ ਕਿ ਸਿੱਖ ਧਰਮ ਵਿਚ ਮਾਸ ਖਾਣ ਦੀ ਸਖ਼ਤ ਮਨਾਹੀ ਹੈ :

### (ੳ) ਪ੍ਰੋਹਤ ਨੂੰ ਉਪਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਦ ਜਨੇਊ ਸੰਸਕਾਰ ਕਰਨ ਲਗੇ ਤਾਂ ਪਿਤਾ ਜੀ ਨੇ ਮਾਸ ਵਾਸਤੇ ਬੱਕਰੇ ਮੰਗਵਾਏ — "ਭੋਜਨ ਹੇਤ ਅੰਨ ਇਕ ਠਾਈ ॥ ਆਮਿਖ[1] ਕਾਰਨ ਛਾਗ[2] ਮੰਗਾਈ ॥ ਜੇ ਛੱਤ੍ਰੀ ਕਾਲੂ ਕੇ ਗਿਆਤੀ ॥ ਸਭਨ ਆਮੰਤ੍ਰ[3] ਦੀਨੋ ਖਯਾਤੀ ।" 'ਨਾਨਕ ਪ੍ਰਕਾਸ਼ ਪੂਰਬਾਰਧ ਖੰਡ ਅ: ੯' ਜਦ ਪ੍ਰੋਹਤ ਨੇ ਗੁਰੂ ਜੀ ਨੂੰ ਜਨੇਊ ਪਾਉਣ ਲਈ ਕਿਹਾ ਤਾਂ ਗੁਰੂ ਜੀ ਨੇ ਕਿਹਾ —

ਪਾਇ ਸੂਤ ਗਰ ਕਰਤ ਕੁਕਰਮਾ ॥
ਧਨ ਹਿਤ ਹਿੰਸਾ ਧੋਹਿ ਅਧਰਮਾ ॥
ਅੰਤ ਪ੍ਰਯੰਤ ਦੁਸ਼ਟਤਾ ਧਾਰੇ ॥
ਝੂਠ ਪਿਸ਼ਨਤਾ ਚਿਤ ਹਿਤਕਾਰੇ ॥ ੧੭ ॥
ਸੋ ਖੱਤਰੀ ਦਿਜ ਕਿਧੋ ਚੰਡਾਲਾ ॥
ਸਹਹਿ ਜਾਇ ਜਮਦੰਡ ਬਿਸਾਲਾ ॥
ਕੌਨ ਜਨੇਊ ਤਿਹ ਫਲ ਦੀਨਾ ॥
ਪਾਯੋ ਨਰਕ ਈਹਾਂ ਅਘ ਕੀਨਾ ॥

੧. ਮਾਸ ੨. ਬਕਰੇ ੩. ਨਿਉਂਦਾ

Namdhari Elibrary NamdhariElibrary@gmail.com

ਗੁਰੂ ਜੀ ਨੇ ਪ੍ਰਸ਼ਨ ਕੀਤਾ, 'ਪੰਡਿਤ ਜੀ ! ਧਰਮ ਜਨੇਊ ਪਾਇਆਂ ਰਹਿੰਦਾ ਹੈ, ਕਿ ਦਇਆ ਆਦਿਕ ਚੰਗੇ ਕਰਮਾਂ ਦੇ ਕਰਨ ਕਰਕੇ ? ਜਿਹੜੇ ਗਲ ਵਿਚ ਸੂਤ ਪਾ ਕੇ ਕੁਕਰਮ ਕਰਦੇ ਹਨ, ਅਤੇ ਲੋਭ ਖਾਤਿਰ ਧ੍ਰੋਹ, ਝੂਠ ਅਤੇ ਚੁਗਲੀ ਆਦਿ ਅਧਰਮ ਕਰਦੇ ਹਨ, ਉਹ ਖੱਤ੍ਰੀ ਦ੍ਵਿਜਾਤੀ ਹਨ ਕਿ ਚੰਡਾਲ ? ਉਨ੍ਹਾਂ ਨੂੰ ਦਸੋ, ਕਿ ਜਨੇਊ ਨੇ ਕੀ ਫਲ ਦਿਤਾ, ਜਿਨ੍ਹਾਂ ਨੇ ਏਥੇ ਬਕਰੇ ਆਦਿ ਮਾਰਨ ਦਾ ਪਾਪ ਕੀਤਾ, ਤੇ ਅੰਤ ਨੂੰ ਨਰਕ ਵਿਚ ਪਾਏ ਜਾਣਗੇ ।' ਪ੍ਰੋਹਤ ਹਰਦਿਆਲ ਨੇ ਪੁਛਿਆ ਕਿ ਨਾਨਕ ! ਕਿਸ ਕਿਸਮ ਦਾ ਜਨੇਊ ਪਾਣ ਨਾਲ ਨਰਕਾਂ ਤੋਂ ਬਚ ਸਕੀਦਾ ਹੈ ? ਗੁਰੂ ਜੀ ਨੇ ਸਲੋਕ ਉਚਾਰਿਆ — ਸਲੋਕ ਮਹਲਾ ੧ ॥ ਦਇਆ ਕਪਾਹ, ਸੰਤੋਖ ਸੂਤ ਜਤੁ ਗੰਢੀ ਸਤ ਵੱਟੁ ॥ ਏਹੁ ਜਨੇਊ ਜੀਅ ਕਾ ਹਈ ਤਾ ਪਾਂਡੇ ਘਤੁ...ਤਗੁ ਕਪਾਹਹੁ ਕਤੀਐ ਬਾਮਣ ਵਟੇ ਆਇ ॥ **ਕੁਹਿ ਬਕਰਾ ਰਿਨ੍ਹ ਖਾਇਆ** ਸਭ ਕੋ ਆਖੈ ਪਾਇ ॥ ਅਰਥਾਤ ਦਇਆ ਦੀ ਕਪਾਹ ਵਿਚੋਂ ਸੰਤੋਖ ਦਾ ਸੂਤ ਕਤਕੇ ਜਤ ਦੀਆਂ ਗੰਢਾਂ ਤੇ ਸਚਾਈ ਦਾ ਵੱਟ ਚਾੜ੍ਹ ਕੇ ਜੇ ਜਨੇਊ ਤਿਆਰ ਕੀਤਾ ਹੋਇਆ ਹੈ, ਤਾਂ ਮੇਰੇ ਗਲ ਪਾ ਦੇ । ਪਰੰਤੂ ਤੁਸੀਂ ਲੱਖਾਂ ਚੋਰੀਆਂ ਯਾਰੀਆਂ ਤੇ ਠਗੀਆਂ ਕਰਦੇ ਹੋ ਤੇ ਕਪਾਹ ਦਾ ਜਨੇਊ ਵਟਕੇ ਗਲ ਪਾਉਂਦੇ ਹੋ, ਬੱਕਰਿਆਂ ਨੂੰ ਕੋਹ ਕੇ ਖਾਂਦੇ ਹੋ, ਅਰ ਹੋਰਨਾਂ ਨੂੰ ਆਖਦੇ ਹੋ ਤੁਸੀਂ ਵੀ ਖਾਓ । ਅਜੇਹਾ ਜਨੇਊ ਮੇਰੇ ਕੰਮ ਦਾ ਨਹੀਂ ਹੈ ।

ਏਸ ਕਥਾ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਾਨਵਰਾਂ ਨੂੰ ਮਾਰ ਕੇ ਮਾਸ ਖਾਣ ਦੀ ਕਿੰਨੀ ਨਿਖੇਧੀ ਕੀਤੀ ਹੈ । ਅਤੇ ਦਇਆ-ਮੂਲਕ ਜਨੇਊ ਦੁਆਰਾ ਜੀਆਂ ਉਤੇ ਦਇਆ 'ਰਹਿਮ' ਕਰਨ ਦਾ ਕੇਸਾ ਉਤਮ ਉਪਦੇਸ਼ ਦਿਤਾ ਹੈ ।

## (ਅ) ਦੇਵਲੂਤ ਨੂੰ ਉਪਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਜੀਆਂ ਦਾ ਉਧਾਰ ਕਰਦੇ ਹੋਏ ਦੇਵਲੂਤ ਰਾਖ਼ਸ਼ ਦੇ ਪਾਸ ਪੁਜਦੇ ਹਨ । ਉਹ ਆਪ ਦੇ ਚਰਨਾਂ ਦਾ ਸ਼ਰਧਾਲੂ ਬਣ ਕੇ ਲੰਗਰ ਕਰਨ ਲਈ ਅਰਜ਼ ਕਰਦਾ ਹੈ, ਪਰ ਸਚੇ ਪਾਤਸ਼ਾਹ ਕਹਿੰਦੇ ਹਨ :—ਦੇਵਲੂਤ ! ਜਦ ਤਕ ਮਾਸ ਖਾਣਾ ਨਾ ਛਡੇਂ ਤਦ ਤਕ ਤੇਰੇ ਘਰ ਦਾ ਭੋਜਨ ਅਸੀਂ ਗ੍ਰਹਿਣ ਨਹੀਂ ਕਰਾਂਗੇ । ਦੇਵਲੂਤ ਆਗਿਆ ਦਾ ਪਾਲਨ ਕਰਦਾ ਹੋਇਆ ਅਗੋਂ ਲਈ

Namdhari Elibrary NamdhariElibrary@gmail.com

ਮਾਸ ਨਾ ਖਾਣ ਦਾ ਪ੍ਰਣ ਕਰਦਾ ਹੈ, ਤਾਂ ਸ੍ਰੀ ਗੁਰਦੇਵ ਦੀ ਆਗਿਆ ਅਨੁਸਾਰ ਸ੍ਰੀ ਬਾਲਾ ਜੀ ਰਸਦ ਲੈ ਕੇ ਗੁਰੂ ਜੀ ਵਾਸਤੇ ਲੰਗਰ ਕਰਦੇ ਹਨ, ਅਰ ਗੁਰੂ ਮਹਾਰਾਜ ਦਾ ਸੀਤ ਪ੍ਰਸ਼ਾਦ ਛਕਣ ਨਾਲ ਦੇਵਲੂਤ ਦੇ ਕਪਾਟ ਖੁਲ੍ਹ ਜਾਂਦੇ ਹਨ। ਦੇਖੋ ਨਾਨਕ ਪ੍ਰਕਾਸ਼ ਪੂਰਬਾਰਧ ਭਾਗ ਅਧਿਆਇ ੫੫ :—"ਦੋਹਰਾ ॥ ਕਰਹੁ ਰਸੋਈ ਸੰਤ ਜੀ ਭੋਜਨ ਅਚਹੁ ਬਨਾਇ ॥ ਸਰਧਾ ਪੂਰਨ ਕੀਜੀਐ ਸੁਨ ਸ੍ਰੀ ਗੁਰੂ ਅਲਾਇ" ॥ ੪ ॥

## ਗੁਰੂ ਜੀ

'ਸੁਭ ਉਪਦੇਸ਼ ਜੇ ਲਹੁ ਹਮਾਰਾ।
ਅਸਨ ਕਰਹਿਂ ਤਬ ਅੰਗੀਕਾਰਾ।
ਯੌ ਨਹਿ ਤੁਮਰੋ ਖਾਇ ਕਦਾਪੀ।
ਹਉ ਸਵ ਜੀਵਨ ਕੇ ਸੰਤਾਪੀ' ॥ ੫ ॥
ਦੇਵਲੂਤ ਕਹਿ—'ਜਿਹ ਬਿਧਿ ਕਹਿ ਹੌਂ।
ਸ੍ਰੀ ਗੁਰੂ ਜੀ ਮੈਂ ਤਹ ਬਿਧਿ ਰਹਿ ਹੌਂ' ॥ ੬ ॥

## ਗੁਰੂ ਜੀ

ਪ੍ਰਿਥਮ ਤਜਹੁ **ਆਮਿਖ** (ਮਾਸ) ਕੋ ਖਾਨਾ ॥
ਕਰਹੁ ਜਾਸ ਹਿਤ ਜੀਵਨ ਹਾਨਾ ॥ ੭ ॥

## ਦੇਵਲੂਤ

"ਦਰਸਨ ਕਰਤ ਪਾਪ ਮਤਿ ਭਾਗੀ ॥
ਸੁਨ ਕੇ ਬਚਨ ਨਾਮ ਲਿਵਲਾਗੀ ॥
ਤੁਮਰੇ ਚਰਨਨ ਮਨੁ ਅਨੁਰਾਗਾ ॥
ਭਇਓ ਆਜ ਤੇ ਮੈਂ ਵਡਭਾਗਾ" ॥ ੧੪ ॥

ਸ੍ਰੀ ਬਾਲਾ ਜੀ ਸ੍ਰੀ ਗੁਰੂ ਅੰਗਦ ਦੇਵ ਨੂੰ ਸੁਣਾਂਦੇ ਹੋਏ ਕਹਿ ਰਹੇ ਹਨ :—

ਤਿਹ ਛਿਨ ਕੀਨ ਅਹਾਰ ਤਿਆਰਾ।
ਅਚਵਨ ਲਗੇ ਰੂਪ ਕਰਤਾਰਾ ॥ ੧੫ ॥......
ਕੇਤਕ ਦਿਨ ਤਹਿ ਰਹੇ ਗੁਸਾਈਂ।

Namdhari Elibrary NamdhariElibrary@gmail.com

ਗੁਰਸਿਖੀ ਕੀ ਰੀਤ ਚਲਾਈ ।
ਸਭ ਰਾਖਸ਼ ਕੋ ਨਾਮ ਜਪਾਇਓ ॥
ਆਮਿਖ ਖਾਨ ਤਿਨਹਿ ਤਜਵਾਯੋ ॥ ੧੮ ॥
ਜੀਅ ਘਾਤ ਕੀ ਬਾਨ ਬਿਸਾਰੀ ॥
ਸਤਿ ਸੰਗਤ ਕਰਹੀ ਸੁਖ ਬਾਰੀ ॥
ਭੇ ਤਿਆਰ ਜਬ ਚਲਨੇ ਹੇਤਾ ॥
ਭਨਤ ਭਏ ਬੇਦੀ ਕੁਲਕੇਤਾ ॥ ੧੯ ॥
**ਹਿੰਸਾ ਨਹਿ ਜੀਵਨ ਕੀ ਕੀਜੈ ॥**
ਸਤਿਗੁਰ ਜਾਪ ਜਪਹੁ ਦੁਖ ਛੀਜੈ ॥ ੨੦ ॥

## (ੲ) ਰਾਜਾ ਸ਼ਿਵਨਾਭ

ਸੰਗਲਾਦੀਪ ਦੇ ਰਾਜਾ ਸ਼ਿਵਨਾਭ ਨੂੰ ਉਪਦੇਸ਼ ਦੇਂਦਿਆਂ ਹੋਇਆਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਦਸਿਆ ਕਿ ਸ਼ਿਵਨਾਭ ! ਤਿੰਨ ਪਰਕਾਰ ਦੀ ਹਿੰਸਾ ਨੂੰ ਤਿਆਗ ਕੇ ਅਹਿੰਸਕ ਹੋ ਜਾ । ਮਨ, ਬਾਣੀ ਅਤੇ ਸ਼ਰੀਰ ਭੇਦ ਨਾਲ ਹਿੰਸਾ ਤਿੰਨ ਪਰਕਾਰ ਦੀ ਹੈ । ਦੂਸਰੇ ਸੰਬੰਧੀ ਹਿਰਦੇ ਵਿਚ ਬੁਰਾਈ ਦਾ ਚਿੰਤਨ ਕਰਨਾ ਮਨ ਦੀ ਹਿੰਸਾ ਹੈ, ਕਿਸੇ ਨੂੰ ਬਚਨ ਦੁਆਰਾ ਕਸ਼ਟ ਪੁਚਾਣਾ ਬਾਣੀ ਦੀ ਹਿੰਸਾ ਅਤੇ ਸ਼ਰੀਰ ਕਰਕੇ ਦੁਖ ਦੇਣਾ ਤਨ ਦੀ ਹਿੰਸਾ ਹੈ । ਦੇਖੋ ਨਾਨਕ ਪ੍ਰਕਾਸ਼ ਪੂਰਬਾਰਧ ਭਾਗ ਅਧਿਆਇ ੪੮ ਪੰਨਾ ੫੩੧ :

"ਏਕ ਅਹਿੰਸਾ ਜਾਨੀਐ ਮਨ ਬਚ ਕਾਇਆਂ ਤੀਨ ।
ਪਰ ਕਾ ਬੁਰਾ ਜੋ ਚਿਤਵਨਾ ਮਨ ਕੀ ਹਿੰਸਾ ਚੀਨ ।
ਫਿੱਕਾ ਬੋਲ ਹਨਾਇ ਦੁਖਾਵੈ ।
ਹਿੰਸਾ ਬਚਨਨ ਕੀ ਕਹਿ ਲਾਵੈ ।
ਤੀਸਰ ਮਾਰਨ ਜੀਵਨ ਕੇਰੀ ।
ਇਨ ਕਉ ਤਿਆਗੈ ਹ੍ਵੈ ਬਿਨ ਦੇਰੀ ।"

Namdhari Elibrary NamdhariElibrary@gmail.com

## (ਸ) ਮਾਸ ਖਾਣ ਦਾ ਫਲ

ਲਾਹੌਰ ਦੇ ਲਾਗੇ ਕਿਸੇ ਪਿੰਡ ਵਿਚ ਇਕ ਦੁਨੀ ਚੰਦ ਖਤਰੀ ਦੇ ਘਰ ਸ੍ਰੀ ਗੁਰੂ ਨਾਨਕ ਦੇਵ ਜੀ ਪਧਾਰੇ ਹਨ। ਘਰ ਵਿਚ ਕੁਝ ਧੂਮ ਧਾਮ ਦੇਖ ਕੇ ਹਜ਼ੂਰ ਪੁਛਦੇ ਹਨ, 'ਦੁਨੀ ਚੰਦ! ਅਜ ਤੇਰੇ ਘਰ ਕੀ ਹੈ ?' ਦੁਨੀ ਚੰਦ ਕਹਿੰਦਾ ਹੈ — 'ਮਹਾਰਾਜ। ਅਜ ਮੇਰੇ ਪਿਤਾ ਜੀ ਦਾ ਸਰਾਧ ਹੈ, ਤੇ ਉਹਨਾਂ ਦੇ ਨਮਿਤ ਮੈਂ ਸੌ ਬ੍ਰਾਹਮਣਾਂ ਨੂੰ ਭੋਜਨ ਛਕਾਣਾ ਹੈ।' ਗੁਰੂ ਜੀ ਨੇ ਕਿਹਾ — 'ਦੁਨੀ ਚੰਦ ਤੇਰੇ ਪਿਤਾ ਨੂੰ ਤਾਂ ਤਿੰਨਾਂ ਦਿਨਾਂ ਤੋਂ ਕੁਝ ਨਹੀਂ ਮਿਲਿਆ।' ਹੈਰਾਨ ਹੋ ਕੇ ਪੁਛਿਆ — 'ਦੀਨ ਦਿਆਲ। ਉਹ ਕਿਥੇ ਹੈ ?' ਉਤਰ ਵਿਚ ਕਿਹਾ — 'ਏਥੋਂ ਪੰਜਾਂ ਕੋਹਾਂ ਦੇ ਫ਼ਾਸਲੇ ਤੇ ਇਕ ਮਲ੍ਹੇ ਵਿਚ ਬਘਿਆੜ ਦੇ ਰੂਪ ਵਿਚ ਬੈਠਾ ਹੈ। ਤੂੰ ਥਾਲ ਵਿਚ ਭੋਜਨ ਪਰੋਸ ਕੇ ਉਸ ਲਈ ਲੈ ਜਾਹ, ਡਰਨਾ ਨਹੀਂ। ਤੈਨੂੰ ਵੇਖ ਕੇ ਉਸ ਦੀ ਮਨੁੱਖ ਬੁੱਧੀ ਹੋ ਜਾਇਗੀ।' ਦੁਨੀ ਚੰਦ ਆਗਿਆ ਅਨੁਸਾਰ ਓਥੇ ਪਹੁੰਚ ਕੇ ਨਿਰਭੈਤਾ ਯੁਕਤ ਪ੍ਰਸ਼ਾਦ ਦਾ ਥਾਲ ਬਘਿਆੜ ਅਗੇ ਰਖ ਦੇਂਦਾ ਹੈ। ਬਘਿਆੜ ਦੀ ਬੁੱਧੀ ਬਦਲ ਜਾਂਦੀ ਹੈ। ਦੁਨੀ ਚੰਦ ਪੁਛਦਾ ਹੈ — 'ਪਿਤਾ ਜੀ ਤੁਮ ਤੋ ਬੜੇ ਉੱਤਮ ਲੋਕ ਥੇ, ਸ਼ੁਭ ਕਰਮੀ ਥੇ, ਇਹ ਬਘਿਆੜ ਕੀ ਦੇਹ ਤੁਸਾਂ ਕਿਉਂ ਪਾਈ ?' ਇਹ ਸੁਣ ਕਰ ਉਸ ਨੇ ਆਖਿਆ, 'ਹੇ ਪੁਤ੍ਰ ! ਇਹ ਮੇਰੀ ਦਸ਼ਾ ਏਸ ਕਰਕੇ ਹੋਈ ਹੈ ਕਿ ਮੈਨੂੰ ਪੂਰਾ ਗੁਰੂ ਨਹੀਂ ਮਿਲਿਆ ਆਹਾ। ਜਦ ਮੇਰੇ ਅੰਤ ਦਾ ਸਮਾਂ ਆਇਆ ਥਾ, **ਉਸ ਵੇਲੇ ਆਸ ਪਾਸ ਕਿਸੇ ਨੇ ਮਾਸ ਰਿੰਨ੍ਹਿਆਂ ਸੀ ਉਸ ਦੀ ਵਾਸ਼ਨਾ ਮੈਨੂੰ ਪਹੁੰਚੀ ਤਉ ਮੇਰਾ ਜੀਉ ਉਸ ਦੇ ਖਾਣ ਨੂੰ ਲੋਭਿਆ ਥਾ, ਇਸ ਕਰਕੇ ਮੁਝ ਕੋ ਇਹ ਜਨਮ ਮਿਲਿਆ ਹੈ।** ਇਸ ਕਰਕੇ ਹੇ ਪੁਤ੍ਰ ! ਤੁਝ ਕਉ ਭੀ ਏਹੀ ਚਾਹੀਏ, ਜੋ ਪੂਰੇ ਗੁਰੂ ਕੋ ਮਿਲ ਕਰ ਆਪਣਾ ਜਨਮ ਸੁਧਾਰ ਲੇਹੁ।' [ਵਡੀ ਜਨਮ ਸਾਖੀ ਭਾਈ ਬਾਲੇ ਵਾਲੀ ਜੋ ਖ਼ਾਲਸਾ ਗੁਰਮਤ ਪ੍ਰੈੱਸ ਛਿਹਰਟਾ 'ਅੰਮ੍ਰਿਤਸਰ' ਵਿਚ ਛਪਦੇ ਹੀ ਪ੍ਰਕਾਸ਼ਿਤ ਹੋਈ ਹੈ—ਪੰਨੇ ੫੬੦-੫੬੧]

Namdhari Elibrary NamdhariElibrary@gmail.com

## (ਹ) ਮੱਕੇ ਵਿਚ ਉਪਦੇਸ਼

ਸ੍ਰੀ ਗੁਰੂ ਨਾਨਕ ਦੇਵ ਅਰਬ ਦੇਸ਼ ਦੇ ਜਗਤ ਪ੍ਰਸਿੱਧ ਇਸਲਾਮੀ ਤਖ਼ਤ ਮੱਕੇ ਤੇ ਮਦੀਨੇ ਵਿਚ ਜਾ ਕੇ ਵੀ ਹਾਜੀਆਂ ਤੇ ਇਮਾਮਾਂ ਨੂੰ ਉਪਦੇਸ਼ ਕਰਦੇ ਹਨ, ਕਿ ਮਾਸ ਖਾਣਾ ਹਰਾਮ ਹੈ। ਜਿਸ ਚੀਜ਼ ਦੇ ਖਾਧਿਆਂ ਗੁੱਸਾ, ਸ਼ਹਿਵਤ ਤੇ ਤਕੱਬਰ ਪੈਦਾ ਹੋਵੇ ਉਸ ਦੇ ਖਾਣ ਨੂੰ ਧ੍ਰਿਕਾਰ ਹੈ। ਪੀਰ ਬਹਾਵੁਦੀਨ ਜੀ ਪ੍ਰਸ਼ਨ ਕਰਦੇ ਹਨ ਕਿ—ਜੀ ! ਕਿਨ੍ਹਾਂ ਚੀਜ਼ਾਂ ਦੇ ਖਾਣ ਨਾਲ ਵਿਕਾਰ ਉਪਜਦਾ ਹੈ ? ਉੱਤਰ ਵਿਚ ਗੁਰੂ ਬਾਬਾ ਜੀ ਉਚਾਰਣ ਕਰਦੇ ਹਨ :—

"ਜਬਰਾਂ ਮਾਰ ਨ ਸਕਨੀ ਚੀਤੇ ਸ਼ੇਰ ਪਿਲੰਗ।
ਥੀਏ ਹਰਾਮ ਬਹੁ ਜ਼ਾਲਮਾਂ ਜੋ ਮਾਰਨ ਅਗੋਂ ਡੰਗ।
ਡਾਢਿਆਂ ਕੋਈ ਨ ਮਾਰਈ ਕਰਨ ਜੋ ਅਗੋਂ ਜ਼ੋਰ।
ਜੋ ਗ਼ਰੀਬ ਨਿਮਾਨੜੇ ਤਿਨ੍ਹਾਂ ਲੇਂਦੇ ਮਾਸ ਅਧੋੜ।
ਲਿਖਿਆ ਚਾਰ ਕਿਤਾਬ ਵਿਚ ਸਭ ਪਰ ਜ਼ੋਰ ਹਰਾਮ।
ਸੋਈ ਕਲਮੇ ਪਾਕ ਜੋ ਮੰਨੇ ਰਬ ਕਲਾਮ।"

ਜ: ਸਾ: ਪੰ: ੨੬੨

## (ਕ) ਮਾਸ ਖਾਣ ਨਾਲ ਖੁਆਰੀ

ਮਦੀਨੇ ਵਿਚ ਚਾਰ ਇਮਾਮਾਂ ਨਾਲ ਗੋਸ਼ਟ ਕਰਦੇ ਹੋਏ ਪਾਤਸ਼ਾਹ ਕਹਿੰਦੇ ਹਨ :—

"ਲੈ ਫ਼ੁਰਮਾਨ ਖੁਦਾਇ ਦਾ ਆਏ ਮੁਸਲਮਾਨ।
ਮਾਰਨ ਗਊ ਗਰੀਬ ਨੂੰ ਦਿਤੇ ਭੁਲਾ ਸ਼ੈਤਾਨ।
ਕਹਿੰਦੇ ਪਕੜ ਪਰਿੰਦਿਆਂ ਔਰ ਕਹਿੰਦੇ ਜੀਅ।
ਮਾਰਨ ਛੁਰੀਆਂ ਲਤ ਦੇ ਕਹਿਣ ਹਲਾਲੀ ਥੀਅ।
ਤੁਰਦੇ ਫਿਰਦੇ ਜੀਆਂ ਨੂੰ ਦੇਵਨ ਤੁਰਕ ਅਜ਼ਾਰ।
ਖਾਵਣ ਮਾਸ ਹਲਾਲ ਕਹਿ ਹੋਸਨ ਅੰਤ ਖੁਆਰ।

[ਜਨਮ ਸਾਖੀ ਪੰਨਾ ੨੯੨]

ਪੰਨਾ ੨੯੭ :—"ਹਿੰਦੂ ਮੁਸਲਮਾਨ ਦੁਇ ਹੁਇ ਬੰਧ ਨਿਆਰੇ ਦੋਇ। ਓਨ੍ਹਾਂ ਖਾਧਾ ਹੱਡ ਮਾਸ ਉਹ ਪੀਵਨ ਦੁਧ ਲੈ ਚੋਇ। ਜਿਦੋਂ ਜਿਦੀ ਆਪੋ ਵਿਚ

Namdhari Elibrary NamdhariElibrary@gmail.com

ਹਿੰਦੂ ਤੁਰਕ ਲੜਾਇ। ਓਹਨਾਂ ਮਾਰਿਆ ਸੂਰ ਨੂੰ ਓਹਨਾਂ ਮਾਰੀ ਗਾਂਇ। ਦੋਹਾਂ ਕੀਤੀ ਹਤਿਆ ਮੁਏ ਨ ਜੀਵਨ ਫੇਰ। ਦਰਗਹ ਸਚੇ ਰੱਬ ਦੀ ਦੁਇ ਲੈਣ ਸਜਾਈਂ ਢੇਰ।"

ਪੰਨਾ ੩੦੬ :—"ਸੁਣਹੁ ਪੀਰ ਬਹਾਵੁਦੀਨ ਆਖੇ ਨਾਨਕ ਪੀਰ। ਬੇਗੁਨਾਹ ਜੋ ਜਾਨਵਰਾਂ ਕਰਦੇ ਕਿਉਂ ਤਕਬੀਰ। ਜ਼ੋਰ ਜੁਲਮ ਹਰਾਮ ਹੈ ਸਿਰ ਗਰੀਬਾਂ ਸੋਇ। ਬੇਜ਼ਬਾਨਾਂ ਨੂੰ ਮਾਰ ਕੇ ਖਾਵੇ ਮਾਸ ਜਿ ਕੋਇ। ਜਿਤੀ ਪੈਦਾਇਸ਼ ਰਬ ਦੀ ਕਾਨ ਹੈਵਾਨ ਨਬਾਤ। ਸਭਨਾਂ ਅੰਦਰ ਇਕ ਰਬ ਕੀਚਨ ਨਾਹੀਂ ਘਾਤ। ਕਿਤੀਂ ਸ਼ਈਂ ਪਾਕ ਹੈ ਕਿਤੀ ਸ਼ਈਂ ਪਲੀਤ। ਨਫ਼ਸੇ ਕਾਰਨ ਮਾਰੀਐ ਕਹੀ ਖੁਦਾਇ ਹਦੀਸ। ਕਾਰਨ ਸਵਾਦੇ ਨਫਸ ਦੇ ਜਾਨਾਂ ਜ਼ਿਬ੍ਹੇ ਕਰਾਇ। ਜਿਸ ਨੂੰ ਕੋਈ ਮਾਰਸੀ ਫਿਰ ਉਹ ਭੀ ਕੁਹਸੀ ਆਇ। ਤੰਦਰੁਸਤ ਨ ਮਾਰੀਐ ਜੋ ਫਿਰਦਾ ਗਲੀਆਂ ਮਾਹਿ। ਆਈ ਅਜ਼ਲ ਜੋ ਗਿਰੇ ਸੋ ਕਹੇਂ ਹਲਾਲੀ ਖਾਇ। ਬਾਝੋਂ ਖਾਣੇ ਤਾਮ ਦੇ ਖਾਣਾ ਹੋਰ ਹਰਾਮ। ਨਫਸ ਰਜ਼ਾਈ ਬਾਤਲੀ ਕਹਿਆ ਮੂਲ ਨ ਮਾਨ। ਜੋ ਕਰੇਂ ਰਿਆਜ਼ਤ ਬੰਦਗੀ ਤਿਨ੍ਹਾਂ ਮਾਸ ਨ ਪਾਕ। ਸਭਨਾਂ ਅੰਦਰ ਰਮ ਰਹਿਆ ਹਰ ਦਮ ਸਾਹਿਬ ਆਪ।"

ਪੰਨਾ ੩੦੭ :—ਕਮਾਲਦੀਨ ਨੇ ਪ੍ਰਸ਼ਨ ਕੀਤਾ, ਪੀਰ ਜੀ! ਇਨ੍ਹਾਂ ਜੀਆਂ ਨੂੰ ਨਾ ਮਾਰਿਆ ਜਾਏਗਾ ਤਾਂ ਇਹ ਧਰਤੀ ਨੂੰ ਹੀ ਮਲ ਲੈਣਗੇ। ਗੁਰੂ ਸਾਹਿਬ ਜਵਾਬ ਦੇਂਦੇ ਹਨ :—

"ਆਖੈ ਨਾਨਕ ਸ਼ਾਹ ਸਚ ਸੁਨਹੁ ਦਿਮਾਮ ਕਮਾਲ।
ਜੋ ਗ਼ਾਲਿਬ ਹੋਦਿ ਇਨਸਾਨ ਪਰ ਮਾਰਨ ਤਿਨ੍ਹਾਂ ਹਲਾਲ।
ਗਊ ਭੈਂਸ ਤੇ ਮੁਰਗ਼ੀਆਂ ਜੋ ਹੈਨ ਹੈਵਾਨ ਗ਼ਰੀਬ।
ਤਿਹ ਪਰ ਛੁਰੀ ਹਰਾਮ ਹੈ ਖਾਵਨ ਤਿਨ੍ਹਾਂ ਪਲੀਤ।
ਜਬਰਾਂ ਮਾਰ ਨ ਹੰਘੀਐ ਜੋ ਕਰਨ ਅਗੋਂ ਤੇ ਜ਼ੋਰ।
ਜਿਸ ਪਰ ਜ਼ੋਰਾ ਨਾਂ ਚਲੇ ਦੇਣ ਹਰਾਮ ਕਰ ਛੋਰ।
ਜੋ ਬਿਚਾਰੇ ਜਾਨਵਰ ਮਾਰਨ ਤਿਨ੍ਹਾਂ ਰਵਾਲ।
ਬਿਨਾਂ ਰਜ਼ਾਇ ਖ਼ੁਦਾਇ ਦੀ ਤਿਹ ਪਰ ਛੁਰੀ ਜ਼ਵਾਲ।
ਮੂਈ ਸ਼ੈ ਮੁਰਦਾਰ ਹੈ ਸਹਿਕੇ ਜਾਨ ਕਵਾਇ।
ਖਾਣਾਂ ਏਹ ਹਲਾਲ ਹੈ ਤਿਸ ਪਰ ਛੁਰੀ ਰਵਾਇ।

Namdhari Elibrary NamdhariElibrary@gmail.com

ਖਾਧਿਆਂ ਮਾਸ ਗੁਨਾਹ ਹੈ ਜ਼ੋਰੀ ਕੀਆ ਹਲਾਲ ।
ਜ਼ੋਰੀ ਕੁਠਾ ਹਰਾਮ ਹੈ ਤਿਸ ਤੇ ਹੋਇ ਜ਼ਵਾਲ ।

## ਦਰਦਵੰਦ ਦਰਵੇਸ਼

ਪੰਨਾ ੩੦੮ :—ਤਉਰੇਤ ਅੰਜੀਲ ਜ਼ਬੂਰ ਫੁਰਕਾਨ ।
ਚਾਰੋਂ ਕੂਕੇਂ ਜ਼ੋਰ ਹਰਾਮ ।
ਅਲਹ ਫੁਰਮਾਇਆ ਮੰਨੈ ਨ ਕੋਇ ।
ਖੁਦੀ ਬਖੀਲੀ ਕਰੇ ਸਭ ਕੋਇ ।
ਬੇ ਜ਼ਬਾਨ ਪਰ ਛੁਰੀ ਹਰਾਮ ।
ਕਿਆਮਤ ਲੇਖਾ ਰਹਿਆ ਅਮਾਨ ।
ਜੈਸਾ ਕਰੇ ਤੈਸਾ ਹੀ ਪਾਵੈ ।
ਹਥੋ ਹਥੀ ਝਗੜ ਚੁਕਾਵੈ ।
ਸਾਬਰ ਦਰਦਵੰਦ ਦਰਵੇਸ਼ ।
ਬੇ ਦਰਦਾਂ ਕੋ ਕਿਆਮਤ ਪੇਸ਼ ।
ਦੇਣਾਂ ਲੈਣਾਂ ਛਡੇ ਨ ਕੋਇ ।
ਆਖਰ ਵਕਤ ਨਿਬੇੜਾ ਹੋਇ ।

## (ਖ) ਸ਼ੀਹੇਂ ਉੱਪਲ ਨੂੰ ਉਪਦੇਸ਼

ਸੂਰਜ ਪ੍ਰਕਾਸ਼ ਰਾਸ ੧ ਅੰਸੂ ੨੬ ਵਿਚ ਇਕ ਕਥਾ ਆਉਂਦੀ ਹੈ, ਕਿ ਇਕ ਵਾਰ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਆਪਣੇ ਨਗਰ ਖਡੂਰ ਸਾਹਿਬ ਤੋਂ ਸ੍ਰੀ ਗੋਇੰਦਵਾਲ ਨੂੰ ਜਾ ਰਹੇ ਸਨ। ਰਾਹ ਵਿਚ ਆਪ ਦਾ ਸਿੱਖ ਸ਼ੀਹਾਂ ਉੱਪਲ ਮਿਲਿਆ, ਜੋ ਆਪਣੇ ਪੁੱਤਰ ਦੀਆਂ ਰੀਤਾਂ ਦੇ ਸਮੇਂ ਮਾਸ ਬਨਾਣ ਵਾਸਤੇ ਇਕ ਸੌ ਬੱਕਰੇ ਨਾਲ ਲਈ ਜਾ ਰਿਹਾ ਸੀ। ਗੁਰੂ ਜੀ ਨੇ ਪੁਛਿਆ—'ਬੱਕਰੇ ਕਿਉਂ ਇਕੱਠੇ ਕੀਤੇ ਨੇ' ? ਸ਼ੀਹੇਂ ਅਰਜ਼ ਕੀਤੀ, 'ਮਹਾਰਾਜ ! ਮੇਰੇ ਪੁੱਤਰ ਦੀਆਂ ਰੀਤਾਂ ਹਨ। ਸਾਡੇ ਵਡਿਆਂ ਦੀ ਇਹ ਰੀਤ ਚਲੀ ਆਈ ਹੈ, ਕਿ ਐਸੇ ਅਵਸਰ ਤੇ ਬਰਾਦਰੀ ਅਤੇ ਮੇਲ ਮੰਡਲ ਨੂੰ ਮਾਸ ਨਾਲ ਰੋਟੀ ਖਵਾਈ ਜਾਵੇ।' ਗੁਰੂ ਜੀ ਨੇ ਕਿਹਾ :—

Namdhari Elibrary NamdhariElibrary@gmail.com

ਇਤਨੇ ਜੀਵਨ ਹਿੰਸਾ ਕਰੈਂ ॥
ਪਾਪ ਬਿਸਾਲ ਆਪਨ ਸਿਰ ਧਰੈਂ ॥
ਅਬ ਤੋ ਸੁਗਮ ਜਾਨੀਐ ਕਰਬੋ ॥
ਅੰਤ ਮਹਾ ਦੁਖ ਨਰਕਨ ਪਰਬੋ ॥
ਦੇਹਿੰ ਸਾਸਨਾਂ ਜਮ ਕੇ ਦੂਤ ॥
ਤਹਾਂ ਨ ਪਹੁੰਚੇ ਬੰਧਪ ਪੂਤ ॥ ੮ ॥
ਜਿਨਕੇ ਹਿਤ ਅਘ ਕਰਮ ਕਮਾਹਿ ॥
ਤਹਾਂ ਨ ਰੰਚਕ ਹੋਹਿ ਸਹਾਇ ॥
ਸੁਖ ਭੋਗਨਗੇ ਸਗਰੇ ਲੋਕ ॥
ਅਪਦਾ ਪਰੇ ਤੋਹਿ ਬਡ ਸ਼ੋਕ ॥ ੯ ॥
ਧਰਮ ਰਾਇ ਜਬ ਕਰ ਹੈ ਲੇਖਾ ॥
ਲਹੈ ਮਹਾ ਦੁਖ ਰਹੈ ਨ ਸੇਖਾ ॥"

## ਸ਼ੀਹੇਂ ਨੂੰ ਭੈ

ਸਤਿਗੁਰਾਂ ਦੇ ਬਚਨ ਸੁਣ ਕੇ ਸ਼ੀਹਾਂ ਬੜਾ ਡਰਿਆ, ਤੇ ਹੱਥ ਜੋੜ ਅਰਜ਼ ਕੀਤੀ :—

"ਨੀਕੀ ਬਾਤ ਆਪ ਮੁਝ ਕਹੋ ॥
ਬਚ ਜਿਮ ਰਹੋਂ ਸੋ ਮੈਂ ਭੀ ਚਹੋਂ ॥ ੧੧ ॥
ਹੋਇ ਨ ਪਾਪ ਨਰਕ ਨਹਿ ਪਰਹੂੰ ॥
ਜੀਵ ਘਾਤ ਤੇ ਚਿਤ ਮਹਿ ਡਰਹੂੰ ॥
ਆਪ ਸ਼ਕਤ ਧਰਹੋ ਸਮ੍ਰੱਥ ॥
ਰਾਖਹੁ ਮੋਹਿ ਦੇਹੁ ਹਰਿ ਹਥੁ ॥ ੧੨ ॥
ਤੁਮ ਤੇ ਬਡੋ ਕਹਾਂ ਮੈਂ ਪਾਵੋਂ ॥
ਪਰਿਓ ਸ਼ਰਣ ਮੈਂ ਨਿਤ ਗੁਣ ਗਾਵੋਂ ॥
ਜਿਮ ਇਹ ਜੀਅ ਘਾਤ ਨਹਿ ਹੋਵੈ ॥
ਨਹੀਂ ਜਠੇਰਨ ਕਉ ਦੁਖ ਜੋਵੈ ॥ ੧੩ ॥
ਅਸ ਉਪਾਇ ਅਬ ਆਪ ਅਲਾਵਹੁ ॥
ਅਪਨੋ ਸੇਵਕ ਜਾਨ ਬਤਾਵਹੁ ॥"

Namdhari Elibrary NamdhariElibrary@gmail.com

## ਗੁਰੂ ਜੀ

"ਹਮਰੇ ਦੁਆਰੇ ਮੁੰਡਨ ਕਰੋ ॥
ਉਰ ਕੋ ਭਰਮ ਸਗਰ ਪਰਹਰੋ ॥
ਬਿਘਨ ਜਠੇਰਨ ਕੋ ਨਹਿ ਹੋਇ ॥
ਸਿਮਰਹੁ ਸਤਿਨਾਮੁ ਦੁਖ ਖੋਇ ॥ ੧੫ ॥
ਜਿਨ ਕੌ ਦੁਖਦਾਇਕ ਤੂੰ ਜਾਨੈਂ ॥
ਜੇ ਤੇਰੇ ਸਭ ਬਿਘਨਨ ਠਾਨੈਂ ॥
ਸਰਬ ਓਰ ਤੇ ਹੋਹਿ ਰਖਵਾਰੇ ॥
ਸਭ ਸੁਖ ਦੇਹਿ ਨ ਕਾਜ ਬਿਗਾਰੇ ॥ ੧੬ ॥
ਅਜ ਸਗਰੇ ਅਬ ਦੀਜੈ ਛੋਰ ॥
ਨਰਕ ਨਿਹਾਰਹਿ ਨਹਿ ਦੁਖ ਘੋਰ ॥"

ਸ਼ੀਹੇਂ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਸਾਰੇ ਬੱਕਰੇ ਓਥੇ ਹੀ ਛਡ ਦਿਤੇ :—

"ਅਜ ਖਲਾਸ ਤਿਸ ਛਿਨ ਸਭ ਕੀਨੇ ॥
ਗੁਰ ਕੇ ਚਰਨ ਕਮਲ ਮਨ ਲੀਨੇ ॥"

ਇਸ ਪ੍ਰਸੰਗ ਤੋਂ ਸਿੱਧ ਹੁੰਦਾ ਹੈ, ਕਿ ਸ੍ਰੀ ਗੁਰੂ ਅੰਗਦ ਦੇਵ ਜੀ ਜੀਵ ਹਿੰਸਾ ਤੇ ਮਾਸ ਦੇ ਸਖ਼ਤ ਵਿਰੋਧੀ ਸਨ। ਆਪ ਮਾਸ ਖਾਣ ਦਾ ਫਲ ਨਰਕ ਮੰਨਦੇ ਹੋਏ ਸਿੱਖਾਂ ਨੂੰ ਜੀਵ ਹਿੰਸਾ ਕਰਨ ਤੇ ਮਾਸ ਖਾਣ ਦੇ ਵਿਰੁੱਧ ਉਪਦੇਸ਼ ਦੇ ਕੇ ਉਨ੍ਹਾਂ ਦਾ ਭਲਾ ਲੋੜਦੇ ਸਨ।

## (ਗ) ਛੇਵੇਂ ਪਾਤਸ਼ਾਹ ਅਤੇ ਤਿਲੋਕਾ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮੀਰੀ ਪੀਰੀ ਦੇ ਮਾਲਿਕ ਜੀਆਂ ਉਤੇ ਦਇਆ ਕਰਨ ਦਾ ਉਪਦੇਸ਼ ਕੀਤਾ ਕਰਦੇ, ਅਤੇ ਅਹਿੰਸਕ ਸਿੱਖਾਂ ਦੀ ਸਹਾਇਤਾ ਕਰਨ ਦੇ ਆਦੀ ਸਨ। ਦੇਖੋ ਗੁਰ ਬਿਲਾਸ ਪਾਤਸ਼ਾਹੀ ੬ ਅਧਿਆਇ ੮ ਛੰਦ ੮੯ ਤੋਂ ਅਗੇ :—

ਸਚੇ ਪਾਤਸ਼ਾਹ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸੁਭਾਇਮਾਨ ਹਨ।

Namdhari Elibrary NamdhariElibrary@gmail.com

ਤਿਲੋਕਾ ਨਾਮੀ ਇਕ ਪੁਰਸ਼ ਚਰਨ-ਕਮਲਾਂ ਵਿਚ ਸੀਸ ਨਿਵਾ ਕੇ ਉਪਦੇਸ਼ ਲੈਣ ਲਈ ਬੇਨਤੀ ਕਰਦਾ ਹੈ :—

"ਗੁਰੂ ਕਹਾ ਸਤਿਨਾਮ ਰਿਦ ਧਾਰੋ ॥
ਸਭ ਜੀਵਨ ਪਰ ਦਇਆ ਵਿਚਾਰੋ ॥ ੯੦ ॥ ਦੋਹਰਾ ॥
ਸਰਬ ਭੂਤ ਆਤਮ ਪਿਖੋ ਕਿਸੇ ਦੁਖਾਵੋ ਨਾਹਿ ॥
ਯਾ ਸਮ ਭਗਤਿ ਨ ਹੋਰ ਹੈ ਧਰੋ ਸਤ ਰਿਦ ਮਾਹਿ ॥" ੯੧ ॥

ਭਾਈ ਤਿਲੋਕਾ ਭਜਨ (ਉਪਦੇਸ਼) ਲੈ ਨਮਸ਼ਕਾਰ ਕਰ ਵਿਦਾ ਹੋ ਜਾਂਦਾ ਹੈ। ਉਹ ਗਜਨੀ ਦੇ ਇਕ ਮੁਗਲ ਰਾਜੇ ਦਾ ਨੌਕਰ ਹੈ। ਪੰਜਾਹ ਰੁਪੈ ਮਹੀਨਾ ਤਨਖਾਹ ਹੈ। ਇਕ ਦਿਨ ਮੁਗਲ ਸ਼ਿਕਾਰ ਚੜ੍ਹਦਾ ਹੈ। ਤਿਲੋਕਾ ਵੀ ਨਾਲ ਹੈ। ਉਸ ਦੇ ਅਗੇ ਗਰਭਣੀ ਹਰਨੀ ਨਿਕਲਦੀ ਹੈ। ਦੌੜ ਕੇ ਤਲਵਾਰ ਮਾਰ ਹਰਨੀ ਦੇ ਦੋ ਟੁਕੜੇ ਕਰ ਦੇਂਦਾ ਹੈ :

"ਤਿਲੋਕੇ ਤਮਕ ਤੇਗ ਤਹਿੰ ਝਾੜੀ ॥
ਗਰਭ ਸਹਿਤ ਮ੍ਰਿਗਨੀ ਭੀ ਮਾਰੀ ॥
ਤਾਂਹਿ ਉਦਰ ਤੋਂ ਬੱਚ ਗਿਰਾਏ ॥
ਨਿਕਸ ਤੜਫ ਤਿਹ ਪ੍ਰਾਨ ਤਜਾਏ ॥ ੯੪ ॥ ਦੋਹਰਾ ॥
ਤਿਲੋਕਾ ਦਿਖ ਬਿਸਮੈ ਭਯੋ, ਨਿਜ ਮਨ ਧ੍ਰਿਗੇ ਉਚਾਰ ॥
ਗੁਰ ਕਾ ਬਚਨ ਬਿਸਾਰਿਓ ਰੇ ਜੜ੍ਹ ਮੂੜ੍ਹ ਗਵਾਰ ॥ ੯੫ ॥
ਗੁਰ ਕਾ ਬਚਨ ਦਇਆ ਰਿਦ ਧਾਰੋ ॥
ਸਰਬ ਭੂਤ ਆਤਮ ਦ੍ਰਿਸਟਾਰੋ ॥
ਸੋ ਵਿਸਾਰ ਤੈਂ ਮਨ ਤੇ ਦੀਨਾ ॥
ਸੋ ਵਿਸਾਰ ਹਿੰਸਾ ਕੋ ਕੀਨਾ ॥
ਤਾਂਤੇ ਤੇਗ਼ ਰਖੋਂ ਨਹਿ ਪਾਸਾ ॥
ਹੋਵਤ ਤੇਗ਼ ਜੀਵ ਹੋਇ ਨਾਸਾ ॥
ਕਾਸ਼ਟ ਤੇਗ ਮਿਆਨ ਮਧ ਡਾਰੀ ॥
ਮੂਠ ਲੋਹ ਤਿਹ ਸਾਥ ਸਵਾਰੀ" ॥ ੯੬ ॥

ਇਕ ਦਿਨ ਕੋਈ ਚੁਗਲ ਰਾਜਾ ਪਾਸ ਸ਼ਿਕਾਇਤ ਕਰਦਾ ਹੈ, ਕਿ ਤਿਲੋਕ ਚੰਦ ਦੀ ਤਲਵਾਰ ਕਾਠ ਦੀ ਹੈ, ਜਿਸ ਤੋਂ ਅੰਦੇਸ਼ਾ ਹੈ, ਕਿ ਕਿਤੇ ਸਮੇਂ ਸਿਰ ਸਰਕਾਰ ਨੂੰ ਧੋਖਾ ਦੇਵੇ। ਰਾਜਾ ਇਸ ਗੱਲ ਦੀ ਪ੍ਰੀਖਿਆ ਵਾਸਤੇ ਇਕ ਖ਼ਾਸ

ਦਰਬਾਰ ਨੀਅਤ ਕਰ ਕੇ ਸਭ ਸਰਦਾਰਾਂ ਨੂੰ ਹੁਕਮ ਦਿੰਦਾ ਹੈ, ਕਿ ਵਾਰੀ ਵਾਰੀ ਆਪਣੀਆਂ ਤਲਵਾਰਾਂ ਵਖਾਓ। ਇਹ ਨਾਟਕ ਇਕ ਬੰਨਿਓਂ ਸ਼ੁਰੂ ਹੋ ਜਾਂਦਾ ਹੈ। ਭਾਈ ਤਿਲੋਕਾ ਜੀ ਮਨ ਹੀ ਮਨ ਮੀਰੀ ਪੀਰੀ ਦੇ ਮਾਲਿਕ ਅਗੇ ਅਰਦਾਸ ਕਰ ਰਹੇ ਹਨ, ਕਿ ਲਜਿਆ ਆਪ ਨੇ ਹੀ ਰਖਣੀ ਹੈ। ਕਿਉਂਕਿ ਆਪ ਦੇ ਹੀ ਅਹਿੰਸਾ ਰੂਪ ਉਪਦੇਸ਼ ਉਤੇ ਅਮਲ ਕਰਦਿਆਂ ਹੋਇਆਂ ਮੈਂ ਕਾਠ ਦੀ ਤਲਵਾਰ ਗੁਪਤ ਰੂਪ ਵਿਚ ਰਖੀ ਹੋਈ ਹੈ। ਜੇ ਹੁਣ ਪਰਦਾ ਖੁਲ੍ਹ ਗਿਆ ਤਾਂ ਮੇਰੀ ਹਾਨੀ ਨਹੀਂ, ਆਪ ਨੂੰ ਹੀ ਲਜਿਆ ਹੈ। ਵਾਰੀ ਅਨੁਸਾਰ ਬੜੇ ਨਿਸਚੇ ਨਾਲ ਸਤਿਨਾਮ ਕਹਿ ਕੇ ਮਿਆਨ ਵਿਚੋਂ ਤਲਵਾਰ ਖਿਚਦਾ ਹੈ। ਤਲਵਾਰ ਬਿਜਲੀ ਦੇ ਸਮਾਨ ਚਮਕਦੀ ਹੋਈ ਵੇਖ ਸਭ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ। ਗੁਰ ਬਿਲਾਸ ਦੇ ਕਰਤਾ ਜੀ ਲਿਖਦੇ ਹਨ :—

"ਸਤਿਨਾਮ ਕਹਿ ਤੇਗ਼ ਨਿਕਾਰੀ।
ਉਤਮ ਅਸਿ ਜਿਹ ਕੀਮਤ ਭਾਰੀ।
ਤਿਲੋਕੇ ਦਿਖ ਧੰਨ ਗੁਰ ਕੋ ਕਹਾ।
ਮੁਗ਼ਲ ਤੇਗ਼ ਦਿਖ ਬਡ ਸੁਖ ਲਹਾ॥" ੧੦੪॥

ਫਲਸਰੂਪ ਚੁਗ਼ਲਖੋਰ ਦਾ ਮੂੰਹ ਕਾਲਾ ਹੁੰਦਾ ਤੇ ਉਸ ਨੂੰ ਨੌਕਰੀ ਤੋਂ ਹਟਾ ਦਿਤਾ ਜਾਂਦਾ ਹੈ। ਕੁਝ ਕਾਲ ਉਪਰੰਤ ਤਿਲੋਕਾ ਜੀ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਸਾਰੀ ਕਥਾ ਸੁਣਾਂਦੇ ਹਨ, ਗੁਰੂ ਜੀ ਉਚਾਰਨ ਕਰਦੇ ਹਨ :—

ਭਾਈ ! ਜੇਹੜਾ ਸਿੱਖ ਜੀਆਂ ਤੇ ਦਇਆ ਕਰਦਾ ਹੈ, ਸੰਕਟ ਸਮੇਂ ਗੁਰੂ ਜੀ ਉਸ ਦੀ ਸਹਾਇਤਾ ਕਰਦੇ ਹਨ :—

"ਸ੍ਰੀ ਗੁਰ ਕਹਾ ਦਇਆ ਅਸ ਭਾਈ।
ਦਇਆ ਦੇਖ ਗੁਰ ਕਰੈ ਸਹਾਈ॥"

## (੫) ਸ਼ੰਕਾ ਸਮਾਧਾਨ

ਇਸ ਪ੍ਰਕਰਣ ਵਿਚ ਮਾਸਾਹਾਰੀ ਸਿੱਖਾਂ ਦੀਆਂ ਸ਼ੰਕਾਵਾਂ ਤੇ ਉਨ੍ਹਾਂ ਦਾ ਸਮਾਧਾਨ ਪਾਠਕਾਂ ਦ੍ਰਿਸ਼ਟੀਗੋਚਰ ਕੀਤਾ ਜਾਂਦਾ ਹੈ। ਸ਼ੰਕਾਂ ਹੇਠਾਂ ਲਿਖੇ ਅਨੁਸਾਰ ਹਨ :—

Namdhari Elibrary NamdhariElibrary@gmail.com

(ੳ) ਗੁਰੂ ਨਾਨਕ ਦੇਵ ਨੇ ਕੁਰਖੇਤਰ ਵਿਚ ਮਾਸ ਰਿੰਨਿਆਂ ਅਤੇ "ਮਾਸ ਮਾਸ ਕਰ ਮੂਰਖ ਝਗੜੇ" ਵਾਲੇ ਮਲਾਰ ਦੀ ਵਾਰ ਵਿਖੇ ਉਚਾਰੇ ਗਏ ਸਲੋਕਾਂ ਦੁਆਰਾ ਮਾਸ ਖਾਣ ਦਾ ਪਰਚਾਰ ਕੀਤਾ।

(ਅ) ਗੁਰੂ ਅੰਗਦ ਦੇਵ ਦੇ ਲੰਗਰ ਵਿਚ ਮਾਸ ਬਣਦਾ ਹੁੰਦਾ ਸੀ।

(ੲ) ਗੁਰਬਾਣੀ ਵਿਚ ਲਿਖਿਆ ਹੈ — "ਸਿੰਘ ਰੁਚੈ ਸਦ ਭੋਜਨ ਮਾਸ।"

(ਸ) ਭਾਈ ਗੁਰਦਾਸ ਜੀ ਨੇ ਲਿਖਿਆ ਹੈ — "ਮਾਸ ਪਵਿਤ੍ਰ ਗ੍ਰਿਸਤ ਨੋਂ।"

(ਹ) ਦਸਵੇਂ ਪਾਤਸ਼ਾਹ ਨੇ ਅੰਮ੍ਰਿਤ ਛਕਾਣ ਸਮੇਂ ਬਕਰੇ ਝਟਕਾਏ ਸਨ।

(ਕ) ਅੰਮ੍ਰਿਤ ਛਕਾਣ ਸਮੇਂ ਚਾਰ ਬੱਜਰ ਕੁਰਹਿਤਾਂ ਵਿਚੋਂ ਇਕ ਇਹ ਦੱਸੀ ਗਈ ਸੀ, ਕਿ — "ਕੁਠਾ ਨਹੀਂ ਖਾਣਾ," ਜਿਸ ਦਾ ਮਤਲਬ ਇਹ ਹੈ ਕਿ ਝਟਕਾ ਖਾ ਲੈਣਾ।

(ਖ) ਮਾਸ ਦਾ ਨਾਮ "ਮਹਾਂਪ੍ਰਸ਼ਾਦ" ਸਿੱਧ ਕਰਦਾ ਹੈ, ਕਿ ਮਾਸ ਉਤਮ ਪ੍ਰਸ਼ਾਦ ਹੈ।

(ਗ) ਮਹਾਂਪ੍ਰਸ਼ਾਦ ਛਕਣ ਨਾਲ ਸੂਰਬੀਰਤਾ ਤੇ ਜੰਗ ਕਰਨ ਦੀ ਤਾਕਤ (Martial Spirit) ਪੈਦਾ ਹੁੰਦੀ ਹੈ।

(ਘ) ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਿਕਾਰ ਖੇਡਣ ਤੋਂ ਸਿੱਧ ਹੁੰਦਾ ਹੈ ਕਿ ਆਪ ਮਾਸ ਖਾਣਾ ਪਾਪ ਨਹੀਂ ਸਨ ਸਮਝਦੇ।

(ਙ) ਦਸਵੇਂ ਪਾਤਸ਼ਾਹ ਨੇ ਮਾਛੀਵਾੜੇ ਵਿਚ ਮਾਸ ਖਾਧਾ।

(ਚ) ਬੰਦੇ ਦੇ ਆਸ਼੍ਰਮ ਤੇ ਬੱਕਰੇ ਝਟਕਾਏ।

(ਛ) ਜੇ ਮਾਸ ਖਾਣ ਨਾਲ ਜੀਵ ਹਤਿਆ ਹੁੰਦੀ ਹੈ, ਤਾਂ ਅੰਨ ਜਲ ਵੀ ਤਿਆਗਣਾ ਪਵੇਗਾ, ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ ਕਿ — "ਜੇਤੇ ਦਾਣੇ ਅੰਨ ਕੇ ਜੀਆਂ ਬਾਝ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭ ਕੋਇ ॥"

Namdhari Elibrary NamdhariElibrary@gmail.com

## ਸਮਾਧਾਨ

(ੳ) ਕੁਰਖੇਤਰ ਵਿਖੇ ਸੂਰਜ ਗ੍ਰਹਿਣ ਦੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਸ ਰਿੰਨ੍ਹਣ ਦਾ ਪ੍ਰਸੰਗ ਮਾਸਾਹਾਰੀਆਂ ਦੀ ਤਕੜੀ ਓਟ ਬਣਿਆ ਹੋਇਆ ਹੈ, ਪਰੰਤੂ ਇਸ ਦੁਆਰਾ ਗੁਰੂ ਜੀ ਦਾ ਮਾਸ ਖਾਣਾ ਅਤੇ ਮਾਸ ਖਾਣ ਦਾ ਪ੍ਰਚਾਰ ਕਰਨਾ ਕਿਸੇ ਤਰ੍ਹਾਂ ਵੀ ਸਿੱਧ ਨਹੀਂ ਹੁੰਦਾ। ਏਸ ਪ੍ਰਸੰਗ ਨੂੰ ਸਿੱਖ ਇਤਿਹਾਸ ਦੇ ਲੇਖਕਾਂ ਨੇ ਜਿਸ ਤਰ੍ਹਾਂ ਲਿਖਿਆ ਹੈ, ਪਹਿਲੋਂ ਵਾਕਫ਼ੀ ਵਾਸਤੇ ਏਥੇ ਅੰਕਿਤ ਕਰਕੇ ਉਪਰੰਤ ਉਸ ਦਾ ਵਿਚਾਰ ਪਾਠਕਾਂ ਦੀ ਭੇਟਾ ਕੀਤਾ ਜਾਵੇਗਾ।

੧. ਜਨਮ ਸਾਖੀ ਭਾਈ ਬਾਲਾ ਵਾਲੀ ਸਭ ਤੋਂ ਵਡੀ ਛਾਪਾ ਟਾਈਪ, ਪੰਨਾ ੩੨੭ ਤੋਂ ੩੨੯ ਤਕ ਲਿਖਿਆ ਹੈ ਕਿ "ਪਟਨੇ ਕੇ ਰਾਜੇ ਕਾ ਪੁੱਤਰ ਦੁਸ਼ਮਨਾਂ ਦਾ ਭਜਾਇਆ ਹੋਇਆ ਉਸ ਸਮੇਂ ਕੁਲਛੇਤਰ ਮੇਂ ਆਯਾ ਤਾਂ ਉਹ ਰਸਤੇ ਵਿਚੋਂ ਸ਼ਿਕਾਰ ਖੇਲ ਕੇ ਮ੍ਰਿਗ ਮਾਰ ਲਿਆਇਆ...ਉਹ ਮ੍ਰਿਗ ਗੁਰੂ ਜੀ ਦੀ ਅਗੇ ਭੇਟ ਕੀਤਾ।" ਅਗੇ ਲਿਖਿਆ ਹੈ ਕਿ ਗੁਰੂ ਜੀ ਦੀ ਆਗਿਆ ਅਨੁਸਾਰ ਬਾਲੇ ਨੇ ਦੇਗ ਵਿਚ ਰਿੰਨ੍ਹਣਾ ਧਰ ਦਿਤਾ। ਸੰਨਿਆਸੀਆਂ ਦੇ ਪੁਛਣ ਤੇ ਗੁਰੂ ਜੀ ਨੇ ਕਿਹਾ ਮਾਸ ਧਰਿਆ ਹੈ। ਤਾਂ ਸੰਨਿਆਸੀਆਂ ਕਿਹਾ ਭਾਈ ਉਧਰ ਸੂਰਜ ਗ੍ਰਹਿਣ ਲਗਾ ਹੈ ਇਧਰ ਤੂੰ ਮਾਸ ਰਿੰਨ੍ਹ ਕਰ ਖਾਂਦਾ ਹੈਂ ? ਤਾਂ ਸ੍ਰੀ ਬਾਬੇ ਕਹਿਆ ਗਿਆਨ ਮੇਂ ਬਾਤ ਕਰੋ......ਤਾਂ ਇਕ ਸੰਨਿਆਸੀ ਹੋਰਨਾਂ ਲੋਕਾਂ ਨੂੰ ਹਟਾਇ ਕਰ ਕਹਾ ਸੰਤ ਜੀ ਗਿਆਨ ਕੀ ਬਾਤ ਕਰੋ ਜੀ। ਤਾਂ ਸ੍ਰੀ ਗੁਰੂ ਜੀ ਇਕ ਸਲੋਕ ਉਚਾਰਨ ਕੀਤਾ। ਉਹ ਸਲੋਕ ਮਲਾਰ ਦੀ ਵਾਰ ਦੇ ਹਨ :—"ਪਹਿਲਾਂ ਮਾਸਹੁ ਨਿੰਮਿਆ" ਆਦਿ। ਸਲੋਕ ਸੁਣ ਕੇ ਸਭ ਦੀ ਨਿਸ਼ਾ ਹੁੰਦੀ ਹੈ, ਗ੍ਰਹਿਣ ਹਟਣ ਪਿਛੋਂ ਓਸੇ ਦੇਗ ਵਿਚੋਂ ਉਸ ਰਾਜਕੁਮਾਰ ਦੀ ਹਥੀਂ ਖੀਰ ਖਵਾਈ ਲਿਖੀ ਹੈ।

੨. ਗੁਰਬਿਲਾਸ ਪਾਤਸ਼ਾਹੀ ੬ ਅਧਿਆਇ ੯ ਛੰਦ ੧੬੧ ਤੋਂ ਭਾਈ ਜੇਠੇ ਦੇ ਪੁਛਣ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕੁਰਖੇਤ੍ਰ ਦਾ ਪ੍ਰਸੰਗ ਦਸਦਿਆਂ ਹੋਇਆਂ ਕਿਹਾ ਹੈ — "ਮੱਛੀ ਮਾਸ ਲਿਆਵੇ ਜਾਏ ॥ ਬਾਲਾ ਆਰੀਆ ਮਾਨ ਸਿਧਾਏ ॥" ਗੁਰੂ ਜੀ ਦੀ ਆਗਿਆ ਅਨੁਸਾਰ ਬਾਲਾ ਜੀ ਰਿੰਨ੍ਹਣਾਂ ਧਰ ਦੇਂਦੇ ਹਨ। ਪਤਾ ਲਗਣ ਤੇ ਨਾਨੂੰ ਪੰਡਿਤ ਸੰਨਿਆਸੀਆਂ ਸਮੇਤ ਆ ਕੇ ਗੁਰੂ ਜੀ ਨਾਲ ਮਾਸ ਬਾਬਤ ਘਟ ਵਧ ਬਚਨ ਕਰਦੇ ਹਨ ਤਾਂ ਗੁਰੂ ਜੀ ਉਨ੍ਹਾਂ ਦਾ ਮਾਨ

Namdhari Elibrary NamdhariElibrary@gmail.com

ਨਿਵਿਰਤ ਕਰਨ ਅਰਥ ਇਹ ਸਲੋਕ ਬੋਲਦੇ ਹਨ :—ਤਾਂਕੇ ਮਾਨ ਨਿਵਾਰਨ ਹੇਤਾ ॥ ਭਾਖੇ ਬਚ ਗੁਰ ਕ੍ਰਿਪਾ ਨਿਕੇਤਾ ॥ ੧੭੧ ॥" ਉਪ੍ਰੰਤ ਲਿਖਿਆ ਹੈ ਕਿ ਸਭ ਮਾਨ ਨਿਵਿਰਤ ਹੋ ਗਿਆ। ਚਰਨੀਂ ਲਗੇ। ਗੁਰੂ ਜੀ ਨੇ ਬਾਲੇ ਨੂੰ ਕਿਹਾ ਕੁੰਨੀ ਭੰਨ ਸੁਟ। ਉਨ ਕੁੰਨੀ ਜ਼ਮੀਨ ਤੇ ਸੁਟ ਭੰਨ ਦਿਤੀ। ਵਿਚੋਂ ਕੁਝ ਵੀ ਨਾ ਨਿਕਲਿਆ, ਜਿਸ ਕਰਕੇ ਸਭ ਹੈਰਾਨ ਹੋ ਗਏ। "ਬਾਲੇ ਕੁੰਨੀ ਭੂਮ ਗਿਰਾਈ ॥ **ਕਛ ਨ ਮਾਸ ਦਿਖ ਬਿਸਮੈ ਪਾਈ ॥** ੧੯੩

੩. ਨਾਨਕ ਪ੍ਰਕਾਸ਼ ਉਤ੍ਰਾਰਧ ਖੰਡ ਅਧਿਆਇ ੭ ਵਿਚ ਲਿਖਿਆ ਹੈ ਜਦ ਗੁਰੂ ਜੀ ਨੇ ਕੁਰਖੇਤ੍ਰ ਤੇ ਚਹੁੰ ਵਰਨਾਂ ਤੇ ਚਹੁੰ ਆਸ਼੍ਰਮਾਂ ਦੇ ਲੋਕ ਇਕੱਠੇ ਹੋਏ ਵੇਖੇ ਤਾਂ "**ਸ੍ਰੀ ਨਾਨਕ ਠਾਨੀ ਮਨ ਐਸੇ ॥ ਇਨਸੋਂ ਚਰਚਾ ਕਰੀਏ ਕੈਸੇ ॥** ਪੰਡਿਤ ਬਡੇ ਰਿਦੇ ਜਿਨ ਗਰਬਾ ॥ ਮਾਨੀ ਸੰਨਿਆਸੀ ਜੇ ਸਰਬਾ ॥" ਅਗੇ ਲਿਖਿਆ ਹੈ ਕਿ ਇਕ ਰਾਜਕੁਮਾਰ ਨੇ ਮ੍ਰਿਗ ਮਾਰ ਭੇਟਾ ਕੀਤਾ ਜੋ ਰਾਜਕੁਮਾਰ ਨੇ ਹੀ ਗੁਰੂ ਜੀ ਦੀ ਆਗਿਆ ਅਨੁਸਾਰ ਰਿੰਨ੍ਹਣਾ ਧਰ ਦਿੱਤਾ। ਨਾਨੂੰ ਜੈਸੇ ਪੰਡਿਤਾਂ ਨੇ ਪੁਛਿਆ ਪੁਰਬ ਦੇ ਸਮੇਂ ਮਾਸ ਕਿਉਂ ਧਰਿਆ ਹੈ ? ਗੁਰੂ ਜੀ ਨੇ ਮਲਾਰ ਦੀ ਵਾਰ ਦੇ ਸਲੋਕ ਉਚਾਰੇ। ਜਿਨ੍ਹਾਂ ਨੂੰ ਸੁਣ ਕੇ ਸਭ ਦਾ ਮਾਨ ਨਿਵਿਰਤ ਹੋ ਗਿਆ। ਉਪ੍ਰੰਤ ਉਨ੍ਹਾਂ ਅਧੀਨਗੀ ਨਾਲ ਪੁਛਿਆ, ਕਿ ਪੁਰਬ ਦੇ ਦਿਨ ਮਾਸ ਦਾ ਅਹਾਰ ਕਰਨਾ ਪੁਰਾਣਾਂ ਵਿਚ ਨਹੀਂ ਲਿਖਿਆ ਅਤੇ ਅਚਾਰਜ ਲੋਕ ਸ਼ਾਸਤ੍ਰ ਮਰਿਆਦਾ ਦਾ ਉਲੰਘਣ ਨਹੀਂ ਕਰਦੇ ਤਾਂ ਗੁਰੂ ਜੀ ਨੇ ਕਿਹਾ ਕਿ ਅਸਾਂ ਬਹੁਤ ਸਾਰੀਆਂ ਗਊਆਂ ਦਾ ਦੁਧ ਮੰਗਾ ਕੇ ਖੀਰ ਰਿਧੀ ਹੈ:—"ਜੋ ਜਗ ਬਡੇ ਅਚਾਰਜ ਹੋਵਹਿਂ ॥ ਸੋ ਪੂਰਬਲੀ ਰੀਤ ਨ ਖੋਵਹਿਂ ॥ ੭੨ ॥ ਪੂਰਬ ਦਿਵਸ ਮਹਿ ਮਾਸ ਅਹਾਰਾ ॥ ਖ਼ਾਨ ਪੁਰਾਨ ਨ ਕਿਸੇ ਉਚਾਰਾ ॥...ਸੁਨ ਕਰ ਬੋਲੇ ਗੁਣੀ ਗਹੀਰਾ ॥ ਹਮ ਤੋ ਧਰਿਓ ਦੇਗ ਮਹਿ ਖੀਰਾ ॥ ਬਹੁਤੀ ਧੇਨ ਚੁਆਇ ਮੰਗਾਈ ॥ ਰੀਧਹਿ ਪਾਇਸ ਕੋ ਇਹ ਥਾਈ ॥" ਪਿਛੋਂ ਸਭ ਨੂੰ ਪੰਗਤ ਲਵਾ ਕੇ ਰਾਜਕੁਮਾਰ ਦੀ ਹੱਥੀਂ ਖੀਰ ਵਰਤਾਈ ਗਈ।

ਸ. ਤਵਾਰੀਖ ਗੁਰੂ ਖ਼ਾਲਸਾ ਭਾਗ ੧, ਨੰਬਰ ੧ ਪੰਨਾ ੧੪੪ ਤੋਂ ੧੪੯ ਵਿਚ ਸਾਰੀ ਕਥਾ ਏਸੇ ਤਰ੍ਹਾਂ ਲਿਖੀ ਗਈ ਹੈ। ਰਾਜਕੁਮਾਰ ਸਬੰਧੀ ਫਰਕ ਹੈ। ਜਨਮ ਸਾਖੀ ਵਿਚ ਪਟਨੇ ਦਾ ਰਾਜਕੁਮਾਰ ਲਿਖਿਆ ਹੈ, ਨਾਨਕ ਪ੍ਰਕਾਸ਼ ਵਿਚ

Namdhari Elibrary NamdhariElibrary@gmail.com

ਇਕ ਰਾਜਕੁਮਾਰ ਲਿਖਿਆ ਹੈ ਪਰ ਗਿਆਨੀ ਗਿਆਨ ਸਿੰਘ ਜੀ ਹਾਂਸੀ ਵਾਲੇ ਰਾਜਾ ਅੰਮ੍ਰਿਤ ਰਾਏ ਦਾ ਬੇਟਾ ਜਗਤ ਰਾਏ ਮ੍ਰਿਗ ਮਾਰ ਕੇ ਲਿਆਇਆ ਲਿਖਦੇ ਹਨ।

੪. ਸ੍ਰੀ ਗੁਰੂ ਨਾਨਕ ਪ੍ਰਬੋਧ ਕ੍ਰਿਤ ਗਿਆਨੀ ਦਿੱਤ ਸਿੰਘ ਜੀ ਪੰਨਾ ੧੧੦ ਵਿਖੇ ਲਿਖਿਆ ਹੈ ਕਿ:—"ਜਬ ਦੇਖਾ ਇਸ ਤੀਰਥ ਮਾਹੀਂ। ਸਰਬ ਓਰ ਤੇ ਮਾਨਸ ਆਹੀਂ। ਏਕ ਦੂਸਰੇ ਪਾਛੇ ਜਾਹੀਂ। ਸੂਰਜ ਗ੍ਰਹਿਨ ਪੁਰਬ ਇਨ ਮਾਨਾ। ਨਹੀ ਮਰਮ ਤਾਕਾ ਕੁਛ ਜਾਨਾ।...ਤਿਸੀ ਕਾਲ ਗੁਰ ਜੂ ਯਹ ਕੀਨਾ। ਬੱਕਰਾ ਮਾਰ ਮਾਸ ਤਿਸ ਲੀਨਾ। ਚਾੜ੍ਹ ਦੇਗਚੀ ਆਗ ਜਲਾਈ। ਬੈਠੇ ਆਪ ਪਕਾਵਤ ਆਈ। ਜਬ ਲੋਗਨ ਯਹ ਹਾਲ ਨਿਹਾਰੋ। ਹਾਹਾ ਪਾਪ ਕਹਿ ਊਚ ਪੁਕਾਰੋ।...ਚਾਰੋਂ ਓਰ ਘੇਰ ਕਰ ਠਾਢੇ। ਮਹਾ ਅਗਨ ਰਿਸ ਮਨ ਮਹਿ ਬਾਢੇ। ਤਿਨ ਮਹਿ ਪਾਂਡਾ ਏਕ ਪੁਰਾਨਾ। ਆਯੋ ਮਹਾ ਭਰਾ ਅਭਿਮਾਨਾ। ਯਾਹਿ ਸਮੇਂ ਪੁਰਬੀ ਕੇ ਮਾਹੀਂ। ਸੂਰਜ ਗ੍ਰਹਨ ਭਯੋ ਹੈ ਜਾਂਹੀ। ਮਾਸ ਮਹਾਂ ਨੀਚਨ ਕੋ ਖਾਨਾ। ਤੁਮਨੇ ਚਹਾ ਸੁ ਯਾਹਿ ਪਕਾਨਾ। ਜਬ ਪਾਂਡੇ ਇਸ ਭਾਂਤ ਪੁਕਾਰਾ। ਤਬ ਗੁਰ ਨਾਨਕ ਸ਼ਬਦ ਉਚਾਰਾ।" ਪਹਿਲਾਂ ਮਾਸਹੁੰ ਨਿੰਮਿਆ ॥

**ਵਿਚਾਰ** ਉਤੇ ਦਿਤੇ ਗਏ ਇਤਿਹਾਸਕ ਹਵਾਲਿਆਂ ਤੋਂ ਪਤਾ ਲਗਦਾ ਹੈ, ਕਿ ਇਸ ਵਿਸ਼ੇ ਵਿਚ ਇਤਿਹਾਸਕਾਰਾਂ ਦਾ ਕਿੰਨਾ ਮਤ ਭੇਦ ਹੈ। ਇਕ ਕਹਿੰਦਾ ਹੈ ਪਟਨੇ ਦੇ ਰਾਜਕੁਮਾਰ ਨੇ ਮ੍ਰਿਗ ਲਿਆਂਦਾ ਤੇ ਬਾਲੇ ਨੇ ਰਿਧਾ। ਦੂਜਾ ਕਹਿੰਦਾ ਹੈ ਮੱਛੀ ਮੰਗਾ ਕੇ ਬਾਲੇ ਤੋਂ ਧਰਾਈ। ਭਾਈ ਸੰਤੋਖ ਸਿੰਘ ਜੀ ਕਹਿੰਦੇ ਹਨ ਕਿ ਕੋਈ ਇਕ ਰਾਜਕੁਮਾਰ ਮ੍ਰਿਗ ਮਾਰ ਕੇ ਲਿਆਇਆ ਸੀ, ਪਰ ਗਿਆਨੀ ਗਿਆਨ ਸਿੰਘ ਜੀ ਕਹਿੰਦੇ ਹਨ ਜਨਾਬ ਆਪ ਭੁਲਦੇ ਹੋ, ਉਹ ਤਾਂ ਹਾਂਸੀ ਦੇ ਰਾਜ ਅੰਮ੍ਰਿਤ ਰਾਏ ਦਾ ਪੁਤ੍ਰ ਜਗਤ ਰਾਏ ਸੀ। ਭਾਈ ਦਿਤ ਸਿੰਘ ਜੀ ਕਿਸੇ ਰਾਜਕੁਮਾਰ ਦਾ ਜ਼ਿਕਰ ਤਕ ਨਹੀਂ ਕਰਦੇ। ਮਾਸ ਬਾਲੇ ਤੋਂ ਨਹੀਂ ਧਰਾਂਦੇ। ਉਹ ਕਹਿੰਦੇ ਹਨ ਕਿ ਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ ਬੱਕਰਾ ਮਾਰ ਕੇ ਮਾਸ ਦੀ ਦੇਗਚੀ ਚਾੜ੍ਹ ਦਿਤੀ।

ਜਨਮ ਸਾਖੀ ਵਾਲੇ ਮਹਾਂਪੁਰਖ ਕਹਿੰਦੇ ਹਨ ਕਿ ਜਦ ਗੁਰੂ ਜੀ ਨੂੰ ਪੁਛਿਆ ਗਿਆ ਕਿ ਹਾਂਡੀ ਵਿਚ ਕੀ ਧਰਿਆ ਹੈ ? ਤਾਂ ਗੁਰੂ ਜੀ ਨੇ ਕਿਹਾ ਮਾਸ ਧਰਿਆ ਹੈ, ਪਰ ਨਾਨਕ ਪਰਕਾਸ਼ ਦੇ ਕਰਤਾ ਜੀ ਕਹਿੰਦੇ ਹਨ ਨਹੀਂ ਭਾਈ ਗੁਰੂ ਜੀ ਨੇ ਤਾਂ ਕਿਹਾ ਸੀ ਕਿ ਅਸਾਂ ਗਊਆਂ ਚੁਆ ਕੇ ਖੀਰ ਧਰੀ ਹੈ।

Namdhari Elibrary NamdhariElibrary@gmail.com

ਜਨਮ ਸਾਖੀ ਤੇ ਨਾਨਕ ਪ੍ਰਕਾਸ਼ ਵਿਚ ਮਗਰੋਂ ਖੀਰ ਬਣੀ ਤੇ ਖਵਾਈ ਲਿਖੀ ਹੈ, ਪਰ ਗੁਰ ਬਿਲਾਸ ਵਿਚ ਲਿਖਿਆ ਹੈ ਕਿ ਜਦ ਕੁੰਨੀ ਭੰਨੀ ਤਾਂ ਵਿਚੋਂ ਕੱਖ ਵੀ ਨਾ ਨਿਕਲਿਆ। ਜਿਥੋਂ ਤਕ ਮਾਸ ਚਾੜ੍ਹਨ ਦਾ ਪ੍ਰਬੰਧ ਹੈ ਇਕਨਾ ਦਾ ਕਹਿਣਾ ਹੈ ਮ੍ਰਿਗ ਦਾ ਚੜ੍ਹਿਆ ਦੂਜੇ ਕਹਿੰਦੇ ਹਨ ਮੱਛੀ ਮੰਗਵਾ ਕੇ ਰਿਧੀ ਅਤੇ ਤੀਜੇ ਕਹਿੰਦੇ ਹਨ, ਗੁਰੂ ਜੀ ਨੇ ਬੱਕਰਾ ਮਾਰ ਕੇ ਦੇਗਚੀ ਚਾੜ੍ਹ ਦਿਤੀ। ਕੀ ਮਾਸ ਖਾਣ ਵਾਲੇ ਸੱਜਣ ਦੱਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਤਿੰਨਾਂ ਜਾਨਵਰਾਂ ਵਿਚੋਂ ਕਿਹੜੇ ਜਾਨਵਰ ਦਾ ਮਾਸ ਧਰਿਆ ਸਹੀ ਹੈ? ਇਨ੍ਹਾਂ ਪ੍ਰਸਪਰ ਵਿਰੋਧੀ ਬਿਆਨਾਂ ਤੋਂ ਤਾਂ ਮੁਕੱਦਮੇ ਵਿਚ ਤਿੰਨ ਕਾਣੇ ਵੀ ਪ੍ਰਤੀਤ ਨਹੀਂ ਹੁੰਦੇ, ਪਰ ਜੇ ਥੋੜੀ ਦੇਰ ਵਾਸਤੇ ਕਿਸੇ ਨਾ ਕਿਸੇ ਰੂਪ ਵਿਚ ਮਾਸ ਦਾ ਰਿੰਨ੍ਹਣਾਂ ਮੰਨ ਵੀ ਲਿਆ ਜਾਵੇ, ਤਦ ਵੀ ਕਵੀ ਸੰਤੋਖ ਸਿੰਘ ਜੀ ਅਤੇ ਗਿਆਨੀ ਦਿਤ ਸਿੰਘ ਜੀ ਦੀਆਂ ਲਿਖਤਾਂ ਅਨੁਸਾਰ ਉਹ ਅਗਿਆਨੀ ਜਨਾਂ ਦੀਆਂ ਰੁਚੀਆਂ ਨੂੰ ਆਪਣੇ ਵਲ ਖਿੱਚਣ ਦੇ ਨਿਮਿਤ ਨਾਲ ਕੇਵਲ ਇਕ ਨਿਮਿਤਕ ਰਚਨਾ ਹੀ ਸਿੱਧ ਹੁੰਦੀ ਹੈ। ਨਾਟਕ ਦੇ ਅੰਤਮ ਸੀਨ ਵਿਚ ਕਿਸੇ ਵੀ ਨਹੀਂ ਲਿਖਿਆ ਕਿ ਗੁਰੂ ਜੀ ਨੇ ਮਾਸ ਖਾਧਾ ਯਾ ਖੁਆਇਆ, ਬਲਕਿ ਕਵੀ ਸੰਤੋਖ ਸਿੰਘ ਜੀ ਅਤੇ ਭਾਈ ਬਾਲਾ ਜੀ ਦੇ ਕਹੇ ਅਨੁਸਾਰ ਪੰਗਤ ਲਵਾ ਕੇ ਸਭ ਨੂੰ ਖੀਰ ਵਰਤਾਣੀ ਲਿਖੀ ਹੈ। ਕਈ ਵਿਦਵਾਨਾਂ ਦਾ ਮਤ ਹੈ ਕਿ ਨਾਨੂੰ ਆਦਿ ਪੰਡਿਤਾਂ ਪ੍ਰਤੀ ਉਚਾਰਣ ਕੀਤੇ ਗਏ ਇਹ ਤਿੰਨੇ ਸਲੋਕ ਪ੍ਰੌਢੀਵਾਦ ਹਨ। ਕਿਉਂਕਿ ਜਿਸ ਮਹਾਂਪੁਰਸ਼ ਨੇ ਬਹੁਤੀ ਵਾਰ ਇਕ ਵਿਅਸਨ ਦਾ ਖੰਡਨ ਕੀਤਾ ਹੋਵੇ, ਪਰ ਕਿਸੇ ਇਕ ਥਾਂ ਪ੍ਰਸੰਗਵਸ਼ ਜਾਂ ਕਿਸੇ ਹੋਰ ਵਿਵਸਥਾ ਅਨੁਸਾਰ ਓਸੇ ਦਾ ਆਸਰਾ ਲਿਆ ਹੋਵੇ, ਉਸ ਨੂੰ ਪ੍ਰੌਢੀਵਾਦ ਕਹਿੰਦੇ ਹਨ। ਚੂੰਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਰਜਨਾਂ ਹੀ ਸ੍ਰੀ ਮੁਖਵਾਕਾਂ ਦੁਆਰਾ ਮਾਸ ਦਾ ਤੇ ਹਿੰਸਾ ਦਾ ਨਿਖੇਧ ਕੀਤਾ ਹੈ, ਅਤੇ ਮਾਸ ਖਾਣ ਵਾਲਿਆਂ ਦੇ ਘਰੋਂ ਰੋਟੀ ਤਕ ਖਾਣੀ ਪ੍ਰਵਾਨ ਨਹੀਂ ਕੀਤੀ, ਏਸ ਲਈ ਇਨ੍ਹਾਂ ਸਲੋਕਾਂ ਦਾ ਪ੍ਰੌਢੀਵਾਦ ਦੀ ਥੀਊਰੀ ਅਨੁਸਾਰ ਓਹੀ ਅਰਥ ਸਮਝਿਆ ਜਾਵੇਗਾ, ਜੋ ਇਸ ਸਬੰਧ ਵਿਚ ਹੋਰ ਵਾਕਾਂ ਦਾ ਅਰਥ ਸੁਤੇ-ਸਿੱਧ ਹੈ।

ਜੇ ਕੋਈ ਮਾਸਾਹਾਰੀ ਸੱਜਣ ਅਜੇ ਵੀ ਹਠ ਕਰੀ ਜਾਏ, ਕਿ ਏਨ੍ਹਾਂ ਸਲੋਕਾਂ ਤੋਂ ਮਾਸ ਖਾਣਾ ਹੀ ਇਸ਼ਟ ਹੈ, ਤਾਂ ਉਸ ਨੂੰ ਏਸ ਗੱਲ ਵਲ ਧਿਆਨ ਦੇਣਾ ਚਾਹੀਦਾ ਹੈ ਕਿ ਏਨ੍ਹਾਂ ਸਲੋਕਾਂ ਵਿਚ ਕੇਹੜੇ ਮਾਸ ਦਾ ਕਿਸ ਤਰੀਕੇ ਨਾਲ

Namdhari Elibrary NamdhariElibrary@gmail.com

ਖਾਣਾ ਲਿਖਿਆ ਹਇਆ ਹੈ ? ਕਿਉਂਕਿ ਏਥੇ ਗੁਰੂ ਜੀ ਨੇ ਮਾਤਾ, ਪਿਤਾ, ਭੈਣ, ਭਰਾ, ਇਸਤ੍ਰੀ, ਪੁਰਸ਼, ਸਭਨਾਂ ਨੂੰ ਮਾਸ ਰੂਪ ਵਿਚ ਹੀ ਵਰਣਨ ਕੀਤਾ ਹੈ। ਮੂੰਹ, ਜੀਭ, ਹੱਡ, ਚੰਮ, ਤੇ ਥਣ ਆਦਿ ਸਭ ਸਮੱਗ੍ਰੀ ਮਾਸ ਹੀ ਹੈ, ਜਿਸ ਨੂੰ ਕੁਦਰਤ ਦੇ ਨੇਮ ਅਨੁਸਾਰ ਸਭ ਲੋਕ ਕਿਸੇ ਨਾ ਕਿਸੇ ਤਰਾਂ ਵਰਤ ਰਹੇ ਹਨ, ਪਰੰਤੂ ਮਾਸਾਹਾਰੀ ਪੁਰਖਾਂ ਦੇ ਝਟਕੇ ਜਾਂ ਹਲਾਲ ਦੇ ਤਰੀਕਿਆਂ ਨਾਲ ਇਸ ਮਾਸ ਦੀ ਵਰਤੋਂ ਤਾਂ ਅਸੱਭਯ ਸ਼੍ਰੇਣੀ ਦੇ ਮਨੁਖ ਵੀ ਨਹੀਂ ਕਰਦੇ। ਮਾਤਾ ਦੇ ਥਣਾਂ ਦੁਆਰਾ ਦੁਧ ਪੀ ਕੇ ਤਾਂ ਮਨੁਖ ਦੀ ਸੰਤਾਨ ਅਜ ਤਕ ਪਲਦੀ ਰਹੀ ਹੈ, ਤੇ ਅਗੋਂ ਨੂੰ ਪਲਦੀ ਰਹੇਗੀ, ਪਰ ਜੇ ਮਾਸਾਹਾਰੀ ਸਿੱਖਾਂ ਦੇ ਤਰੀਕੇ ਨਾਲ ਮਾਵਾਂ ਦੇ ਥਣ ਕੁਤਰ ਕੇ ਉਨ੍ਹਾਂ ਦਾ ਮਹਾਂਪ੍ਰਸ਼ਾਦ ਬਣਾ ਬੱਚਿਆਂ ਨੂੰ ਛਕਾਣ ਦਾ ਪ੍ਰੋਗਰਾਮ ਬਣਾਇਆ ਜਾਵੇ ਤਾਂ ਮਾਵਾਂ ਤੇ ਬੱਚੇ ਦੋਹਾਂ ਦੇ ਹੀ ਜੀਵਨ ਦਾ ਕੀ ਹਸ਼ਰ ਹੋਵੇਗਾ ? ਏਸੇ ਤਰ੍ਹਾਂ ਇਸਤਰੀ ਤੇ ਪਤੀ ਗ੍ਰਿਹਸਤ ਦੀ ਮਰਯਾਦਾ ਅਨੁਸਾਰ ਜੀਵਨ ਸੰਤਾਨ ਪੈਦਾ ਕਰਨ ਦੇ ਰੂਪ ਵਿਚ ਪਰਸਪਰ ਨਿਰਬਾਹ ਕਰਦੇ ਹਨ। ਪਰ ਜੇ ਉਹ ਟੋਕੇ ਕੁਹਾੜੀਆਂ ਲੈ ਕੇ ਮਹਾਂਪ੍ਰਸ਼ਾਦ ਬਣਾਣ ਲਈ ਇਕ ਦੂਜੇ ਦੇ ਦੁਆਲੇ ਹੋਣਾ ਸ਼ੁਰੂ ਕਰ ਦੇਣ, ਤਾਂ ਇਹ ਰਾੜ੍ਹੇ ਕਿੰਨਾ ਕੁ ਚਿਰ ਲਗਣਗੇ, ਤੇ ਮਨੁਖ ਦੀ ਨਸਲ ਦਾ ਕੀਰਤਨ ਸੋਹਲਾ ਪੜ੍ਹਨ ਵਿਚ ਕਿੰਨਾ ਕੁ ਸਮਾਂ ਦਰਕਾਰ ਹੋਵੇਗਾ ? ਏਸੇ ਕਰਕੇ ਗੁਰੂ ਜੀ ਕਹਿੰਦੇ ਹਨ ਕਿ "ਹੇ ਮੂਰਖ ! ਮਾਸ ਮਾਸ ਕਰਕੇ ਪਿਆ ਝਗੜਦਾ ਹੈਂ, ਪਰ ਗਿਆਨ ਧਿਆਨ ਦੁਆਰਾ ਇਹ ਸਮਝਣ ਦੀ ਕੋਸ਼ਸ਼ ਨਹੀਂ ਕਰਦਾ ਕਿ ਮਾਸ ਕਿਹੜਾ ਹੈ ਤੇ ਸਾਗ ਕੌਣ ਹੈ ? ਅਤੇ ਕਿਸ ਦੇ ਵਰਤਣ ਵਿਚ ਪਾਪ ਹੈ ?" ਇਹ ਪ੍ਰਸ਼ਨ ਬੜੇ ਮਹੱਤ ਦੇ ਹਨ ਕਿਉਂਕਿ ਗੁਰੂ ਜੀ ਮਾਂ, ਪਿਉ, ਇਸਤਰੀ ਪੁਤਰ, ਪੁਤਰੀ, ਰਾਜਾ ਪਰਜਾ, ਸਭਨਾਂ ਨੂੰ ਮਾਸ ਰੂਪ ਹੀ ਕਹਿ ਰਹੇ ਹਨ। ਭਾਵੇਂ ਸਭ ਦਾ ਮਾਸ ਇਕੋ ਹੈ, ਤੇ ਸਭ ਇਕੋ ਹੀ ਬਣਤਰ ਦੇ ਬਣੇ ਹੋਏ ਹਨ, ਪਰ ਵਰਤੋਂ ਦਾ ਵਿਹਾਰ ਸਭ ਦਾ ਵਖੋ ਵਖ ਹੈ। ਜਿਸ ਤਰ੍ਹਾਂ ਇਕੇ ਇਸਤਰੀ ਨੂੰ ਪਤੀ ਇਸਤਰੀ ਭਾਵ ਨਾਲ ਤਕ ਰਿਹਾ ਹੈ, ਪੁਤਰ, ਮਾਤਾ ਭਾਵ ਨਾਲ ਸਤਿਕਾਰ ਰਿਹਾ ਹੈ, ਭਰਾ ਭੈਣ ਦੀ ਦ੍ਰਿਸ਼ਟੀ ਨਾਲ ਤਕ ਰਿਹਾ ਹੈ, ਅਤੇ ਪਿਤਾ ਪੁਤਰੀ ਦੀ ਨਜ਼ਰ ਨਾਲ ਵੇਖ ਰਿਹਾ ਹੈ, ਜੇ ਮਾਸਾਹਾਰੀ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਮਾਸ ਤਾਂ ਇਕੋ ਹੀ ਹੈ, ਪਰ ਵਿਵਹਾਰ ਵਿਚ ਫ਼ਰਕ ਕਿਉਂ ਪ ਗਿਆ ?—"ਮਾਸ ਮਾਸ ਕਰ ਮੂਰਖ ਝਗੜੇ ਗਿਆਨ ਧਿਆਨ ਨਹੀਂ ਜਾਣੇ। ਕਉਣ ਮਾਸ ਕਉਣ

Namdhari Elibrary NamdhariElibrary@gmail.com

ਸਾਗ ਕਹਾਵੈ ਕਿਸ ਮਹਿ ਪਾਪ ਸਮਾਣੇ" ਦੀ ਉਲਝਣ ਵੀ ਏਥੇ ਕੀ ਸੁਲਝੇਗੀ, ਜਿਸ ਨੂੰ ਮਾਸਾਹਾਰੀ ਪੁਰਸ਼ ਅਜ ਤਕ ਨਹੀਂ ਸੁਲਝਾ ਸਕਿਆ। ਗੁਰੂ ਜੀ ਨੇ ਏਥੇ ਸਾਗ ਅਹਾਰ ਤੇ ਮਾਸ ਅਹਾਰ ਨੂੰ ਸਾਮ੍ਹਣੇ ਰਖਦਿਆਂ ਹੋਇਆਂ ਪੁਛ ਕੀਤੀ ਹੈ ਕਿ ਮਾਤਾ, ਪੁਤਰ, ਭੈਣ, ਭਾਈ, ਲੜਕੀ ਹੈਨ ਤਾਂ ਸਭ ਮਾਸ ਦੇ ਭਾਂਡੇ ਪਰ ਇਨ੍ਹਾਂ ਵਿਚੋਂ ਮਾਸ ਕੇਹੜਾ ਹੈ, ਤੇ ਸਾਗ ਕਿਹੜਾ ਹੈ ? ਤੇ ਕਿਸ ਦੇ ਕਿਸ ਤਰਾਂ ਖਾਣ ਵਰਤਣ ਨਾਲ ਪਾਪ ਹੁੰਦਾ ਹੈ। ਸੋ ਅਪਣੀ ਇਸਤਰੀ ਨਾਲ ਇਸਤਰੀ ਵਾਲਾ ਵਿਵਹਾਰ ਕਰਨਾ ਸਾਗ (ਯਾਨੀ ਉਤਮ ਵਿਹਾਰ) ਹੈ ਪਰ ਲੜਕੀ ਭੈਣ ਤਥਾ ਮਾਤਾ ਨੂੰ ਇਸਤਰੀ ਦੀ ਦ੍ਰਿਸ਼ਟੀ ਨਾਲ ਵੇਖਣਾ ਮਾਸ (ਅਰਥਾਤ ਅਨੁਚਿਤ ਵਿਵਹਾਰ) ਹੈ, ਜਿਸ ਵਿਚ ਪਾਪ ਹੈ, ਏਸ ਵਿਚਾਰ ਅਨੁਸਾਰ ਏਨ੍ਹਾਂ ਸਲੋਕਾਂ ਵਿਚ ਜਗਤ ਪ੍ਰਸਿੱਧ ਮਾਸ ਦਾ ਖਾਣਾਂ ਇਸ਼ਟ ਨਹੀਂ, ਸਗੋਂ ਮਾਸ ਰੂਪ ਸੰਸਾਰ ਵਿਚ ਆਪਣੇ ਆਪਣੇ ਅਧਿਕਾਰ ਅਨੁਸਾਰ ਵਰਤੋਂ ਕਰਨੀ ਪ੍ਰਯੋਜਨ ਹੈ। ਤਾਂ ਤੇ ਗੁਰਬਾਣੀ ਅਤੇ ਇਤਿਹਾਸ ਦੇ ਚਾਨਣੇ ਹੇਠ ਸ੍ਰੀ ਗੁਰੂ ਨਾਨਕ ਦੇਵ ਦੇ ਮਾਸ ਸਬੰਧੀ ਮਤ ਬਾਬਤ ਜ਼ਰਾ ਵੀ ਹਨੇਰਾ ਨਹੀਂ ਰਹਿ ਜਾਂਦਾ। ਜਦ ਆਪ ਮਾਸ ਖਾਣ ਵਾਲਿਆਂ ਦੇ ਘਰ ਦਾ ਭੋਜਨ ਤਕ ਗ੍ਰਹਿਣ ਨਹੀਂ ਕਰਦੇ, ਅਰ ਦੇਵਲੂਤ ਜੈਸੇ ਮਾਸ ਅਹਾਰੀ ਰਾਖਸ਼ਾਂ ਤੋਂ ਮਾਸ ਛੁਡਾਣ ਥੀਂ ਬਿਨਾਂ ਉਨ੍ਹਾਂ ਨੂੰ ਉਪਦੇਸ਼ ਨਹੀਂ ਕਰਦੇ, ਅਤੇ ਮੱਕੇ ਮਦੀਨੇ ਵਿਚ ਜਿਥੇ ਕਿ ਆਪ ਦੇ ਇਰਦ ਗਿਰਦ ਮਾਸ ਅਹਾਰੀਆਂ ਦੇ ਹੀ ਮਜਮੇ ਸਨ, ਮਾਸ ਬਾਬਤ ਨਿਰਭੈ ਹੋ ਕੇ ਆਪਣਾ ਇਹੀ ਮਤ ਪ੍ਰਗਟ ਕਰਦੇ ਹਨ, ਕਿ ਮਾਸ ਖਾਣਾ ਪਾਪ ਹੈ, ਤਾਂ ਕੁਰਖੇਤ੍ਰ ਵਿਚ ਆਪ ਬ੍ਰਾਹਮਣਾਂ ਨੂੰ ਮਾਸ ਖਾਣ ਦਾ ਉਪਦੇਸ਼ ਕਿਵੇਂ ਕਰ ਸਕਦੇ ਸਨ ? ਤਾਂ ਤੇ ਮਲਾਰ ਦੇ ਸਲੋਕਾਂ ਦਾ ਤਾਤਪ੍ਰਯ ਕੇਵਲ ਨਾਨੂੰ ਜੈਸੇ ਪੰਡਿਤਾਂ ਦੇ ਪਾਂਡਤਿਯ ਦਾ ਅਭਿਮਾਨ ਦੂਰ ਕਰਨਾ, ਅਤੇ ਉਨ੍ਹਾਂ ਲੋਕਾਂ ਨੂੰ ਸਿੱਧੇ ਰਸਤੇ ਪਾਣਾ ਸੀ।

## (ਅ) ਗੁਰੂ ਅੰਗਦ ਜੀ ਅਤੇ ਮਾਸ

ਮਾਸ ਖਾਣ ਵਾਲੇ ਸੱਜਣ ਆਪਣੇ ਪੱਖ ਦੀ ਪੁਸ਼ਟੀ ਵਿਚ ਕਹਿੰਦੇ ਹਨ ਕਿ ਸ੍ਰੀ ਗੁਰੂ ਅੰਗਦ ਦੇਵ ਦੇ ਲੰਗਰ ਵਿਚ ਮਾਸ ਬਣਿਆ ਕਰਦਾ ਸੀ, ਪਰੰਤੂ ਪਾਠਕ ਪਿਛੇ ਵੇਖ ਚੁਕੇ ਹਨ, ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ਼ੀਹਾਂ ਉਪਲ

Namdhari Elibrary NamdhariElibrary@gmail.com

ਨਾਮੀ ਸਿੱਖ ਨੂੰ ਮਾਸ ਖਾਣਾ ਪਾਪ ਅਤੇ ਮਾਸ ਖਾਣ ਬਦਲੇ ਜੀਵ-ਹਤਿਆ ਦਾ ਫਲ ਨਰਕ ਪ੍ਰਾਪਤੀ ਦਸਦਿਆਂ ਹੋਇਆਂ ਕਿਹਾ ਸੀ ਕਿ—

"ਅਬ ਤੌ ਸੁਗਮ ਜਾਨੀਅਹਿ ਕਰਬੋ ॥
ਅੰਤ ਮਹਾ ਦੁਖ ਨਰਕਨ ਪਰਬੋ ॥
ਦੇਹਿੰ ਸਾਸਨਾਂ ਜਮ ਕੇ ਦੂਤ ॥
ਤਹਾ ਨ ਪਹੁੰਚੇ ਬੰਧਪ ਪੂਤ ॥"

(ਸੂਰਜ ਪ੍ਰਕਾਸ਼ ਰਾਸ ੧ ਅੰਸੂ ੨੬)

ਅਰਥਾਤ ਹੇ ਸ਼ੀਹਾਂ ! ਹੁਣ ਤਾਂ ਤੈਨੂੰ ਪੁਤਰ ਦੀਆਂ ਰੀਤਾਂ ਨਿਮਿਤ ਬੱਕਰੇ ਮਾਰਨੇ ਸੌਖੇ ਜਾਪਦੇ ਨੇ, ਪਰ ਅੰਤ ਨੂੰ ਇਸ ਦਾ ਫਲ ਮਹਾਂ ਨਰਕਾਂ ਦੀ ਪ੍ਰਾਪਤੀ ਹੋਵੇਗੀ, ਜਿਥੇ ਜਮਦੂਤ ਅਸਹਿ ਦੁਖ ਦੇਣਗੇ, ਅਤੇ ਕੋਈ ਵੀ ਭਰਾ ਜਾਂ ਪੁਤਰ ਪਹੁੰਚ ਕੇ ਸਹਾਇਤਾ ਨਹੀਂ ਕਰ ਸਕੇਗਾ। ਹੁਣ ਵਿਚਾਰਨ ਦੀ ਗੱਲ ਹੈ ਕਿ ਜਦ ਗੁਰੂ ਅੰਗਦ ਜੀ ਨੇ ਆਪਣੀ ਰਸਨਾ ਨਾਲ ਸ਼ੀਹੇਂ ਨੂੰ ਅਹਿੰਸਾ ਦਾ ਉਪਦੇਸ਼ ਦੇ ਕੇ ਬੱਕਰਿਆਂ ਨੂੰ ਛਡ ਦੇਣ ਲਈ ਮਜਬੂਰ ਕੀਤਾ ਤਾਂ ਉਹ ਆਪਣੇ ਲੰਗਰ ਵਿਚ ਮਾਸ ਬਣਨ ਦੀ ਆਗਿਆ ਕਿਵੇਂ ਦੇ ਸਕਦੇ ਸਨ ? ਜਿਸ ਪ੍ਰਸੰਗ ਦੇ ਅਧਾਰ ਤੇ ਗੁਰੂ ਜੀ ਦੇ ਲੰਗਰ ਵਿਚ ਮਾਸ ਬਣਨ ਦੀ ਕਲਪਨਾ ਕੀਤੀ ਗਈ ਹੈ, ਉਹ ਸ਼ੀਹੇਂ ਉਪਲ ਨੂੰ ਉਪਦੇਸ਼ ਦੇਣ ਵਾਲੀ ਕਥਾ ਤੋਂ ੧੧ ਅਧਿਆਇ ਪਹਿਲੋਂ ਦਾ ਹੈ, ਜੋ ਕਿ ਸ੍ਰੀ ਗੁਰੂ ਅਮਰ ਦਾਸ ਜੀ ਦੇ ਗੁਰੂ ਧਾਰਨ ਦੇ ਵਿਸ਼ੇ ਨਾਲ ਸਬੰਧ ਰਖਦਾ ਹੈ। ਪ੍ਰਸੰਗ ਇਹ ਹੈ ਕਿ ਜਦ ਸ੍ਰੀ ਗੁਰੂ ਅਮਰਦਾਸ ਜੀ ਜਗਿਆਸੂ ਦੇ ਰੂਪ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਾਸ ਆਏ ਤਾਂ ਲੰਗਰ ਛਕਣ ਸਮੇਂ ਉਨ੍ਹਾਂ ਨੇ ਵੇਖਿਆ ਕਿ ਚੌਲ ਵਰਤਣ ਪਿਛੋਂ ਮਾਸ ਵਰਤਣ ਲਗਾ ਹੈ, ਉਨ੍ਹਾਂ ਦੇ ਮਨ ਵਿਚ ਗਿਲਾਨੀ ਆਈ, ਕਿਉਂਕਿ ਆਪ ਪਕੇ ਵੈਸ਼ਨਵ ਸਨ। ਅੰਤਰਜਾਮੀ ਗੁਰਦੇਵ ਨੇ ਕਿਹਾ ਪੰਗਤ ਵਿਚ ਜੋ ਨਵਾਂ ਪੁਰਖ ਆਇਆ ਹੈ ਉਸ ਨੂੰ ਮਾਸ ਨਹੀਂ ਦੇਣਾ, ਇਹ ਸੁਣ ਗੁਰੂ ਅਮਰਦਾਸ ਜੀ ਦੀ ਗਿਲਾਨੀ ਦੂਰ ਹੋ ਕੇ ਸ਼ਰਧਾ ਬੱਝ ਗਈ। ਇਸ ਵਿਸ਼ੇ ਵਿਚ ਹੇਠ ਲਿਖੀਆਂ ਗੱਲਾਂ ਵਿਚਾਰ ਯੋਗ ਹਨ :—

(੧) ਇਹ ਘਟਨਾ ਉਚੇਚੀ ਸੀ ਕਿ ਸਦੀਵੀ ?

(੨) ਜੇ ਉਚੇਚੀ ਸੀ ਤਾਂ ਇਸ ਨੂੰ ਅਸੂਲ ਮੰਨਿਆ ਜਾ ਸਕਦਾ ਹੈ ਕਿ ਨਹੀਂ ?

Namdhari Elibrary NamdhariElibrary@gmail.com

(੩) ਉਸ ਵੇਲੇ ਗੁਰੂ ਜੀ ਨੇ ਗੁਰੂ ਅਮਰ ਦਾਸ ਜੀ ਦੇ ਮਨ ਦਾ ਸ਼ੰਕਾ ਨਿਵਿਰਤ ਕਰਨ ਵਾਸਤੇ ਮਾਸ ਖਾਣ ਦੇ ਪੱਖ ਵਿਚ ਕੋਈ ਉਪਦੇਸ਼ ਕੀਤਾ ਕਿ ਨਹੀਂ ?

**ਵਿਚਾਰ** (੧) ਇਹ ਘਟਨਾ ਉਚੇਚੀ ਸੀ, ਜਿਸ ਦਾ ਸਬੂਤ ਇਹ ਹੈ, ਕਿ ਗੁਰੂ ਜੀ ਦੇ ਲੰਗਰ ਵਿਚ ਕਦੇ ਵੀ ਮਾਸ ਦਾ ਬਣਨਾ ਕਿਸੇ ਇਤਿਹਾਸਕਾਰ ਨੇ ਨਹੀਂ ਲਿਖਿਆ।

(੨) ਉਚੇਚੀ ਜਾਂ ਨਿਮਿੱਤਕ ਘਟਨਾਂ ਨੂੰ ਕਦੇ ਅਸੂਲ ਨਹੀਂ ਮੰਨਿਆ ਗਿਆ ਅਤੇ ਮੰਨਿਆ ਜਾ ਸਕਦਾ, ਗੁਰੂ ਇਤਿਹਾਸ ਵਿਚ ਅਨੇਕਾਂ ਹੀ ਘਟਨਾਂ ਨਿਮੱਤਕ ਪ੍ਰਸਿੱਧ ਹਨ, ਜਿਨ੍ਹਾਂ ਨੂੰ ਬਤੌਰ ਅਸੂਲ ਦੇ ਕਦੇ ਵੀ ਗ੍ਰਹਿਣ ਨਹੀਂ ਕੀਤਾ ਗਿਆ। ਜੈਸੇ ਗੁਰੂ ਨਾਨਕ ਦੇਵ ਜੀ ਨੇ ਗੰਗਾ ਤੇ ਸੂਰਜ ਤੋਂ ਉਲਟੇ ਬੰਨੇ ਪਾਣੀ ਸਿੰਜਣਾਂ ਸ਼ੁਰੂ ਕਰ ਦਿਤਾ। ਮੱਕੇ ਜਾ ਕੇ ਮੁਸਲਮਾਨਾਂ ਦੀ ਜਗਤ ਪ੍ਰਸਿੱਧ ਇਬਾਦਤ-ਗਾਹ ਕਾਬਾ ਸ਼ਰੀਫ ਵਲ ਚਰਨ ਕਰਕੇ ਬਿਰਾਜੇ। ਧਾਣਕ ਰੂਪ ਧਾਰਿਆ, ਅਤੇ ਸਿੱਖਾਂ ਨੂੰ ਮੁਰਦਾ ਖਾਣ ਦੀ ਆਗਿਆ ਕੀਤੀ ਆਦਿ। ਹੁਣ ਜੇ ਕੋਈ ਸਿੱਖ ਕਹੇ ਕਿ ਚੂੰਕਿ ਗੁਰੂ ਜੀ ਨੇ ਗੰਗਾ ਤੇ ਜਾ ਕੇ ਉਲਟੇ ਬੰਨੇ ਪਾਣੀ ਸਿੰਜਣਾਂ ਸ਼ੁਰੂ ਕਰ ਦਿਤਾ ਸੀ, ਇਸ ਲਈ ਹਰ ਸਿੱਖ ਨੂੰ ਚਾਹੀਦਾ ਹੈ, ਕਿ ਜਦੋਂ ਵੀ ਗੰਗਾ ਤੇ ਜਾਵੇ ਗੁਰੂ ਜੀ ਵਾਂਗ ਪਿਛਾਂਹ ਨੂੰ ਪਾਣੀ ਸਿੰਜੇ ਅਤੇ ਗੁਰੂ ਜੀ ਚੂੰਕਿ ਕਾਬਾ ਸ਼ਰੀਫ ਵਲ ਚਰਨ ਕਰਕੇ ਬਿਰਾਜੇ ਸਨ, ਏਸ ਲਈ ਸਿੱਖਾਂ ਦਾ ਇਹ ਅਸੂਲ ਹੋਣਾ ਚਾਹੀਦਾ ਹੈ ਕਿ ਮੁਸਲਮਾਨਾਂ ਦੀ ਹਰ ਮਸੀਤ ਵਲ ਪੈਰ ਕਰਕੇ ਹੀ ਲੰਮੇ ਪੈਣ, ਇਹ ਸਭ ਗੱਲਾਂ ਹਾਸੀ ਦਾ ਸ਼ੁਗਲ ਬਣ ਜਾਣਗੀਆਂ ਅਤੇ ਅਜੇਹੇ ਅਸੂਲ ਬਾਜ ਦੀ ਅਕਲ ਤੇ ਹਰ ਸਮਝਦਾਰ ਆਦਮੀ ਚਾਰ ਅੱਥਰੂ ਕੇਰਨੇ ਹੀ ਮੁਨਾਸਿਬ ਸਮਝੇਗਾ।

(੩) ਜਿਸ ਵੇਲੇ ਗੁਰੂ ਅਮਰਦਾਸ ਜੀ ਬਾਬਤ ਵਰਤਾਵਿਆਂ ਨੂੰ ਹਦਾਇਤ ਕੀਤੀ ਗਈ ਕਿ ਉਨ੍ਹਾਂ ਨੂੰ ਮਾਸ ਨਹੀਂ ਦੇਣਾ ਉਨ੍ਹਾਂ ਦੇ ਵੈਸ਼ਨਵ ਧਰਮ ਨੂੰ ਤੋੜਨ ਲਈ ਮਾਸ ਖਾਣ ਦੇ ਪੱਖ ਵਿਚ ਗੁਰੂ ਜੀ ਨੇ ਕੋਈ ਉਪਦੇਸ਼ ਨਹੀਂ ਕੀਤਾ। ਪਰ ਜੇ ਗੁਰੂ ਅੰਗਦ ਜੀ ਮਾਸ ਖਾਣ ਦੇ ਆਦੀ ਹੁੰਦੇ ਅਤੇ ਸਿੱਖਾਂ ਵਿਚ ਮਾਸ ਦਾ ਪਰਚਾਰ ਕਰਨਾ ਜ਼ਰੂਰੀ ਸਮਝਦੇ ਤਾਂ ਏਹ ਮੌਕਾ ਸੀ, ਕਿ ਗੁਰੂ ਅਮਰਦਾਸ ਜੀ ਨੂੰ ਮਾਸ ਖਾਣ ਦਾ ਕਾਇਲ ਕਰਕੇ ਮਾਸ ਜ਼ਰੂਰ ਖਵਾਇਆ ਜਾਂਦਾ ਪਰ ਅਜੇਹਾ ਨਾ ਕਰਨਾ ਤੇ ਇਸ ਮਾਮਲੇ ਨੂੰ ਅਜੇਹਾ ਠੱਪਣਾ ਕਿ ਕਦੇ

Namdhari Elibrary NamdhariElibrary@gmail.com

ਇਸ ਵਿਸ਼ੇ ਵਿਚ ਆਪਸ ਵਿਚ ਕੋਈ ਗਲ ਨਾ ਕਰਨੀ, ਇਹ ਸਿੱਧ ਕਰਨ ਲਈ ਬੜੀ ਵਜ਼ਨਦਾਰ ਦਲੀਲ ਹੈ, ਕਿ ਇਹ ਉਚੇਚੀ ਰਚਨਾ ਗੁਰੂ ਅਮਰਦਾਸ ਜੀ ਦੇ ਵੈਸ਼ਨਵ ਹੋਣ ਦਾ ਮਾਣ ਨਿਵਿਰਤ ਕਰਨ ਵਾਸਤੇ ਰਚੀ ਗਈ ਸੀ। ਕਿਉਂਕਿ ਨਾ ਤਾਂ ਇਸ ਤੋਂ ਪਹਿਲੋਂ ਲਿਖਿਆ ਹੈ ਕਿ ਲੰਗਰ ਵਿਚ ਮਾਸ ਬਣਾਇਆ ਗਿਆ, ਅਤੇ ਨਾ ਹੀ ਉਸ ਹਿਦਾਇਤ ਪਿਛੋਂ ਕੋਈ ਪ੍ਰਮਾਣ ਮਿਲਦਾ ਹੈ, ਕਿ ਗੁਰੂ ਜੀ ਨੇ ਯਾ ਸੰਗਤ ਨੇ ਮਾਸ ਖਾਧਾ।

## ਲੰਗਰ ਦੇ ਪਦਾਰਥ

ਗੁਰਬਾਣੀ ਤੇ ਇਤਿਹਾਸ ਵਿਚ ਲੰਗਰ ਦੀ ਜਿਸ ਸਮਗ੍ਰੀ ਦਾ ਸਬੂਤ ਮਿਲਦਾ ਹੈ, ਉਹ ਸਾਰੀ ਦੀ ਸਾਰੀ ਸਾਤਵਿਕ ਹੈ, ਜਿਸ ਵਿਚ ਮਾਸ ਦਾ ਖੰਡਨ ਤਾਂ ਮਿਲਦਾ ਹੈ, ਪਰ ਮੰਡਨ ਨਹੀਂ। ਇਸ ਵਿਸ਼ੇ ਵਿਚ ਕੁਝ ਕੁ ਪ੍ਰਮਾਣ ਅੰਕਿਤ ਕੀਤੇ ਜਾਂਦੇ ਹਨ।

(ੳ) "ਲੰਗਰ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰ ਘਿਆਲੀ ॥"
[ਗ੍ਰੰਥ ਸਾਹਿਬ ਪੰਨਾ ੯੬੬

(ਅ) "ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣ ॥ [ਪੰਨਾ ੯੬੭

(ੲ) "ਦੁਇ ਸੇਰ ਮਾਗਉ ਚੂਨਾ ॥ ਪਾਉ ਘੀਉ ਸੰਗਿ ਲੂਨਾ ॥
ਅਧ ਸੇਰ ਮਾਗਉ ਦਾਲੇ ॥ ਮੋਕਉ ਦੋਨੋ ਵਖਤ ਜਿਵਾਲੇ ॥"
[ਸੋਰਠ ਕਬੀਰ ਜੀ

(ਸ) "ਦਾਲ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥
... ... ...
ਅਨਾਜ ਮਾਗਉ ਸਤ ਸੀਕਾ ॥ ਗਊ ਭੈਸ ਮਾਗਉ ਲਾਵੇਰੀ ॥"
[ਧੰਨਾ ਭਗਤ

(ਹ) "ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥" [ਪੰਨਾ ੧੩੭੪

(ਕ) ਪ੍ਰਿਥਮ ਸਤਿਗੁਰੂ ਪੰਗਤ ਲਾਇ ॥
ਲਵਨ ਬਿਹੂਨ ਓਗਰਾ ਖਾਇ ॥
ਸੰਗਤ ਕੋ ਅਹਾਰ ਸਭ ਭਾਂਤ ॥

Namdhari Elibrary NamdhariElibrary@gmail.com

ਸਵਾਦ ਸਰਸ ਹੁਹਿ ਪਹਿਤਰੁ ਭਾਤ ॥
ਅਪਰ ਸਲਵਣ ਅਨਿਕ ਪ੍ਰਕਾਰਾ ॥
ਗੋਧੂਮ ਚੂਨ ਪਕਾਇ ਅਹਾਰਾ ॥
ਸੁੰਦਰ ਮਧੁਰ ਬਨਾਵਹਿ ਕਿਤੇ ॥
ਆਇ ਜਾਇ ਨਰ ਖਾਇਸ ਜਿਤੇ ॥

ਸੂਰਜ ਪ੍ਰਕਾਸ਼ ਰਾਸ ੧ ਅੰਸੂ ਪ੯

ਪੂਰਵੋਕਤ ਚਾਰ ਹਵਾਲੇ ਗੁਰਬਾਣੀ ਦੇ ਹਨ ਤੇ ਪੰਜਵਾਂ ਇਤਿਹਾਸਕ, ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਕੇ ਲੰਗਰ ਵਿਖੇ ਖੀਰ, ਕਣਕ ਤੇ ਹੋਰ ਅਨਾਜ, ਦਾਲ, ਘਿਉ ਅਤੇ ਓਗਰਾ ਆਦਿ ਸਤੋਗੁਣੀ ਪਦਾਰਥ ਤਿਆਰ ਕੀਤੇ ਜਾਂਦੇ ਸਨ। ਓਗਰਾ ਕਣਕ ਦੇ ਦਲੀਏ ਨੂੰ ਕਹਿੰਦੇ ਹਨ, ਜੋ ਪਲਾ ਵਾਂਗ ਘਿਉ ਵਿਚ ਭੁੰਨ ਕੇ ਮਿੱਠਾ ਫਿੱਕਾ ਤੇ ਸਲੂਣਾਂ ਤਿੰਨਾਂ ਤਰ੍ਹਾਂ ਦਾ ਹੀ ਬਣਾਇਆ ਜਾਂਦਾ ਹੈ, ਇਹ ਬੜੀ ਤਾਕਤ ਦੇਣ ਵਾਲੀ ਤੇ ਛੇਤੀ ਹਜ਼ਮ ਹੋਣ ਵਾਲੀ ਖ਼ੁਰਾਕ ਹੈ। ਮਾਲਵੇ ਵਿਚ ਇਸ ਦਾ ਬਹੁਤ ਰਿਵਾਜ ਹੈ।

ਪ੍ਰਮਾਣ ਅੰਕ (ੲ) ਤੇ (ਸ) ਵਿਖੇ ਆਟਾ, ਦਾਲ, ਘਿਉ, ਅਨਾਜ ਅਰ ਦੁਧ ਲੱਸੀ ਤੇ ਮੱਖਣ ਲਈ ਲਵੇਰੀ ਗਊ ਤੇ ਮੱਝ ਦੀ ਮੰਗ ਕੀਤੀ ਗਈ ਹੈ। ਜੇ ਮਾਸ ਖਾਣਾ ਗੁਰ ਸਿੱਖਾਂ ਤੇ ਭਗਤਾਂ ਲਈ ਇਸ਼ਟ ਹੁੰਦਾ ਤਾਂ ਜਿਥੇ "ਗਊ-ਭੈਂਸ ਮਾਗਉ ਲਾਵੇਰੀ" ਕਿਹਾ ਸੀ ਓਥੇ ਇਹ ਮੰਗ ਵੀ ਨਾਲ ਹੀ ਕਰ ਦੇਂਦੇ ਕਿ ਮਹਾਰਾਜ! ਮਹਾਂ ਪ੍ਰਸ਼ਾਦ ਛਕਣ ਲਈ ਕੁਕੜ ਕੁਕੜੀਆਂ ਤੇ ਬਕਰਿਆਂ ਦੀ ਬਖਸ਼ੀਸ਼ ਵੀ ਕਰਨੀ, ਕਿਉਂਕਿ ਸਾਡੀ ਜ਼ਿੰਦਗੀ ਇਨ੍ਹਾਂ ਤੋਂ ਬਿਨਾਂ ਨਹੀਂ ਜੇ ਬਚਣੀ।

ਪ੍ਰਮਾਣ ਅੰਕ (ਹ) ਵਿਚ ਅੰਮ੍ਰਿਤ ਲੂਣ ਵਾਲੇ ਰਲੇ ਮਿਲੇ ਸਤੋਗੁਣੀ ਪਦਾਰਥਾਂ ਦੀ ਸ਼ਲਾਘਾ ਕਰਦਿਆਂ ਹੋਇਆਂ ਮਾਸ ਵਾਲੀ ਰੋਟੀ ਦੀ ਨਿਖੇਧੀ ਕੀਤੀ ਗਈ ਹੈ। ਤੇ ਆਖਿਆ ਗਿਆ ਹੈ ਕਿ ਸ਼ਿਕਾਰ ਭਾਵ ਮਾਸ ਦੀ ਰੋਟੀ ਬਦਲੇ ਅਗਲੇ ਜਹਾਨ ਵਿਚ ਆਪਣਾ ਗਲਾ ਕੌਣ ਕਟਾਵੇ ?

ਏਹਨਾਂ ਪ੍ਰਮਾਣਾਂ ਤੋਂ ਪ੍ਰਗਟ ਹੋ ਜਾਂਦਾ ਹੈ ਕਿ ਗੁਰੂ ਕੇ ਲੰਗਰ ਵਿਚ ਮਾਸ ਬਣਨ ਦੀ ਸੰਭਾਵਨਾ ਗੁਰਬਾਣੀ ਅਤੇ ਇਤਿਹਾਸ ਦੇ ਸਖ਼ਤ ਵਿਰੁੱਧ ਹੈ। ਇਸ ਲਈ ਗੁਰੂ ਅੰਗਦ ਜੀ ਦੇ ਲੰਗਰ ਵਿਚ ਮਾਸ ਬਣਨ ਵਾਲੀ ਗੱਲ ਅਸਲੋਂ ਹੀ ਗ਼ਲਤ ਤੇ ਨਿਰਮੂਲ ਹੈ।

Namdhari Elibrary NamdhariElibrary@gmail.com

## (ੲ) ਸਿੰਘ ਰੁਚੈ ਸਦ ਭੋਜਨ ਮਾਸ

ਇਸ ਤੁਕ ਦਾ ਤਾਤਪ੍ਰਜ ਮਾਸ ਖਾਣ ਵਿਚ ਨਹੀਂ ਹੈ। ਸ਼ਬਦ ਦਾ ਸੰਪੂਰਨ ਪਾਠ ਕਰਨ ਤੋਂ ਪਾਠਕਾਂ ਨੂੰ ਪਤਾ ਲਗ ਸਕੇਗਾ ਕਿ ਇਸ ਤੁਕ ਦੁਆਰਾ ਮਾਸਾਹਾਰੀ ਸਿੱਖਾਂ ਦਾ ਮਨਸ਼ਾ ਕਿਸੇ ਤਰਾਂ ਵੀ ਪੂਰਾ ਨਹੀਂ ਹੋ ਸਕਦਾ। ਇਸ ਲਈ ਸਾਰਾ ਸ਼ਬਦ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਕੇ ਇਸ ਤੇ ਵਿਚਾਰ ਕੀਤਾ ਜਾਂਦਾ ਹੈ। ੧੪੩੦ ਪੰਨਿਆਂ ਵਾਲੀ ਬੀੜ ਦੇ ਪੰਨਾ ੧੧੮੦ ਦੇ ਅਖ਼ੀਰ ਤੋਂ ਇਹ ਸ਼ਬਦ ਸ਼ੁਰੂ ਹੁੰਦਾ ਹੈ:

ਬਸੰਤ ਮਹਲਾ ੫ ॥

"ਹਟਵਾਣੀ ਧਨ ਮਾਲ ਹਾਟ ਕੀਤੁ ॥
ਜੂਆਰੀ ਜੂਏ ਮਹਿ ਚੀਤੁ ॥
ਅਮਲੀ ਜੀਵੈ ਅਮਲੁ ਖਾਇ ॥
ਤਿਉ ਹਰਿ ਜਨੁ ਜੀਵੈ ਹਰਿ ਧਿਆਇ ॥ ੧ ॥
ਅਪਨੈ ਰੰਗਿ ਸਭੁ ਕੋ ਰਚੈ ॥
ਜਿਤੁ ਪ੍ਰਭੁ ਲਾਇਆ ਤਿਤੁ ਤਿਤੁ ਲਗੈ ॥ ੧ ॥ ਰਹਾਉ ॥
ਮੇਘ ਸਮੈ ਮੋਰ ਨਿਰਤਿਕਾਰ ॥
ਚੰਦ ਦੇਖਿ ਬਿਗਸਹਿ ਕਉਲਾਰ ॥
ਮਾਤਾ ਬਾਰਿਕ ਦੇਖ ਅਨੰਦ ॥
ਤਿਉ ਹਰਿ ਜਨ ਜੀਵਹਿ ਜਪਿ ਗੋਬਿੰਦ ॥ ੨ ॥
**ਸਿੰਘ** ਰੁਚੈ ਸਦ ਭੋਜਨ ਮਾਸ ॥
ਰਣੁ ਦੇਖਿ ਸੂਰੇ ਚਿਤ ਉਲਾਸ ॥
ਕਿਰਪਨ ਕਉ ਅਤਿ ਧਨ ਪਿਆਰੁ ॥
ਹਰਿ ਜਨ ਕਉ ਹਰਿ ਹਰਿ ਆਧਾਰ ॥ ੩ ॥
ਸਰਬ ਰੰਗ ਇਕ ਰੰਗ ਮਾਹਿ ॥
ਸਰਬ ਸੁਖਾ ਸੁਖ ਹਰਿ ਕੈ ਨਾਇ ॥
ਤਿਸਹਿ ਪਰਾਪਤਿ ਇਹੁ ਨਿਧਾਨੁ ॥
ਨਾਨਕ ਗੁਰੁ ਜਿਸੁ ਕਰੇ ਦਾਨੁ ॥"

Namdhari Elibrary NamdhariElibrary@gmail.com

ਸ਼ਬਦ ਦਾ ਭਾਵ ਅਰਥ ਬਿਲਕੁਲ ਸਾਫ਼ ਹੈ। ਗੁਰੂ ਜੀ ਭਗਤਾਂ ਦੀ ਨਿਰੰਤਰ ਰੁਚੀ ਪ੍ਰਭੂ ਦੇ ਨਾਮ ਵਿਚ ਪਰਗਟ ਕਰਨ ਵਾਸਤੇ ਦ੍ਰਿਸ਼ਟਾਂਤ ਦੇਂਦੇ ਹੋਏ ਕਹਿੰਦੇ ਹਨ ਕਿ ਜਿਵੇਂ ਹਟਵਾਣੀਏ ਦਾ ਚਿਤ ਧਨ ਮਾਲ ਵਿਚ ਹੀ ਲਗਾ ਰਹਿੰਦਾ ਹੈ, ਜੁਆਰੀਏ ਦਾ ਚਿਤ ਜੂਏ ਵਿਚ ਰਹਿੰਦਾ ਹੈ, ਅਮਲੀ ਅਮਲ ਖਾ ਕੇ ਹੀ ਜੀਉਂਦਾ ਹੈ, ਤਿਵੇਂ ਹੀ ਹਰੀਜਨ (ਜੋ ਭਗਤ ਹਨ) ਹਰਿ ਨਾਮ ਧਿਆ ਕੇ ਜੀਉਂਦੇ ਹਨ। ਆਪਣੇ ਆਪਣੇ ਰੰਗ ਵਿਚ ਸਭ ਰਚ ਰਹੇ ਹਨ, ਤੇ ਪ੍ਰਭੂ ਨੇ ਜਿਥੇ ਜਿਥੇ ਲਾਏ ਹਨ, ਓਥੇ ਓਥੇ ਹੀ ਲਗ ਰਹੇ ਹਨ। ਬੱਦਲਾਂ ਦੇ ਸਮੇਂ ਜਿਵੇਂ ਮੋਰ (ਪ੍ਰਸੰਨ ਹੋ ਕੇ) ਨਚਦਾ ਹੈ, ਚੰਦ ਨੂੰ ਵੇਖ ਕੇ ਜਿਵੇਂ ਚਕਵੀ ਪਰਫੁਲਿਤ ਹੁੰਦੀ ਹੈ, ਬਾਲਕ ਨੂੰ ਵੇਖ ਕੇ ਜਿਵੇਂ ਮਾਤਾ ਅਨੰਦ ਹੁੰਦੀ ਹੈ, ਤਿਵੇਂ ਹੀ ਹਰੀ ਜਨ ਗੋਬਿੰਦ ਨੂੰ ਜਪ ਕੇ ਜੀਉਂਦੇ ਹਨ। **ਜਿਸ ਤਰ੍ਹਾਂ ਸਿੰਘ (ਸ਼ੇਰ-ਪਸ਼ੂ) ਦੀ ਰੁਚੀ ਸਦਾ ਮਾਸ ਖਾਣ ਵਿਚ ਰਹਿੰਦੀ ਹੈ**! ਜਿਵੇਂ ਸੂਰਮੇਂ ਦਾ ਚਿਤ ਰਣ ਭੂਮੀ ਨੂੰ ਵੇਖ ਹੁਲਾਸ ਵਿਚ ਆਉਂਦਾ ਹੈ, ਸੂਮ ਦਾ ਜਿਵੇਂ ਧਨ ਨਾਲ ਹੀ ਪਿਆਰ ਹੈ, ਤਿਵੇਂ ਹੀ ਹਰੀ ਜਨ (ਭਗਤ) ਦਾ ਆਸਰਾ ਹਰੀ ਹਰਿ ਕਰਨਾ ਅਰਥਾਤ ਨਾਮ ਜਪਣਾ ਹੈ।

ਸਾਰੇ ਸ਼ਬਦ ਦੇ ਪਾਠ ਤੇ ਅਰਥਾਤ ਵਿਚਾਰ ਤੋਂ ਇਹੀ ਪ੍ਰਗਟ ਹੁੰਦਾ ਹੈ, ਕਿ ਨਾਮ ਜਪਣ ਵਾਲੇ ਸੰਤਾਂ, ਭਗਤਾਂ ਦੀ ਨਾਮ ਰੁਚੀ ਨੂੰ ਸਪੱਸ਼ਟ ਕਰਨ ਵਾਸਤੇ ਜੋ ਦ੍ਰਿਸ਼ਟਾਂਤ ਦਿਤੇ ਹਨ, ਉਨ੍ਹਾਂ ਵਿਚੋਂ ਇਕ ਸ਼ੇਰ (ਜਾਨਵਰਾਂ ਦੇ ਪਾਤਸ਼ਾਹ) ਦਾ ਵੀ ਦ੍ਰਿਸ਼ਟਾਂਤ ਦਿਤਾ ਹੈ, ਕਿ ਜਿਵੇਂ ਸ਼ੇਰ ਦੀ ਰੁਚੀ ਸਦਾ ਇਹ ਰਹਿੰਦੀ ਹੈ ਕਿ ਕਿਸੇ ਪਸ਼ੂ ਜਾਂ ਮਨੁੱਖ ਨੂੰ ਮਾਰ ਕੇ ਉਸ ਦਾ ਮਾਸ ਖਾਵੇ, ਤਿਵੇਂ ਭਗਤਾਂ ਦੀ ਰੁਚੀ ਸਦਾ ਇਹ ਰਹਿੰਦੀ ਹੈ, ਕਿ ਉਹ ਨਾਮ ਹੀ ਜਪਦੇ ਰਹਿਣ। ਸੋ ਇਹ ਕੇਵਲ ਰੁਚੀ ਪ੍ਰਬਲਤਾ ਦੀ ਮਿਸਾਲ ਹੈ। ਜਿਸ ਦਾ ਇਹ ਅਰਥ ਕਦੇ ਵੀ ਨਹੀਂ ਹੋ ਸਕਦਾ ਕਿ ਸਿੰਘ (ਗੁਰੂ ਕੇ ਖ਼ਾਲਸੇ) ਨੂੰ ਮਾਸ ਖਾਣਾ ਚਾਹੀਦਾ ਹੈ। ਸਿੰਘ (ਪਸ਼ੂ) ਦੀ ਖ਼ੁਰਾਕ ਹੀ ਮਾਸ ਹੈ, ਇਸ ਲਈ ਉਸ ਨੂੰ ਸਦਾ ਮਾਸ ਹੀ ਰੁਚੀਕਰ ਹੈ, ਉਹ ਅੰਨ ਨਹੀਂ ਖਾਂਦਾ, ਦੁੱਧ ਨਹੀਂ ਪੀਂਦਾ, ਘਿਉ ਨਹੀਂ ਖਾਂਦਾ, ਜੋ ਖਾਂਦਾ ਹੈ ਤਾਂ ਕੇਵਲ ਮਾਸ, ਤੇ ਉਹ ਵੀ ਕੱਚਾ ਹੀ ਚੀਰ ਫਾੜ ਕੇ। ਗਾਂ, ਬੱਕਰੀ, ਭੇਡ, ਹਾਥੀ, ਘੋੜਾ, ਭੈਂਸ ਅਤੇ ਮਨੁੱਖ ਆਦਿ ਕੋਈ ਵੀ ਸ਼ਿਕਾਰ ਟੱਕਰ ਜਾਏ ਚੀਰ ਪਾੜ ਕੇ ਕੱਚਾ ਹੀ ਛਕ ਜਾਂਦਾ ਹੈ ਤਾਂ ਤੇ ਜਿਹੜੇ ਪੁਰਸ਼ "ਸਿੰਘ ਰੁਚੈ ਸਦ ਭੋਜਨ ਮਾਸ" ਤੋਂ ਮਾਸ ਦਾ ਖਾਣਾ ਪ੍ਰਵਾਨ ਮੰਨਦੇ ਹਨ, ਉਨ੍ਹਾਂ ਨੂੰ ਚਾਹੀਦਾ ਹੈ, ਕਿ

Namdhari Elibrary NamdhariElibrary@gmail.com

ਇਕ ਤਾਂ ਉਹ ਸਦਾ ਹੀ ਮਾਸ ਖਾਇਆ ਕਰਨ, ਦੂਜੇ ਸ਼ੇਰ ਵਾਂਗ ਜੋ ਵੀ ਟੱਕਰ ਜਾਏ ਚੀਰ ਪਾੜ ਕੇ ਕੱਚੇ ਹੀ ਪਾਰ ਬੁਲਾਇਆ ਕਰਨ ਅਤੇ ਤੀਜੇ ਅੰਨ, ਦੁੱਧ ਘਿਉ ਨਾਲ ਕਤਈ ਨਾਮਿਲਵਰਤਨ ਦਾ ਮਤਾ ਪ੍ਰਵਾਨ ਕਰ ਲੈਣ।

## (ਸ) ਮਾਸ ਪਵਿੱਤਰ ਗ੍ਰਿਸਤ ਨੋਂ

ਸ੍ਰੀ ਮਾਨ ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਾਰਾਂ ਦੀ ਵਾਰ ੨੩ ਦੀ ਪਉੜੀ ੧੩ ਵਿਚ ਨਿਰਮਾਣਤਾ ਦੇ ਕਾਰਨ ਬੱਕਰੀ ਦੀ ਵਡਿਆਈ ਕਰਦਿਆਂ ਹੋਇਆਂ ਸਿੱਖ ਨੂੰ ਨਿਰਮਾਣ ਹੋਣ ਦੀ ਪ੍ਰੇਰਨਾ ਕੀਤੀ ਹੈ। ਪਉੜੀ ਇਸ ਤਰ੍ਹਾਂ ਹੈ :

''ਹਸਤਿ ਅਖਾਜ ਗੁਮਾਨ ਕਰ, ਸੀਹੁੰ ਸਤਾਣਾ ਕੋਇ ਨਾ ਖਾਈ ॥
**ਹੋਇ ਨਿਮਾਣੀ ਬੱਕਰੀ,** ਦੀਨ ਦੁਨੀ ਵਡਿਆਈ ਪਾਈ ॥
ਮਰਣੇ ਪਰਣੇ ਮੰਨੀਐ ਜੱਗ ਭੋਗ ਪ੍ਰਵਾਣ ਕਰਾਈ ॥
ਮਾਸ ਪਵਿਤ੍ਰ ਗ੍ਰਿਸਤ ਨੌਂ, ਆਂਦਹੁੰ ਤਾਰ ਵੀਚਾਰ ਵਜਾਈ ॥
ਚਮੜੇ ਦੀਆਂ ਕਰ ਜੁਤੀਆਂ, ਸਾਧੂ ਚਰਣ ਸ਼ਰਣ ਲਿਵ ਲਾਈ ॥
ਤੂਰ ਪਖਾਵਜ ਮੜ੍ਹੀਦੇ, ਕੀਰਤਨ ਸਾਧ ਸੰਗਤ ਸੁਖਦਾਈ ॥
ਸਾਧ ਸੰਗਤਿ ਸਤਿਗੁਰ ਸਰਣਾਈ'' ॥ ੧੩ ॥

ਮਾਸਾਹਾਰੀ ਸੱਜਣ ਇਸ ਵਿਚੋਂ ਕੇਵਲ—'ਮਾਸ ਪਵਿਤ੍ਰ' ਵਾਲਾ ਅਧਾ ਬੰਦ ਕੱਢ ਕੇ ਇਹ ਸਾਬਿਤ ਕਰਨਾ ਚਾਹੁੰਦੇ ਹਨ, ਕਿ ਸ੍ਰੀ ਮਾਨ ਭਾਈ ਗੁਰਦਾਸ ਜੈਸੇ ਵਿਦਵਾਨ ਤੇ ਗੁਰੂ ਘਰ ਵਿਚ ਮੰਨੇ ਪ੍ਰਮੰਨੇ ਮੁਸੱਨਫ ਨੇ ਵੀ ਗ੍ਰਹਿਸਤੀ ਸਿੱਖਾਂ ਲਈ ਮਾਸ ਦਾ ਖਾਣਾ ਪਵਿੱਤਰ ਮੰਨਿਆ ਹੈ। ਪਰੰਤੂ ਅਜਿਹਾ ਸਮਝਣਾ ਭਾਈ ਸਾਹਿਬ ਦੇ ਆਸ਼ੇ ਦੇ ਉਕਾ ਹੀ ਉਲਟ ਹੈ, ਕਿਉਂਕਿ ਆਪ ਨੇ ਇਸ ਪਾਉੜੀ ਵਿਚ ਹਾਥੀ ਤੇ ਸ਼ੇਰ ਦੇ ਗੁਮਾਨੀ ਸੁਭਾਉ ਦੀ ਨਿਖੇਧੀ ਕਰਦਿਆਂ ਹੋਇਆਂ, ਬੱਕਰੀ ਦੀ ਨਿਰਮਾਣਤਾ ਅਤੇ ਸ਼ਰੀਰਕ ਉਪਕਾਰ ਦੀ ਉਪਮਾ ਕੀਤੀ ਹੈ। ਦੋਹਾਂ ਦ੍ਰਿਸ਼ਟਾਂਤਾਂ ਨੂੰ ਸਮਝ ਲੈਣ ਨਾਲ ਮਾਜਰਾ ਬਿਲਕੁਲ ਸਾਫ਼ ਹੋ ਜਾਦਾ ਹੈ। ਇਕ ਬੰਨੇ ਤਾਂ ਹਾਥੀ ਤੇ ਸ਼ੇਰ ਹਨ, ਜੋ ਕਿ ਦਰਿੰਦੇ ਹੋਣ ਦੇ ਕਾਰਨ ਆਪਣਾ ਪੇਟ ਭਰਨ ਵਾਸਤੇ ਗਊਆਂ ਬੱਕਰੀਆਂ ਤੇ ਭੇਡਾਂ ਆਦਿ ਨੂੰ ਮਾਰ ਕੇ ਉਨ੍ਹਾਂ ਦਾ ਮਾਸ ਖਾਣ ਵਾਲੇ ਮਾਸਾਹਾਰੀ ਹਨ, ਪਰੰਤੂ ਦੂਜੇ ਬੰਨੇ ਬਕਰੀ ਹੈ, ਜਿਸ

Namdhari Elibrary NamdhariElibrary@gmail.com

ਵਿਚ ਨਿਰਮਾਣਤਾ ਦਾ ਦੈਵੀ ਗੁਣ ਹੈ, ਅਤੇ ਆਪਣੇ ਸਰੀਰ ਦੁਆਰਾ ਦੂਜਿਆਂ ਦੀ ਸੇਵਾ ਕਰਨ ਦੀ ਵਡਿਆਈ ਰਖਦੀ ਹੈ। ਦੁਨੀਆਂ ਦੇ ਲੋਕ ਮਰਨਿਆਂ ਪਰਨਿਆਂ ਵਿਚ ਉਸ ਦੇ ਮਾਸ ਨੂੰ ਪਵਿੱਤਰ ਸਮਝ ਕੇ ਵਰਤ ਲੈਂਦੇ ਹਨ। ਯੱਗਾਂ ਵਿਚ ਦੁੱਧ ਦੀ ਖੀਰ ਬਣਾਈ ਜਾਂਦੀ ਹੈ। ਉਸ ਦੀਆਂ ਆਂਦਰਾ ਦੀ ਵਿਚਾਰਵਾਨ ਤਾਰ ਬਣਾ ਕੇ ਵਜਾਂਦੇ ਹਨ। ਚਮੜੇ ਦੀਆਂ ਜੁੱਤੀਆਂ ਬਣਦੀਆਂ ਹਨ, ਜੋ ਸਾਧੂ ਜਨ ਪਹਿਨਦੇ ਹਨ। ਤੂਰ ਪਖਾਵਜ ਆਦਿਕ ਸਾਜ਼ ਮੜ੍ਹੇ ਜਾਂਦੇ ਹਨ, ਜਿਨ੍ਹਾਂ ਨਾਲ ਸਾਧ ਸੰਗਤ ਕੀਰਤਨ ਕਰਦੀ ਹੈ। ਗੱਲ ਕੀ ਬੱਕਰੀ ਦਾ ਸਰੀਰ ਦੁਨੀਆਂ ਦਾਰਾਂ ਤੇ ਧਰਮਾਤਮਾਂ ਦੋਹਾਂ ਦੇ ਕੰਮ ਆ ਗਿਆ, ਜਿਸ ਕਰਕੇ ਉਸ ਨੂੰ ਦੀਨ ਦੁਨੀਆਂ ਵਿਚ ਵਡਿਆਈ ਪ੍ਰਾਪਤ ਹੋਈ। ਸੋ ਭਾਈ ਗੁਰਦਾਸ ਇਨ੍ਹਾਂ ਦੋਹਾਂ ਦ੍ਰਿਸ਼ਟਾਂਤਾਂ ਦਵਾਰਾ ਸਿੱਖ ਨੂੰ ਇਸ ਗੱਲ ਦੀ ਪਰੇਰਨਾ ਕਰਨ ਦੇ ਚਾਹਵਾਨ ਸਿੱਧ ਹੁੰਦੇ ਹਨ, ਕਿ ਸਿੱਖ ਹਾਥੀ ਤੇ ਸ਼ੇਰ ਵਾਂਗ ਜ਼ੋਰਦਸਤਾਂ (ਕਮਜ਼ੋਰਾਂ) ਦਾ ਮਾਸ ਖਾਣ ਵਾਲਾ ਦਰਿੰਦਾ ਨਾ ਬਣੇ ਸਗੋਂ ਪਰ ਉਪਕਾਰ ਤੇ ਧਰਮ ਦੀ ਖ਼ਾਤਿਰ ਆਪਣੇ ਸਰੀਰ ਤਕ ਦੀ ਬਲੀ ਦੇਣੋਂ ਵੀ ਦਰੇਗ ਨਾ ਕਰੇ। ਇਹ ਹੈ ਭਾਈ ਸਾਹਿਬ ਜੀ ਦਾ ਅਸਲੀ ਭਾਵ, ਜੋ ਉਨ੍ਹਾਂ ਨੇ ਇਸ ਪਉੜੀ ਵਿਚ ਦਰਸਾਇਆ ਹੈ। ਜਿਸ ਦਾ ਇਹ ਮਤਲਬ ਹੈ ਕਿ ਇਸ ਪ੍ਰਮਾਣ ਦੁਆਰਾ ਮਾਸ ਦਾ ਮੰਡਨ ਨਹੀਂ ਸਗੋਂ ਖੰਡਨ ਹੁੰਦਾ ਹੈ। ਏਥੇ ਇਕ ਹੋਰ ਅਸੂਲ ਦੀ ਗੱਲ ਪ੍ਰਗਟ ਕਰ ਦੇਣੀ ਜ਼ਰੂਰੀ ਹੈ ਕਿ ਜੇ ਭਾਈ ਸਾਹਿਬ ਇਸ ਪਉੜੀ ਵਿਚ ਸਿੱਖਾਂ ਲਈ ਮਾਸ ਦਾ ਖਾਣਾ ਬਿਹਤਰ ਮੰਨਦੇ ਤਾਂ ਕਈ ਹੋਰ ਥਾਵਾਂ ਵਿਚ ਇਸ ਦੀ ਪੁਸ਼ਟੀ ਵੀ ਕਰਦੇ, ਪਰੰਤੂ ਭਾਈ ਸਾਹਿਬ ਦੀ ਰਚਨਾ ਆਦਿ ਤੋਂ ਲੈ ਅੰਤ ਤਕ ਪੜ੍ਹਨ ਨਾਲ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਮਾਸ ਖਾਣ ਦੀ ਪੁਸ਼ਟੀ ਦੀ ਥਾਉਂ ਆਪ ਨੇ ਮਾਸ ਨਿਖੇਧੀ ਦੀ ਪ੍ਰੌੜਤਾ ਕੀਤੀ ਹੈ। ਤਸਲੀ ਲਈ ਏਥੇ ਉਹ ਪਉੜੀਆਂ ਦਰਜ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਦੇ ਪੜ੍ਹਨ ਨਾਲ ਭਾਈ ਗੁਰਦਾਸ ਜੀ ਦੇ ਮਤ ਸੰਬੰਧੀ ਸਮੂਹ ਗ਼ਲਤਫ਼ਹਿਮੀਆਂ ਦੂਰ ਹੋ ਸਕਦੀਆਂ ਹਨ।

ਦੇਖੋ ਵਾਰ ੨੫ ਪਉੜੀ ੧੭

"ਸ਼ੀਂਹੁ ਪਜੂਤੀ ਬੱਕਰੀ, ਮਰਦੀ ਹੋਈ ਖਿੜ ਖਿੜ ਹਸੀ।
ਸ਼ੀਂਹੁ ਪੁਛੈ ਵਿਸਮਾਦ ਹੋਇ, ਇਤ ਅਉਸਰ ਕਿਤਰਹਸ ਰਹੱਸੀ।
ਬਿਨਉਂ ਕਰੇਂਦੀ ਬੱਕਰੀ, ਪੁਤ੍ਰ ਅਸਾਡੇ ਕੀਚਨ ਖੱਸੀ।
ਅੱਕ ਧਤੂਰਾ ਖਾਂਦਿਆਂ, ਕੁਹਿ ਕੁਹਿ ਖੱਲ ਉਖੱਲ ਵਿਣੱਸੀ।

Namdhari Elibrary NamdhariElibrary@gmail.com

ਮਾਸ ਖਾਨ ਗਲ ਵੱਢ ਕੇ, ਹਾਲ ਤਿਨਾੜਾ ਕੌਣ ਹੋਵੱਸੀ।
ਗਰਬ ਗ਼ਰੀਬੀ ਦੇਹ ਖੇਹ, ਖਾਜ ਅਖਾਜ ਅਕਾਜ ਕਰੱਸੀ।
ਜਗ ਆਇਆ ਸਭ ਕੋਈ ਮਰੱਸੀ।"

ਵਾਰ ੩੭ ਪਉੜੀ ੨੧

"ਕੁਹੈ ਕਸਾਈ ਬੱਕਰੀ, ਲਾਇ ਲੂਣ ਸੀਖ ਮਾਸ ਪਰੋਆ।
ਹਸ ਹਸ ਬੋਲੈ ਕੁਹੀਦੀ, ਖਾਧੇ ਅੱਕ ਹਾਲ ਇਹ ਹੋਆ।
ਮਾਸ ਖਾਣ ਗਲ ਛੁਰੀ ਦੇ, ਹਾਲ ਤਿਨਾੜਾ ਕਉਣ ਅਲੋਆ।
ਜੀਭੈ ਹੰਦਾ ਫੇੜਿਐ, ਖਉ ਦੰਦਾਂ ਮੁਖ ਭੰਨ ਵਗੋਆ।"...

## ਸਾਫ਼ ਫ਼ੈਸਲਾ

ਵਾਰ ੩੧ ਦੀ ਪਉੜੀ ੯ ਵਿਚ ਤਾਂ ਭਾਈ ਸਾਹਿਬ ਨੇ ਆਪਣੇ ਵਲੋਂ ਸਿਧਾ ਤੇ ਸਾਫ਼ ਫ਼ੈਸਲਾ ਦੇ ਦਿਤਾ ਹੈ, ਕਿ ਜੀਆਂ ਦਾ ਘਾਤ ਕਰਨ ਤੇ ਮਾਸ ਖਾਣਾ ਕੁਢੰਗਾ ਭਰਵਾਸਾ ਹੈ :

"ਜੇ ਕਰ ਉਧਰੀ ਪੂਤਨਾਂ, ਵਿਹੁ ਪਿਆਲਣ ਕੰਮ ਨ ਚੰਗਾ।
ਗਨਿਕਾ ਉਧਰੀ ਆਖੀਐ, ਪਰ ਘਰ ਜਾਇ ਨ ਲਈਐ ਪੰਗਾ।
ਬਾਲਮੀਕ ਨਿਸਤਾਰਿਆ, ਮਾਰੈ ਵਾਟ ਨ ਹੋਇ ਨਿਸੰਗਾ।
ਬਧਿਕ ਉਧਰੇ ਆਖੀਅਨ, ਫਾਹੀ ਪਾਇ ਨ ਫੜੀਐ ਟੰਗਾ।
ਜੇ ਕਾਸਾਈ ਉਧਰਿਆ, ਜੀਆਂ ਘਾਇ ਨ ਖਾਈਐ ਭੰਗਾ।
ਪਾਰ ਉਤਾਰੇ ਬੋਹਿਥਾ, ਸੋਇਨਾਂ ਲੋਹ ਨਾਹੀ ਇਕ ਰੰਗਾ।
ਇਤ ਭਰਵਾਸੈ ਰਹਿਣ ਕੁਢੰਗਾ ॥"

## (ਹ) ਅੰਮ੍ਰਿਤ ਸੰਸਕਾਰ ਦੇ ਸਮੇਂ ਬੱਕਰੇ

ਅੰਮ੍ਰਿਤ ਛਕਾਣ ਸਮੇਂ ਜੋ ਸ੍ਰੀ ਕਲਗੀਧਰ ਜੀ ਦਵਾਰਾ ਬੱਕਰੇ ਝਟਕਾਣ ਦੀ ਕਥਾ ਹੈ, ਉਹ ਮਾਸ ਖਾਣ ਦੇ ਸਬੂਤ ਵਿਚ ਪੇਸ਼ ਨਹੀਂ ਕੀਤੀ ਜਾ ਸਕਦੀ। ਇਸ ਵਿਸ਼ੇ ਵਿਚ ਹੇਠ ਲਿਖੀਆਂ ਤਨਕੀਹਾਂ ਵਿਚਾਰ ਯੋਗ ਹਨ :

Namdhari Elibrary NamdhariElibrary@gmail.com

(ੳ) ਗੁਰੂ ਜੀ ਨੇ ਵਾਸਤਵ ਵਿਚ ਬੱਕਰੇ ਹੀ ਝਟਕਾਏ ਸਨ ਜਾਂ ਸਿੱਖਾਂ ਨੂੰ ਹੀ ਕਤਲ ਕਰਕੇ ਜ਼ਿੰਦਾ ਕੀਤਾ ਸੀ ?

(ਅ) ਜੇ ਬੱਕਰੇ ਹੀ ਝਟਕਾਏ ਸਨ, ਤਾਂ ਸਿੱਖਾਂ ਨੂੰ ਪਰਖਣ ਦੀ ਨੀਯਤ ਨਾਲ ਕਿ ਮਾਸ ਖਾਣ ਦੀ ਨੀਯਤ ਨਾਲ ?

## ਵਿਚਾਰ

ਇਸ ਵਿਚ ਕੋਈ ਸ਼ੱਕ ਨਹੀਂ, ਕਿ ਇਤਿਹਾਸ ਵਿਚ ਬੱਕਰੇ ਝਟਕਾਣ ਦਾ ਪ੍ਰਸੰਗ ਕਈਆਂ ਨੇ ਲਿਖਿਆ ਹੈ. ਪਰੰਤੂ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਵਾਕ ਦੀ ਵਿਰੋਧਤਾ ਕਰਦਾ ਹੈ ਕਿ :

ਹਮੂੰ ਮਰਦ ਬਾਯਦ ਸ਼ਵਦ ਸੁਖਨਵਰ ॥
ਨ ਸਿਕਮੇ ਦਿਗਰ ਦਰ ਦਹਾਨੇ ਦਿਗਰ ॥
(ਜ਼ਫ਼ਰਨਾਮਾ ਹਕਾਯਤ ੧)

ਅਰਥਾਤ ਮਰਦ ਉਹੀ ਹੁੰਦਾ ਹੈ, ਜੋ ਸੁਖਨਵਰ ਹੋਵੇ। ਉਹ ਨਹੀਂ, ਕਿ ਜਿਸ ਦੇ ਮੂੰਹ ਵਿਚ ਕੁਝ ਹੋਰ ਹੋਵੇ, ਤੇ ਢਿਡ ਵਿਚ ਕੁਝ ਹੋਰ। ਗੁਰਬਾਣੀ ਵਿਚ ਅਜਿਹੇ ਪੁਰਖ ਨੂੰ 'ਕੱਚਾ' ਕਿਹਾ ਗਿਆ ਹੈ।

"ਜਿਨਿ ਮਨਿ ਹੋਰ ਮੁਖਿ ਹੋਰ ਸਿ ਕਾਂਢੇ ਕਚਿਆ ॥"

ਇਸ ਲਈ (੧) ਅੰਦਰ ਬੱਕਰੇ ਝਟਕਾਣੇ ਤੇ ਬਾਹਰ ਪਰਗਟ ਕਰਨਾ ਕਿ ਸਿੱਖਾਂ ਦੇ ਸਿਰ ਝਟਕਾ ਰਹੇ ਹਾਂ, ਸ੍ਰੀ ਕਲਗੀਧਰ ਜੀ ਜੈਸੀ ਮਹਾਨ ਆਤਮਾ ਨੂੰ ਕਦਾਚਿਤ ਸ਼ੋਭਾ ਨਹੀਂ ਸੀ ਦੇਂਦਾ; (੨) ਇਹ ਅਮਲ ਸੂਤਾ ਪ੍ਰਮਾਣ ਬਾਣੀ ਦੇ ਵਿਰੁਧ ਜਾਂਦਾ ਹੈ, ਜਿਸ ਲਈ ਇਹ ਕੇਵਲ ਕਵੀ ਕਲਪਨਾ ਹੀ ਮੰਨਣਾ ਪਵੇਗਾ। ਅਤੇ (੩) ਮਾਲੀ ਜਦ ਬੂਟੇ ਨੂੰ ਪਿਉਂਦ ਕਰਦਾ ਹੈ; ਤਾਂ ਉਸ ਦਾ ਸਿਰ ਕਲਮ ਕਰਦਾ ਹੈ, ਇਸ ਵਾਸਤੇ ਸ੍ਰੀ ਕਲਗੀਧਰ ਰੂਪ ਮਾਲੀ ਨੇ ਸਿੱਖਾਂ ਦੇ ਸਿਰ ਕਲਮ ਕੀਤੇ ਉਪਰੰਤ ਉਨ੍ਹਾਂ ਨੂੰ ਸੁਰਜੀਤ ਕਰਕੇ ਇਕ ਤਾਂ ਪਿਉਂਦ ਕੀਤਾ, ਅਤੇ ਦੂਜੇ ਅੰਮ੍ਰਿਤ ਦੀ ਸ਼ਕਤੀ ਦਾ ਪ੍ਰਤੱਖ ਪ੍ਰਮਾਣ ਪੇਸ਼ ਕੀਤਾ।

ਇਨਾਂ ਪ੍ਰਮਾਣਾਂ ਤੇ ਯੁਕਤੀਆਂ ਦੀ ਹੋਂਦ ਵਿਚ ਦੂਜੀ ਤਨਕੀਹ ਬੇ-ਲੋੜੀ ਜਿਹੀ ਪ੍ਰਤੀਤ ਹੁੰਦੀ ਹੈ, ਪਰੰਤੂ ਜੇ ਫ਼ਰਜ਼ੀ ਤੌਰ ਤੇ ਉਸ ਨੂੰ ਪ੍ਰਵਾਨ ਕਰਦਿਆਂ

Namdhari Elibrary NamdhariElibrary@gmail.com

ਹੋਇਆਂ ਇਹੀ ਮੰਨ ਲਿਆ ਜਾਵੇ ਕਿ ਬੱਕਰੇ ਹੀ ਝਟਕਾਏ ਸਨ ਤਦ ਵੀ ਇਸ ਤੋਂ ਇਹੀ ਪ੍ਰਗਟ ਹੋ ਸਕੇਗਾ ਕਿ ਉਹ ਸਿੱਖਾਂ ਦੀ ਸਿਦਕ ਪ੍ਰੀਖਿਆ ਵਾਸਤੇ ਝਟਕਾਏ ਗਏ ਸਨ, ਨਾ ਕਿ ਮਾਸ ਖਾਣ ਦੀ ਨੀਯਤ ਨਾਲ। ਕਿਉਂਕਿ ਪ੍ਰੇਮ ਨਾਟਕ ਦੀ ਇਸ ਰਚਨਾ ਦੇ ਅੰਤਮ ਦ੍ਰਿਸ਼ ਵਿਚ ਇਹ ਕਿਧਰੇ ਵੀ ਵਰਣਨ ਨਹੀਂ ਕੀਤਾ ਗਿਆ ਕਿ ਉਨ੍ਹਾਂ ਬੱਕਰਿਆਂ ਦਾ ਮਹਾਂਪ੍ਰਸ਼ਾਦ ਤਿਆਰ ਕਰਕੇ ਗੁਰੂ ਜੀ ਨੇ ਸਿੱਖਾਂ ਨਾਲ ਪ੍ਰੀਤੀ ਭੋਜਨ ਕੀਤਾ।

## (ਕ) ਕੁਠੇ ਦੀ ਥਾਂ ਝਟਕਾ

ਮਾਸਾਹਾਰੀ ਸੱਜਣਾ ਦੀ ਇਹ ਕਲਪਨਾ, ਕਿ—"ਕੁਠਾ ਨਹੀਂ ਖਾਣਾ" ਦਾ ਭਾਵ ਇਹ ਹੈ, ਕਿ ਝਟਕਾ ਬਿਨਾਂ ਸੰਗ ਖਾ ਲੈਣਾ, ਬਿਲਕੁਲ ਥੋਥੀ ਹੈ, ਕਿਉਂਕਿ ਸੂਤਾ ਪ੍ਰਮਾਣ ਬਾਣੀ ਵਿਚ ਹਿੰਸਾ ਕਰਨ ਤੇ ਮਾਸ ਖਾਣ ਦੀ ਸਮੁਚੀ ਨਿਖੇਧੀ ਕੀਤੀ ਗਈ ਹੈ, ਜੈਸੇ :

(੧) "ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥"
(ਆਸਾ ਕਬੀਰ)

(੨) "ਹਿੰਸਾ ਤਉ ਮਨ ਤੇ ਨਹੀਂ ਛੂਟੀ ਜੀਅ ਦਇਆ ਨਹੀਂ ਪਾਲੀ ॥"
(ਸਾਰੰਗ ਪਰਮਾਨੰਦ ਜੀ)

(੩) "ਹੇਰਾ ਰੋਟੀ ਕਾਰਨੇ ਗਲਾ ਕਟਾਵਹਿ ਕਉਨੁ ॥"
(ਸਲੋਕ ਕਬੀਰ ਜੀ)

(੪) "ਜੀਅ ਬਧਹੁ ਸੁ ਧਰਮ ਕਰ ਥਾਪਹੁ ਅਧਰਮ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾਕਉ ਕਹਉ ਕਸਾਈ ॥"
(ਮਾਰੂ ਕਬੀਰ ਜੀ)

(੫) "ਜੀਅ ਜੋ ਮਾਰਹਿ ਜੋਰ ਕਰ ਕਹਿਤੇ ਹਹਿ ਜੋ ਹਲਾਲ ॥
ਦਫਤਰ ਲੇਖਾ ਮਾਗੀਐ ਹੋਇਗੋ ਕਉਨ ਹਵਾਲ ॥"
(ਸਲੋਕ ਕਬੀਰ ਜੀ)

(੬) "ਜੇ ਸਭ ਮਹਿ ਏਕ ਖੁਦਾਇ ਕਹਿਤ ਹਉ ਤਉ ਕਿਉ ਮੁਰਗੀ ਮਾਰੈ ॥"
(ਬਸੰਤ ਕਬੀਰ ਜੀ)

Namdhari Elibrary NamdhariElibrary@gmail.com

(੭) "ਅਸੰਖ ਗਲ ਵਢ ਹਤਿਆ ਕਮਾਹਿ ॥"
(ਜਪੁਜੀ ਗੁਰੂ ਨਾਨਕ ਸਾਹਿਬ)

(੮) "ਮਜ਼ਨ ਤੇਗ ਬਰ ਖ਼ੂਨਿ ਕਸ ਬੇ ਦਰੇਗ ॥"
(ਦਸਮ ਪਾਤਸ਼ਾਹ)

ਅਰਥਾਤ ਕਿਸੇ ਦੀ ਗਰਦਨ ਤੇ ਬੇ ਦਰੇਗ ਹੋ ਕੇ ਤਲਵਾਰ ਨਾ ਚਲਾ। ਉਤੇ ਦਿਤੇ ਗਏ ਪ੍ਰਮਾਣਾਂ ਤੋਂ ਸਿੱਧ ਹੈ, ਕਿ ਬਾਣੀ ਵਿਚ ਹਿੰਸਾ, ਹੱਤਿਆ, ਜ਼ੋਰ ਅਤੇ ਜ਼ੁਲਮ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ। ਜਾਨਵਰ ਦੀ ਜਾਨ ਲੈਣ ਵਾਸਤੇ ਹਰ ਇਕ ਤਰੀਕਾ ਹਿੰਸਾ, ਹੱਤਿਆ ਜਾਂ ਜ਼ੁਲਮ ਹੀ ਤੇ ਨਿਰਭਰ ਹੈ। ਹਲਾਲ ਕਰਨ ਵਾਲਾ ਵੀ ਨਿਰਦਈ ਤੇ ਬੇਦਰੇਗ ਹੈ, ਅਰ ਝਟਕਾਣ ਵਾਲਾ ਵੀ ਬੇਰਹਿਮ ਤੇ ਹਿੰਸਕ ਹੈ ਕਿਉਂਕਿ ਜਾਨਵਰ ਦੇ ਪ੍ਰਾਣ ਕੱਢੂ ਤੇ ਮਾਸ ਖਾਊ ਦੋਵੇਂ ਹੀ ਹਨ। ਏਥੇ ਕਬੀਰ ਜੀ ਦਾ ਇਹ ਵਾਕ ਬੜਾ ਚੰਗਾ ਢੁਕਦਾ ਹੈ, ਕਿ :

"ਉਨ ਝਟਕਾ ਉਨ ਬਿਸਮਿਲ ਕੀਆ ਦਇਆ ਦੋਹਾਂ ਤੇ ਭਾਗੀ ॥
ਕਹਿਤ ਕਬੀਰ ਸੁਨਹੁ ਰੇ ਸੰਤਹੁ ਆਗ ਦੋਹਾਂ ਘਰ ਲਾਗੀ ॥"

ਗੁਰਬਾਣੀ ਵਿਚ "ਕੁਠਾ" ਸ਼ਬਦ 'ਮਾਰੇ' ਦੇ ਅਰਥਾਂ ਵਿਚ ਹੀ ਵਰਤਿਆ ਗਿਆ ਹੈ, ਜੈਸੇ :

"ਭਾਉ ਦੂਜਾ ਕੁਠਾ ॥"

ਤਵਾਰੀਖ਼ ਗੁਰੂ ਖਾਲਸਾ ਹਿੱਸਾ ੧ ਦੇ ਪੰਨਾ ੯੧ ਤੋਂ ੯੪ ਤਕ ਜਨੇਊ ਪਾਉਣ ਦੇ ਪ੍ਰਸੰਗ ਵਿਚ ਲਿਖਿਆ ਹੈ — "ਗਿਆਰਵੇਂ ਸਾਲ ਵਿਚ ਹਰਦਿਆਲ ਪ੍ਰੋਹਤ ਬਾਬੇ ਜੀ ਨੂੰ ਜਨੇਊ ਪਾਉਣ ਲਗਾ, ਤੇ ਬੱਕਰਾ ਮਾਰਿਆ, ਤਾਂ ਬਾਬਾ ਜੀ ਨੇ ਇਹ ਸਲੋਕ ਬੋਲਿਆ — "ਤਗ ਕਪਾਹਹੁ ਕਤੀਐ ਬਾਹਮਣ ਵਟੇ ਆਇ ਕੁਹਿ ਬਕਰਾ ਰਿੰਨ੍ਹਿ ਖਾਇਆ ਸਭ ਕੋ ਆਖੈ ਪਾਇ"...ਬਾਬੇ ਆਖਿਆ ਪ੍ਰੋਹਤ ਜੀ! ਤੁਸੀਂ ਕਪਾਸ ਦਾ ਜੰਞੂ ਵਟ ਕੇ ਉਤਸ਼ਾਹ ਕੀਤਾ, ਨਿਉਤਾ ਦੇ ਕੇ ਬ੍ਰਾਹਮਣ ਬੁਲਾਏ, ਆਪਣੇ ਸਵਾਦ ਵਾਸਤੇ ਬੱਕਰਾ ਮਾਰਿਆ। ਇਸ ਤੋਂ ਸਿੱਧ ਹੈ, ਕਿ ਸ੍ਰੀ ਗੁਰੂ ਨਾਨਕ ਦੇਵ ਜੀ ਝਟਕੇ ਨਾਲ ਮਾਰੇ ਹੋਇ ਲਈ ਵੀ "ਕੁਹਿ" (ਕੁਠਾ) ਪਦ ਵਰਤਦੇ ਸਨ, ਕਿਉਂਕਿ ਖੱਤਰੀ ਲੋਕ ਹਲਾਲ ਨਹੀਂ, ਝਟਕਾ ਕਰਦੇ ਹੁੰਦੇ ਸਨ, ਜਿਸ ਤੋਂ ਗੁਰੂ ਜੀ ਨੇ ਉਨ੍ਹਾਂ ਨੂੰ ਵਰਜਿਆ। ਤਾਂ ਤੇ ਗੁਰਬਾਣੀ ਵਿਚ

Namdhari Elibrary NamdhariElibrary@gmail.com

"ਕੁੱਠਾ" ਪਦ ਝਟਕੇ, ਹਲਾਲ ਅਥਵਾ ਹਰ ਇਕ ਤਰੀਕੇ ਨਾਲ ਮਾਰੇ ਹੋਏ ਦਾ ਵਾਚਕ ਹੈ। "ਸੋ ਗੁਰੂ ਕਲਗੀਧਰ ਜੀ ਦਾ "ਕੁਠੇ" ਦੀ ਮਨਾਹੀ ਤੋਂ ਇਹੀ ਭਾਵ ਸੀ ਕਿ ਮਾਸ ਨਾ ਖਾਧਾ ਜਾਵੇ" ਕਿਉਂਕਿ ਇਸ ਦੇ ਵਾਸਤੇ ਜਾਨਵਰਾਂ ਦੀ ਹੱਤਿਆ ਕਰਨੀ ਪੈਂਦੀ ਹੈ, ਜੋ ਕਿ ਗੁਰੂ ਨਾਨਕ ਬਾਣੀ ਦੇ ਅਨੁਸਾਰ ਨੀਚ ਸ੍ਰੇਣੀ ਦੇ ਮਨੁਖਾਂ ਦਾ ਕੰਮ ਹੈ।

(੨) ਜੇ ਥੋੜੇ ਚਿਰ ਲਈ ਇਹ ਵੀ ਮੰਨ ਲਿਆ ਜਾਏ' ਕਿ 'ਕੁਠਾ ਨਹੀਂ ਖਾਣਾ' ਤੋਂ ਇਹ ਮੁਰਾਦ ਹੈ, ਕਿ ਝਟਕਾ ਬੇਸ਼ੱਕ ਖਾ ਲੈਣਾ, ਤਾਂ ਏਸ ਕੁਰਹਿਤ ਵੱਲ ਵੀ ਖ਼ਿਆਲ ਦੇਣਾ ਪਵੇਗਾ, ਜਿਸ ਵਿਚ ਕਿਹਾ ਹੈ ਕਿ — 'ਤੁਰਕਣੀ ਗਮਨ ਨਹੀਂ ਕਰਨਾ,' ਕਿਉਂਕਿ ਜਿਸ ਸੈਂਸ ਵਿਚ 'ਕੁੱਠਾ ਨਹੀਂ ਖਾਣਾ' ਤੋਂ ਇਹ ਕਲਪਨਾ ਦਰੁਸਤ ਸਮਝੀ ਜਾਵੇਗੀ, ਕਿ 'ਝਟਕਾ ਬਿਸ਼ਕ ਖਾ ਲੈਣਾ' ਓਸੇ ਹੀ ਸੈਂਸ ਵਿਚ 'ਤੁਰਕਣੀ ਗਮਨ ਨਹੀਂ ਕਰਨਾ' ਤੋਂ ਇਹ ਕਲਪਨਾ ਵੀ ਦਰੁਸਤ ਮੰਨਣੀ ਪਵੇਗੀ ਕਿ ਹੋਰ ਹਰ ਮਜ਼ੁਬ ਦੀ ਇਸਤਰੀ ਰਵਾ ਹੈ। ਪਰੰਤੂ ਅਜਿਹੀ ਕਲਪਨਾ ਨੂੰ ਕੋਈ ਵੀ ਬੁਧਵਾਨ ਮਨੁਖ ਮੰਨਣ ਵਾਸਤੇ ਤਿਆਰ ਨਹੀਂ ਹੋ ਸਕਦਾ। ਸੋ ਜਿਸ ਤਰ੍ਹਾਂ ਇਹ ਕਲਪਨਾ ਅਯੋਗ ਹੈ, ਇਸੇ ਤਰ੍ਹਾਂ ਕੁਠਾ ਮਨਾਹੀ ਤੋਂ ਝਟਕੇ ਦੀ ਆਗਿਆ ਦਾ ਫ਼ਰਜ਼ ਕਰ ਲੈਣਾ ਵੀ ਅਯੋਗ ਹੈ।

(੩) ਜੇ "ਕੁਠਾ" ਤੇ "ਝਟਕਾ" ਦੋਵੇਂ ਪਦ ਇਕ ਦੂਜੇ ਦੀ ਉਪੇਖਿਆ ਦੇ ਅਸੂਲ ਨੂੰ ਲੈ ਕੇ ਸਾਪੇਖਸ਼ਕ ਵੀ ਮੰਨੇ ਜਾਣ, ਤਦ ਵੀ ਝਟਕੇ ਦੀ ਆਗਿਆ ਨਹੀਂ ਹੋ ਸਕਦੀ। ਕਿਉਂਕਿ ਇਹ ਕੁਰਹਿਤਾਂ **ਬੱਜਰ ਕੁਰਹਿਤਾਂ** ਦੇ ਨਾਮ ਨਾਲ ਕਹੀਆਂ ਗਈਆਂ ਹਨ। ਜਿਸ ਦਾ ਭਾਵ ਇਹ ਹੈ ਕਿ ਚੋਰੀ, ਯਾਰੀ, ਠੱਗੀ, ਝੂਠ, ਕਪਟ, ਨਿੰਦਿਆ, ਚੁਗਲੀ ਮਾਸ ਤੇ ਸ਼ਰਾਬ ਆਦਿ ਹੋਰ ਵੀ ਅਨੇਕਾਂ ਕੁਰਹਿਤਾਂ ਹਨ, ਪਰੰਤੂ ਬੱਜਰ ਕੁਰਹਿਤਾਂ ਇਹ ਚਾਰ ਹਨ, ਜਿਨ੍ਹਾਂ ਦੇ ਕਰਨ ਨਾਲ ਸਿੱਖ ਦੇ ਅਸਲੋਂ ਹੀ ਪਤਿਤ ਹੋ ਜਾਣ ਦਾ ਡਰ ਹੈ। ਹੋਰ ਐਬ ਕਰਨ ਨਾਲ ਸਿੱਖ ਘਟ ਤੋਂ ਘਟ ਆਪਣੇ ਦਾਇਰੇ ਵਿਚ ਰਹੇਗਾ, ਜਿਸ ਕਰ ਕੇ ਉਸ ਦੇ ਸੁਧਾਰ ਦੀ ਆਸ ਹਰ ਸਮੇਂ ਬਣੀ ਰਹਿ ਸਕਦੀ ਹੈ, ਪਰੰਤੂ ਕੁੱਠਾ, ਤਮਾਕੂ, ਕੇਸਾਂ ਦੀ ਬੇਅਦਬੀ ਤੇ ਤੁਰਕਣੀ ਗਮਨ, ਇਹ ਚਾਰੇ ਕੁਰਹਿਤਾਂ ਮੁਸਲਮਾਨ ਦੀ ਸੰਗਤ ਦੀਆਂ ਮੁਥਾਜ ਹਨ। ਕੁਠਾ ਬਣਾਣ ਵਾਲੇ ਕਸਾਈ ਮੁਸਲਮਾਨ, ਕੇਸ ਕਟਣ ਵਾਲੇ ਨਾਈ ਮੁਸਲਮਾਨ, ਤਮਾਕੂ ਪੀਣ ਵਾਲੇ ਹੁਕਈ ਮੁਸਲਮਾਨ, ਅਤੇ ਤੁਰਕਣੀ ਤਾਂ ਹੋਈ ਹੀ ਇਸਲਾਮ ਦੇ ਬੀਜ ਦੀ ਰੱਖਕ, ਸੋ ਇਨ੍ਹਾਂ ਚਹੁੰ ਕੁਰਹਿਤਾਂ

Namdhari Elibrary NamdhariElibrary@gmail.com

ਦੇ ਕਰਨ ਵਾਲੇ ਵਾਸਤੇ ਉਸ ਦੇ ਮੁਸਲਮਾਨ ਹੋ ਜਾਣ ਦਾ ਅੰਦੇਸ਼ਾ ਸੀ, ਜਿਸ ਕਰ ਕੇ ਦੂਰਦਰਸ਼ੀ ਸ੍ਰੀ ਕਲਗੀਧਰ ਜੀ ਨੇ ਇਨ੍ਹਾਂ ਦੇ ਤਿਆਗ ਦੀ ਸਖ਼ਤ ਤੇ ਵਧੀਕ ਤਾੜਨਾਂ ਕਰਨੀ ਮੁਨਾਸਬ ਸਮਝੀ। ਤਾਂ ਤੇ ਬੱਜਰ ਕੁਰਹਿਤਾਂ ਦੇ ਨਿਖੇਧ ਦਾ ਭਾਵ ਕਦਾਚਿਤ ਇਹ ਨਹੀਂ ਹੋ ਸਕਦਾ, ਕਿ ਤਮਾਕੂ ਦੀ ਥਾਂ ਸ਼ਰਾਬ ਪੀ ਲਈ ਜਾਵੇ, ਕੁੱਠੇ ਦੀ ਥਾਂ ਝਟਕਾ ਖਾ ਲਿਆ ਜਾਏ, ਤੇ ਤੁਰਕਣੀ ਦੀ ਥਾਂ ਹੋਰ ਸਭ ਭਾਂਤ ਦੀਆਂ ਇਸਤਰੀਆਂ ਨਾਲ...। ਇਸ ਲਈ ਕਿਸੇ ਤਰੀਕੇ ਨਾਲ ਵੀ ਬਣਿਆ ਹੋਇਆ ਮਾਸ ਗੁਰੂਮਤ ਅਨੁਸਾਰ ਮਨ੍ਹਾ ਕੀਤਾ ਗਿਆ ਹੈ।

(੪) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਨਾਮਧਾਰੀ ਪੰਥ ਤਾਂ ਸਾਰੇ ਦਾ ਸਾਰਾ ਹੀ ਸਤਿਗੁਰੂ ਮੰਨਦਾ ਹੈ, ਪਰੰਤੂ ਅਜਿਹਾ ਵਿਸ਼ਵਾਸ ਨਾ ਰੱਖਣ ਵਾਲੇ ਸਿੱਖ ਵੀ ਘੱਟ ਤੋਂ ਘੱਟ ਇਹ ਜ਼ਰੂਰ ਮੰਨਦੇ ਹਨ, ਕਿ — "ਸ੍ਰੀਮਾਨ ਬਾਬਾ ਰਾਮ ਸਿੰਘ ਜੀ ਸ੍ਰੀ ਕਲਗੀਧਰ ਜੀ ਦੇ ਪੂਰਨ ਸਿੱਖ ਸਨ ਅਤੇ ਉਨ੍ਹਾਂ ਨੇ ਇਕ ਅਜਿਹੇ ਭਿਆਨਕ ਸਮੇਂ ਵਿਚ ਗੁਰੂ ਕਲਗੀਧਰ ਜੀ ਦੀ ਰਹਿਤ ਮਰਯਾਦਾ ਤੇ ਸਿੱਖੀ ਦਾ ਪਰਚਾਰ ਕੀਤਾ, ਜਿਸ ਲਈ ਸਾਰਾ ਸਿੱਖ ਪੰਥ ਸਮੁਚੇ ਤੌਰ ਤੇ ਉਨ੍ਹਾਂ ਦੇ ਇਸ ਉਪਕਾਰ ਦਾ ਰਿਣੀ ਹੈ। ਗ਼ੈਰ ਨਾਮਧਾਰੀ ਸਿਖਾਂ ਦੇ ਇਸ ਖ਼ਿਆਲ ਅਨੁਸਾਰ ਵੀ ਕੁੱਠੇ ਦੀ ਮਨਾਹੀ ਤੋਂ ਝਟਕੇ ਦਾ ਫ਼ਰਜ਼ ਕਰ ਲੈਣਾ ਦਰੁਸਤ ਨਹੀਂ ਬੈਠਦਾ, ਕਿਉਂਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ (ਜੋ ਉਨ੍ਹਾਂ ਦੇ ਖ਼ਿਆਲ ਅਨੁਸਾਰ ਸ੍ਰੀ ਕਲਗੀਧਰ ਜੀ ਦੀ ਰਹਿਤ ਮਰਯਾਦਾ ਦੇ ਸਭ ਤੋਂ ਵਧੀਕ ਗਿਆਤਾ ਅਤੇ ਪ੍ਰਚਾਰਕ ਸਮਝੇ ਜਾਂਦੇ ਹਨ) ਅੰਮ੍ਰਿਤ-ਛਕਾਣ ਸਮੇਂ ਸਿਖਾਂ ਨੂੰ ਖ਼ਾਸ ਹੁਕਮ ਦਿਤਾ, ਕਿ ਮਾਸ ਉਕਾ ਹੀ ਨਹੀਂ ਖਾਣਾ, ਜਿਸ ਦੇ ਫਲਸਰੂਪ ਲੱਖਾਂ ਹੀ ਸਿਖਾਂ ਨੇ ਮਾਸ ਦਾ ਤਿਆਗ ਕਰ ਦਿੱਤਾ ਜਿਸ ਦਾ ਪ੍ਰਤੱਖ ਪ੍ਰਮਾਣ ਨਾਮਧਾਰੀ ਖ਼ਾਲਸਾ ਜੀ ਹੈ।

## (ਖ) ਮਹਾਂਪ੍ਰਸ਼ਾਦ ਦਾ ਸੰਕੇਤ

ਮਾਸਾਹਾਰੀ ਸਿੱਖ ਮਾਸ ਨੂੰ ਮਹਾਂਪ੍ਰਸ਼ਾਦ ਦੇ ਨਾਮ ਨਾਲ ਸਤਕਾਰਦੇ ਹਨ, ਪਰੰਤੂ ਸਿੱਖ ਸਾਹਿੱਤ ਵਿਚ ਇਸ ਦੇ ਵਾਸਤੇ "ਮਹਾਂਪ੍ਰਸ਼ਾਦ" ਸ਼ਬਦ ਕਿਧਰੇ ਵੀ ਨਹੀਂ ਵਰਤਿਆ ਗਿਆ। ਹਾਂ ! ਭਾਈ ਗੁਰਦਾਸ ਜੀ ਨੇ ਇਸ ਨੂੰ ਕੜਾਹ ਪ੍ਰਸ਼ਾਦ ਦੇ ਅਰਥਾਂ ਵਿਚ ਵਰਤਿਆ ਹੈ। ਇਹੀ ਕਾਰਨ ਹੈ ਕਿ ਬਾਜੇ ਭਾਈ ਕੜਾਹ

Namdhari Elibrary NamdhariElibrary@gmail.com

ਪ੍ਰਸ਼ਾਦ ਦੀ ਅਰਦਾਸ ਕਰਨ ਸਮੇਂ ਕਹਿੰਦੇ ਹਨ — "ਸਚੇ ਪਾਤਸ਼ਾਹ ਆਪ ਦੀ ਬਖ਼ਸ਼ੀ ਹੋਈ ਦਾਤ ਵਿਚੋਂ ਮਹਾਂਪ੍ਰਸ਼ਾਦ ਦੀ ਦੇਗ ਹਾਜ਼ਰ ਹੈ", ਪਰੰਤੂ ਅਜਿਹਾ ਰਿਵਾਜ ਪਾਣਾ ਸਿੱਖ ਮਰਯਾਦਾ ਦੇ ਵਿਰੁਧ ਹੋਣ ਦੇ ਕਾਰਨ ਨਵਾਜਬ ਹੈ। ਦੂਜੇ ਇਹ ਨਾਮ ਸਿੱਖਾਂ ਵਿਚ ਮਾਸ ਵਾਸਤੇ ਮਖ਼ਸੂਸ ਹੋ ਚੁਕਾ ਹੈ, ਇਸ ਲਈ ਵੀ ਕੜਾਹ ਪ੍ਰਸ਼ਾਦ ਅਤੇ ਫੇਰ ਗੁਰੂ ਜੀ ਲਈ ਭੋਗ ਲਵਾਣ ਵਾਸਤੇ ਤਿਆਰ ਕੀਤੇ ਗਏ ਪਾਵਨ ਕੜਾਹ ਪ੍ਰਸ਼ਾਦ ਵਾਸਤੇ ਇਸ ਦੀ ਵਰਤੋਂ ਭਾਰੀ ਮਨਮਤ ਹੈ। ਤੀਜੇ ਪ੍ਰਸ਼ਾਦ ਬਜਾਏ ਖ਼ੁਦ ਇਕ ਸੋਹਣਾ, ਅਤੇ ਸਿਖ ਸੰਗਤਾਂ ਵਿਚ ਪਰੰਪਰਾ ਤੋਂ ਪ੍ਰਚਲਿਤ ਚਲਾ ਆਇਆ ਨਾਮ ਹੈ, ਜਿਸ ਲਈ ਕਿਸੇ ਹੋਰਸ ਪਦ ਨੂੰ ਵਰਤਣ ਦੀ ਲੋੜ ਨਹੀਂ।

ਮਾਸ ਦਾ ਨਾਮ ਮਹਾਂਪ੍ਰਸ਼ਾਦ ਵਾਮ ਮਾਰਗ ਦੀ ਨਕਲ ਹੈ। ਉਨ੍ਹਾਂ ਦੇ ਤੰਤ੍ਰ ਪੁਸਤਕਾਂ ਵਿਚ ਭੈੜੀਆਂ ਤੇ ਨਿਖਿਧ ਚੀਜ਼ਾਂ ਨੂੰ ਚੰਗੇ ਤੇ ਉਤਮ ਨਾਵਾਂ ਨਾਲ ਸ਼ਿੰਗਾਰਨ ਦਾ ਯਤਨ ਕੀਤਾ ਗਿਆ ਹੈ। ਜੈਸੇ ਮੱਛੀ ਨੂੰ — "ਜਲ ਤੁੰਬਕਾ," ਸ਼ਰਾਬ ਨੂੰ "ਤੀਰਥ ਯਾਤਰਾ" ਅਤੇ ਭੈਰਵੀ ਚਕ੍ਰ ਦੇ ਵੇਲੇ ਸ਼ਰਾਬੀ ਦੀ ਕੈ ਨੂੰ ਖਾ ਜਾਣ ਵਾਲੇ ਦਾ ਨਾਮ 'ਮਹਾਂਸਿੱਧ' ਰਖਿਆ ਗਿਆ ਹੈ। ਚੱਕਰਵਰਤੀ ਮਹਾਂਪੁਰਖ ਦੀ ਉਪਮਾਂ ਵਿਚ ਲਿਖਿਆ ਗਿਆ ਹੈ ਕਿ ਕਲਾਲਖ਼ਾਨੇ ਵਿਚ ਬੈਠ ਕੇ ਜੋ ਸ਼ਰਾਬ ਦੀ ਬੋਤਲ ਦੀ ਬੋਤਲ ਗਟਕ ਜਾਏ, ਤੇ ਰਾਤ ਨੂੰ ਵੇਸਵਾ ਦੇ ਘਰ ਹੀ ਬਿਰਾਜੇ ਉਸ ਨੂੰ ਚੱਕਰਵਰਤੀ ਮਹਾਂਪੁਰਸ਼ ਸਮਝਣਾ ਚਾਹੀਦਾ ਹੈ — "ਹਾਲਾਂ ਪੀਬਤੰ ਦੀਖਸ਼ਿਤ ਸੈ ਮੰਦਰੇ ਸਪੁਤੇ 'ਨਸ਼ਾਯਾਂ। ਗਣਿਕਾ ਗ੍ਰਹੇਸੂ ਵਿਰਾਜਤੇ ਸਾ ਕੌਲਵ ਚਕਰਵਰਤੀ।" ਇਸ ਤਰ੍ਹਾਂ ਦੇ ਹੋਰ ਵੀ ਅਨੇਕ ਸੰਕੇਤ ਹਨ, ਜਿਨ੍ਹਾਂ ਨੂੰ ਸੱਭਯਤਾ ਦੇ ਉਕਾ ਹੀ ਵਿਰੁਧ ਹੋਣ ਦੇ ਕਾਰਨ ਲਿਖਣਾ ਉਚਿਤ ਨਹੀਂ ਸਮਝਿਆ ਗਿਆ। ਇਨ੍ਹਾਂ ਬੁਰੀਆਂ ਚੀਜ਼ਾਂ ਨੂੰ ਸੁੰਦਰ ਤੇ ਰੋਚਕ ਸ਼ਬਦਾਂ ਨਾਲ ਸ਼ਿੰਗਾਰਨ ਦਾ ਪ੍ਰਯੋਜਨ ਕੇਵਲ ਇਹ ਸੀ ਕਿ ਦੂਜੇ ਲੋਕ ਉਨ੍ਹਾਂ ਨੂੰ ਨਿਖਿੱਧ ਸਮਝਕੇ ਨਫ਼ਰਤ ਨਾ ਕਰਨ। ਮਾਸਾਹਾਰੀ ਭਰਾਵਾਂ ਵਲੋਂ **ਮਾਸ ਜੈਸੀ ਨਿਖਿੱਧ ਅਤੇ ਅਮਨੁਖੀ ਖ਼ੁਰਾਕ ਤੇ ਵੀ 'ਮਹਾ ਪ੍ਰਸ਼ਾਦ' ਦਾ ਲੇਬਲ ਇਸ ਖ਼ਿਆਲ ਨਾਲ ਹੀ ਲਗਾਇਆ ਗਿਆ ਹੈ, ਕਿ ਇਸ ਨੂੰ ਭੈੜੀ ਅਰ ਨਾ ਖਾਣ ਯੋਗ ਖ਼ੁਰਾਕ ਸਮਝ ਕੇ ਖਾਣ ਵਾਲਿਆਂ ਨਾਲ ਘ੍ਰਿਣਾ ਨਾ ਕੀਤੀ ਜਾਵੇ।**

ਪੂਜਨੀਯ ਭਾਈ ਗੁਰਦਾਸ ਜੀ ਨੇ ਇਸ ਵਿਸ਼ੇ ਵਿਚ ਇਕ ਬੜੀ ਸੁੰਦਰ ਪਉੜੀ ਉਚਾਰੀ ਹੈ, ਆਪ ਕਹਿੰਦੇ ਹਨ —

Namdhari Elibrary NamdhariElibrary@gmail.com

"ਮਹੁਰਾ ਮਿਠਾ ਆਖੀਐ ਰੁਠੀ ਨੂੰ ਤੁਠੀ ॥
ਬੁਝਿਆ ਵੱਡਾ ਵਖਾਣੀਐ, ਸਾਵਾਰੀ ਕੁੱਠੀ ॥
ਜਲਿਆ ਠੰਢਾ, ਗਈਨੋ ਆਈ, ਤੇ ਉਠੀ ॥
ਅਹਿਮਕ ਭੋਲਾ ਆਖੀਐ ਸਭ ਗਲ ਉਪੱਠੀ ॥
ਉਜੜ ਤੂਟੀ ਬੇਮੁਖਾ, ਤਿਨ ਆਖਣ ਵੁੱਠੀ ॥
ਚੋਰੈ ਸੰਦੀ ਮਾਉਂ ਜਿਉਂ, ਲੁਕ ਰੋਵੈ ਮੁਠੀ ॥
(ਵਾਰ ੩੪ ਪਉੜੀ ੧੪)

ਸੋ ਇਸ ਪਉੜੀ ਅਨੁਸਾਰ ਜਿਵੇਂ ਮਹੁਰੇ ਨੂੰ ਮਿੱਠਾ, ਰੁੱਠੀ ਨੂੰ ਤੁਠੀ, ਬੁਝੇ ਨੂੰ ਵੱਡਾ, ਕੋਹੀ ਹੋਈ ਨੂੰ ਸਵਾਰੀ ਹੋਈ, ਕਹਿੰਦੇ ਹਨ, ਸੜੇ ਮੁਰਦੇ ਨੂੰ ਕਹਿੰਦੇ ਨੇ ਠੰਢਾ ਹੋ ਗਿਆ ਹੈ, ਗਈ ਅੱਖ ਨੂੰ ਆਖਦੇ ਨੇ ਆ ਗਈ ਹੈ, ਵਿਧਵਾ ਕਿਸੇ ਦੇ ਘਰ ਬਹਿ ਜਾਏ ਤਾਂ ਕਹਿੰਦੇ ਨੇ ਕਿ ਉਠ ਗਈ ਹੈ, ਅਹਿਮਕ ਨੂੰ ਆਖਦੇ ਨੇ ਇਹ ਬੜਾ ਭੋਲਾ ਆਦਮੀ ਹੈ, ਇਸੇ ਤਰ੍ਹਾਂ ਮਾਸ ਖਾਣ ਵਾਲੇ ਸਿਖ ਹੱਡੀਆਂ ਤੇ ਮਾਸ ਦੀਆਂ ਬੋਟੀਆਂ ਨੂੰ ਕਹਿੰਦੇ ਹਨ ਮਹਾਂਪ੍ਰਸ਼ਾਦ। ਤਾਂ ਤੇ ਬਕੌਲ ਭਾਈ ਗੁਰਦਾਸ ਮਾਸ ਨੂੰ ਮਹਾਂਪ੍ਰਸ਼ਾਦ ਕਹਿਣਾ ਪੁੱਠੀ ਤੇ ਮਨਮਤੀ ਸੰਕੇਤ ਹੈ।

## (ਗ) ਮਾਸ ਅਤੇ ਬੀਰਤਾ

ਮਾਸਾਹਾਰੀ ਸੱਜਣਾਂ ਦਾ ਇਹ ਖ਼ਿਆਲ ਵੀ ਕਪੋਲ ਕਲਪਨਾ ਹੈ ਕਿ ਮਾਸ ਨਾਲ ਦਲੇਰੀ, ਅਤੇ ਦੇਸ ਜ਼ਾਤੀ ਅਰ ਧਰਮ ਲਈ ਜੰਗ ਕਰਦਿਆਂ ਹਇਆਂ ਕੁਰਬਾਨ ਹੋ ਜਾਣ ਦੀ ਸ਼ਕਤੀ ਪੈਦਾ ਹੁੰਦੀ ਹੈ, ਪਰੰਤੂ ਦੁਨੀਆਂ ਭਰ ਦੇ ਸੂਰਬੀਰਾਂ ਦਾ ਇਤਿਹਾਸ ਇਸ ਖ਼ਿਆਲ ਦਾ ਖੰਡਨ ਕਰਦਾ ਹੈ। ਸਿਖ ਇਤਿਹਾਸ ਅਜਿਹੇ ਸੂਰਬੀਰਾਂ, ਬਹਾਦਰਾਂ ਅਤੇ ਸ਼ਹੀਦਾਂ ਦੇ ਸੁਨਹਿਰੀ ਕਾਰਨਾਮਿਆਂ ਨਾਲ ਭਰਿਆ ਪਿਆ ਹੈ, ਜੋ ਮਾਸ ਅਹਾਰੀ ਨਹੀਂ ਸਨ, ਪਰ ਉਨ੍ਹਾਂ ਨੇ ਸਤਿਗੁਰ ਦੀ ਕਿਰਪਾ ਨਾਲ ਸੂਰਬੀਰਤਾ ਦੇ ਉਹ ਜੌਹਰ ਵਖਾਏ, ਜਿਨ੍ਹਾਂ ਤੇ ਸਿੱਖ ਸੰਸਾਰ ਨੂੰ ਮਾਣ ਹੈ। ਇਥੇ ਕੁਝ ਉਦਾਹਰਣ ਪਾਠਕਾਂ ਦੀ ਦਿਲਸਚਪੀ ਲਈ ਦਰਜ ਕੀਤੇ ਜਾਂਦੇ ਹਨ —

(੧) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦੇ ਅਜਿਹੇ ਹਾਲਾਤ ਵਿਚ ਪੈਦਾ ਹੋਏ ਤੇ ਪਲੇ ਸਨ, ਕਿ ਮਾਸ ਤਾਂ ਕਿਤੇ, ਕਈ ਵਾਰ ਰੋਟੀਆਂ ਤੋਂ

ਵੀ ਫਾਕੇ ਹੀ ਕਟਣੇ ਪੈਂਦੇ ਸਨ। ਉਨ੍ਹਾਂ ਨੇ ਕਦੇ ਮਾਸ ਨਹੀਂ ਸੀ ਖਾਧਾ, ਪਰੰਤੂ ਉਨ੍ਹਾਂ ਦੀ ਸੂਰਬੀਰਤਾ, ਦਲੇਰੀ, ਅਤੇ ਜੰਗੀ ਸਪਿਰਿਟ ਦੀ ਮਿਸਾਲ ਸੂਰਬੀਰਤਾ ਦੇ ਇਤਿਹਾਸ ਵਿਚ ਕਿਧਰੇ ਵੀ ਨਹੀਂ ਮਿਲਦੀ।

(੨) ਸ੍ਰੀ ਕਲਗੀਧਰ ਜੀ ਦੀ ਸੇਵਾ ਵਿਚ ਜਿਹੜੇ ਸਿੰਘ ਅਨੰਦਪੁਰ ਦੇ ਜੰਗਾਂ ਵਿਚ ਧਰਮ ਦੀ ਖ਼ਾਤਰ ਵੈਰੀਆਂ ਦੇ ਆਹੂ ਲਾਹੁੰਦੇ ਰਹੇ, ਕਈ ਕਈ ਮਹੀਨਿਆਂ ਤਕ ਫਾਕੇ ਕਟਦੇ ਤੇ ਟਾਹਲੀਆਂ ਦੇ ਪੱਤ੍ਰਾਂ ਤੇ ਗੁਜ਼ਾਰਾ ਕਰਦੇ ਰਹੇ। ਉਨ੍ਹਾਂ ਦੇ ਮਾਸਾਹਾਰੀ ਹੋਣ ਦਾ ਕਿਤਿਓਂ ਵੀ ਪ੍ਰਮਾਣ ਨਹੀਂ ਮਿਲਦਾ। ਅਨੰਦ-ਪੁਰ ਤੇ ਸਰਸੇ ਦੇ ਦਰਮਿਆਨ, ਸਰਸਾ ਨਦੀ ਦੇ ਕੰਢੇ, ਤੇ ਚਮਕੌਰ ਦੀ ਗੜ੍ਹੀ ਵਿਚ ਆਪਣੇ ਗੁਰੂ ਜੀ ਦੀ ਕਮਾਨ ਹੇਠ ਜਿਸ ਬਹਾਦਰੀ ਅਤੇ ਮਰਦਾਨਗੀ ਨਾਲ ਉਨ੍ਹਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆ, ਉਹ ਅਨੂਪਮ ਹਨ। ਚਮਕੌਰ ਸਾਹਿਬ ਵਿਚ ਤਾਂ ੪੦ ਸਿਖਾਂ ਨੇ ਦਸ ਲੱਖ ਸੈਨਾਂ ਦਾ ਜੋ ਦੁੰਬੇ ਖਾ ਖਾ ਕੇ ਪਲੀ ਹੋਈ ਸੀ ਐਸਾ ਮੁਕਾਬਲਾ ਕੀਤਾ, ਕਿ ਤੋਬਾ ਤੋਬਾ ਕਰਾ ਦਿਤੀ।

(੩) ਕ੍ਰਿਪਾਲ ਚੰਦ ਉਦਾਸੀ ਦੀ ਸੂਰਬੀਰਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤ੍ਰ ਨਾਟਕ ਵਿਚ ਆਪਣੀ ਕਲਮ ਨਾਲ ਸਲਾਹੀ ਹੈ, ਪਰ ਉਹ ਮਾਸ ਨਹੀਂ ਸੀ ਖਾਂਦਾ।

(੪) ਸ੍ਰੀਮਾਨ ਭਾਈ ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੁਹਕਮ ਸਿੰਘ ਅਤੇ ਸਾਹਿਬ ਸਿੰਘ, ਜਿਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਪ੍ਰਾਪਤ ਹੋਈ, ਅਤੇ ਜਿਨ੍ਹਾਂ ਨੇ ਆਪਣੀਆਂ ਜ਼ਿੰਦਗੀਆਂ ਸ੍ਰੀ ਕਲਗੀਧਰ ਜੀ ਦੀ ਆਗਿਆ ਅਨੁਸਾਰ ਧਰਮ ਦੀ ਬੇਦੀ ਤੋਂ ਕੁਰਬਾਨ ਕਰ ਦਿਤੀਆਂ ਉਨ੍ਹਾਂ ਦੇ ਮਾਸ ਖਾਣ ਦਾ ਕੋਈ ਸਬੂਤ ਨਹੀਂ ਮਿਲਦਾ।

(੫) ਮੁਕਤਸਰ ਦੇ ਮੈਦਾਨ ਵਿਚ ਗੁਰੂ ਜੀ ਦੀ ਖ਼ਾਤਰ ਸ਼ਹੀਦ ਹੋ ਕੇ ਮੁਕਤਿਆਂ ਬਾਬਤ ਵੀ ਕਿਸੇ ਇਤਿਹਾਸ ਵਿਚ ਲਿਖਿਆ ਨਹੀਂ ਮਿਲਦਾ ਕਿ ਉਹ ਮਾਸ ਖਾਂਦੇ ਸਨ।

(੬) ਉਹ ਬੰਦਾ ਬਹਾਦਰ ਜਿਸ ਨੇ ਸਾਹਿਬਜ਼ਾਦਿਆਂ ਦਾ ਪ੍ਰਸ਼ੰਸਾਯੋਗ ਬਦਲਾ ਲਿਆ, ਜਿਸ ਨੇ ਦੁਸ਼ਟਾਂ ਨੂੰ ਲੱਭ ਲੱਭ ਕੇ ਸੰਘਾਰਿਆ, ਜਿਸ ਦਾ ਨਾਮ ਸੁਣ ਕੇ ਦੁੰਬੇ ਖਾਣ ਵਾਲੇ ਬੜੇ ਬੜੇ ਖ਼ਾਨ ਬਹਾਦਰ ਤੇ ਸ਼ਾਹੀ ਫ਼ੌਜਾਂ ਦੇ ਜਰਨੈਲ ਥਰ ਥਰ ਕੰਬਣ ਲਗ ਜਾਂਦੇ ਸਨ, ਸ਼ੁਰੂ ਤੋਂ ਹੀ ਅਹਿੰਸਕ ਅਤੇ ਵੈਸ਼ਨਵ ਹੋਣ ਦੇ ਕਾਰਨ ਮਾਸ ਨਹੀਂ ਸੀ ਖਾਂਦਾ।

Namdhari Elibrary NamdhariElibrary@gmail.com

(੭) ਭਾਈ ਮਤਾਬ ਸਿੰਘ ਜੀ ਅਤੇ ਸੁਖਾ ਸਿੰਘ ਜੈਸੇ ਬਹਾਦਰ ਜਿਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਮਸੇ ਰੰਘੜ ਦਾ ਸੀਸ ਕਟ ਕੇ ਦਰਬਾਰ ਸਾਹਿਬ ਦੀ ਪਵਿੱਤ੍ਰਤਾ ਨੂੰ ਕਾਇਮ ਰਖਿਆ, ਮਾਸ ਨਹੀਂ ਸਨ ਖਾਂਦੇ।

(੮) ਸ੍ਰੀ ਹਰਿ ਮੰਦਰ ਸਾਹਿਬ ਦੇ ਗ੍ਰੰਥੀ ਸ੍ਰੀ ਮਾਨ ਸੰਤ ਮਨੀ ਸਿੰਘ ਜੀ ਗਿਆਨੀ ਜਿਨ੍ਹਾਂ ਨੇ ਸਿੱਖ ਧਰਮ ਦੀ ਸ਼ਾਨ ਨੂੰ ਚਾਰ ਚੰਨ ਲਾਣ ਵਾਸਤੇ ਅੰਗ ਅੰਗ ਕਟਾ ਕੇ ਸ਼ਹੀਦੀ ਦਾ ਜਾਮ ਪੀਤਾ ਮਾਸ ਨਹੀਂ ਸਨ ਖਾਂਦੇ।

(੯) ਹੋਰ ਵੀ ਅਨੇਕਾਂ ਸਿੱਖ ਸ਼ਹੀਦ, ਜੋ ਜੰਗਲਾਂ ਵਿਚ ਮਾਰੀਦੇ ਮਾਰੀਦੇ ਫਿਰਦੇ, ਕਦੇ ਕਾਹਨੂੰ ਵਾਣ ਦੇ ਛੰਭ ਵਿਚ ਗੁਜ਼ਾਰਾ ਕਰਦੇ, ਕਦੇ ਉਹ ਪੀਲੂੰ ਤੇ ਰੁੱਖਾਂ ਦੇ ਪਤੇ ਧ੍ਰੂ ਧ੍ਰੂ ਕੇ ਹੀ ਪੇਟ ਪੂਜਾ ਕਰਦੇ, ਪਰ ਦਿਲ ਵਿਚ ਦੇਸ਼ ਵਾਸਤੇ ਮਰ ਮਿਟਣ ਦੀ ਸਪਿਰਟ ਰਖਦੇ ਸਨ।

(੧੦) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਿਆਰੇ ਸਿੱਖ ਭਾਈ ਹੀਰਾ ਸਿੰਘ ਜੀ ਅਤੇ ਉਨ੍ਹਾਂ ਦੇ ਨਾਲ ਦੇ ਸ਼ਹੀਦ, ਜਿਨ੍ਹਾਂ ਨੇ ਮਲੇਰ ਕੋਟਲੇ ਵਿਚ ਰਿਆਸਤੀ ਫੌਜਾਂ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ, ਤੋਪਾਂ ਅਗੇ ਛਾਤੀਆਂ ਤਾਣ ਕੇ ਅਤੇ ਹਸ ਹਸ ਫਾਂਸੀਆਂ ਤੇ ਲਟਕੇ, ਮਾਸ ਖਾਣ ਵਾਲੇ ਘਰ ਦਾ ਪਾਣੀ ਤਕ ਨਹੀਂ ਸਨ ਪੀਂਦੇ।

(੧੧) ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਕੋਲ ਘੰਟਾ ਘਰ ਵਾਲੇ ਮੈਦਾਨ ਬੁੱਚੜਖਾਨਾ ਬਣ ਚੁਕਾ ਸੀ। ਬੁੱਚੜਖਾਨੇ ਦੀ ਕੰਧ ਪ੍ਰਕਰਮਾਂ ਨਾਲ ਸਾਂਝੀ ਸੀ, ਗਊਆਂ ਦਿਨ-ਦਿਹਾੜੇ ਕਤਲ ਕੀਤੀਆਂ ਜਾਂਦੀਆਂ ਸਨ। ਮਾਸ ਦੀਆ ਬੋਟੀਆਂ ਤੇ ਹੱਡੀਆਂ ਇੱਲ੍ਹਾਂ ਚੁਕ ਚੁਕ ਕੇ ਸ੍ਰੀ ਅੰਮ੍ਰਿਤਸਰ ਦੇ ਪਵਿੱਤ੍ਰ ਸਰੋਵਰ ਵਿਚ ਸੁਟਦੀਆਂ ਸਨ। ਕੁਝ ਨਾਮਧਾਰੀ ਬਜ਼ੁਰਗ ਇਹ ਬੇਅਦਬੀ ਵੇਖ ਕੇ ਜਰ ਨਾ ਸਕੇ, ਉਨ੍ਹਾਂ ਨੇ ਰਾਤੋਂ ਰਾਤ ਬੁਚੜਖ਼ਾਨੇ ਵਿਚ ਦਾਖਲ ਹੋ ਕੇ ਗਊਆਂ ਦੇ ਰੱਸੇ ਕਟ ਕੇ, ਉਨ੍ਹਾਂ ਨੂੰ ਫਾਟਕ ਤੋਂ ਬਾਹਰ ਕਢ ਦਿਤਾ। ਉਪਰੰਤ ਬੁਚੜਾਂ ਨੂੰ ਜੋ ਸੁਤੇ ਹੋਏ ਸਨ ਲਲਕਾਰਿਆ ਤੇ ਕਟਾ-ਵਢ ਸ਼ੁਰੂ ਕੀਤੀ। ਚਹੁੰ ਸਿੱਖਾਂ ਨੇ ਅਨੇਕਾਂ ਬੁੱਚੜਾਂ ਨੂੰ ਪ੍ਰਲੋਕ ਦੀਆਂ ਟਿਕਟਾਂ ਦੇ ਕੇ ਇਸ ਅਸਾਰ ਸੰਸਾਰ ਤੋਂ ਵਿਦਾ ਕੀਤਾ, ਤੇ ਆਪ ਬਾਲ ਬਾਲ ਬਚ ਕੇ ਨਿਕਲ ਗਏ। ਪੁਲਸ ਲਾ ਵਾਹ ਰਹੀ, ਪਰ ਉਹ ਅਸਲ ਦੋਸ਼ੀਆਂ ਦਾ ਪਤਾ ਲਾਣ ਵਿਚ ਸਫ਼ਲ ਨਾ ਹੋ ਸਕੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਨਾਲ ਉਹ ਸਿੱਖ ਆਪਣੇ ਆਪ ਕੁਤਵਾਲੀ ਵਿਚ ਪੇਸ਼ ਹੋ ਗਏ। ਅਤੇ ਉਨ੍ਹਾਂ ਨੇ ਜੁਰਮ

Namdhari Elibrary NamdhariElibrary@gmail.com

ਦਾ ਇਕਬਾਲ ਕਰਦਿਆਂ ਹੋਇਆਂ ਬਿਆਨ ਦਿਤੇ ਕਿ "ਅਮਕੀ ਤਾਰੀਖ ਜੋ ਕਤਲਾਂ ਦੀ ਵਾਰਦਾਤ ਹੋਈ ਸੀ, ਉਸ ਦੇ ਦੋਸ਼ੀ ਅਸੀਂ ਹਾਂ।" ਉਨ੍ਹਾਂ ਦਾ ਸਾਧੂਆਨਾ ਲਿਬਾਸ ਤੇ ਸੁਭਾਉ ਵੇਖ ਕੇ ਕੁਤਵਾਲ ਨੂੰ ਯਕੀਨ ਨਹੀਂ ਆਉਂਦਾ, ਛੇਕੜ ਜਦ ਉਨ੍ਹਾਂ ਨੇ ਉਸ ਵੇਲੇ ਦੱਬੇ ਹੋਏ ਸ਼ਸਤ੍ਰ ਬਰਾਮਦ ਕਰਵਾਏ ਤਾਂ ਨਿਸਚਾ ਆਇਆ। ਸਿਸ਼ਨ ਜੱਜ ਨੇ ਉਨ੍ਹਾਂ ਨੂੰ ਫਾਂਸੀ ਦਾ ਹੁਕਮ ਦਿਤਾ, ਸਿੱਖ ਫਾਂਸੀ ਚੜ੍ਹਨ ਲਈ ਜਾ ਰਹੇ ਹਨ ਬਾਣੀ ਦਾ ਕੀਰਤਨ ਕਰਦੇ ਹੋਏ। ਫਾਂਸੀ ਦੇਣ ਲਈ ਤੰਦੀ ਗਲ ਵਿਚ ਪੌਣ ਲਗੇ ਤਾਂ ਉਨ੍ਹਾਂ ਨੇ ਇਨਕਾਰ ਕਰ ਦਿਤਾ ਕਿ ਇਹ ਅਪਵਿੱਤ੍ਰ ਚੀਜ਼ ਅਸੀਂ ਆਪਣੇ ਗੱਲਾਂ ਨਾਲ ਨਹੀਂ ਛੋਹਣ ਦਿਆਂਗੇ। ਫੇਰ ਉਨ੍ਹਾਂ ਲਈ ਰੇਸ਼ਮੀ ਰੱਸੇ ਵਟੇ ਗਏ। ਫਾਂਸੀ ਲਈ ਰੇਸ਼ਮੀ ਰੱਸੇ ਸਭ ਤੋਂ ਪਹਿਲੋਂ ਇਨ੍ਹਾਂ ਨਾਮਧਾਰੀਆਂ ਦੇ ਆਗ੍ਰਹ ਕਰਨ ਤੇ ਹੀ ਪ੍ਰਵਾਨ ਕੀਤੇ ਗਏ। ਛੇਕੜ ਸਿੰਘ ਹਸਦੇ ਹਸਦੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਛਡਦੇ ਹੋਏ ਸ਼ਹੀਦ ਹੋ ਗਏ। ਇਹ ਸ਼ਹੀਦ ਮਾਸ ਖਾਣ ਵਾਲੇ ਦੇ ਘਰ ਦਾ ਭੋਜਨ ਤੇ ਹੱਥ ਦਾ ਪਾਣੀ ਤਕ ਨਹੀਂ ਸਨ ਪੀਂਦੇ।

(੧੨) ਲਾਰਡ ਹਾਰਡਿੰਗ ਦੇ ਸਮੇਂ ਤਾਜਪੋਸ਼ੀ ਦੀ ਰਸਮ ਬਾਬਤ ਦਿੱਲੀ ਵਿਖੇ ਜਦ ਸ਼ਾਹੀ ਦਰਬਾਰ ਹੋਇਆ, ਤਾਂ ਰੱਸਾ ਕਸ਼ੀ ਦੀਆਂ ਸਮੂੰਹ ਸਰਕਾਰੀ ਤੇ ਗ਼ੈਰ ਸਰਕਾਰੀ ਟੀਮਾਂ ਤੋਂ ਜਿਸ ਟੀਮ ਨੇ ਬਾਜ਼ੀ ਜਿੱਤ ਕੇ ਅਵਲ ਦਰਜੇ ਦਾ ਇਨਾਮ ਪ੍ਰਾਪਤ ਕੀਤਾ ਸੀ ਉਹ ਨਾਮਧਾਰੀ ਸਿੱਖਾਂ ਦੀ ਟੀਮ ਸੀ ਜੋ ਢੋਟੀਆਂ ਜ਼ਿਲਾ ਲਾਇਲਪੁਰ ਦੀ ਵਸਨੀਕ ਸੀ। ਉਨ੍ਹਾਂ ਨੇ ਜਨਮ ਤੋਂ ਲੈ ਕੇ ਆਯੂ ਦੇ ਕਿਸੇ ਹਿੱਸੇ ਵਿਚ ਵੀ ਮਾਸ ਨਹੀਂ ਵਰਤਿਆ। ਜਿਤੇਂਦ੍ਰਿਯ ਰਹਿਣਾ, ਬਦਾਮ, ਘਿਉ ਤੇ ਦੁਧ ਵਰਤਣ ਤੇ ਕਸਰਤ ਕਰਨ ਵਿਚ ਹੀ ਉਨ੍ਹਾਂ ਦੀ ਸ਼ਰੀਰਕ ਸ਼ਕਤੀ ਦਾ ਰਾਜ਼ ਗੁਪਤ ਸੀ। ਉਸ ਵੇਲੇ ਦੇ ਜਥੇਦਾਰ ਮਹੰਤ ਨਰੈਣ ਸਿੰਘ ਜੀ ਅਤੇ ਸੰਤ ਨਰੈਣ ਸਿੰਘ ਜੀ (ਲੰਮੇ) ਅਜੇ ਤਕ ਮੌਜੂਦ ਹਨ, ਜੋ ਬ੍ਰਿਧ ਹੁੰਦੇ ਹੋਏ ਵੀ ਦੋ ਦੋ ਆਦਮੀਆਂ ਨਾਲੋਂ ਤਕੜੇ ਹਨ।

## (੧੩) ਬਾਬਾ ਦਰਗਾਹਾ ਸਿੰਘ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਬਚਲੀ ਚੋਜ ਤੋਂ ਉਪਰੰਤ ਸ੍ਰੀ ਮਾਨ ਸੰਤ ਦਰਗਾਹਾ ਸਿੰਘ ਜੀ (ਨਿਰਮਲੇ) ਨੇ ਆਪਣੇ ਸਾਥੀ ਸੰਤਾਂ ਦੇ ਸਮੇਤ

ਦੱਖਣ ਤੋਂ ਚਲ ਕੇ ਗੰਗਾ ਦੇ ਕਿਨਾਰੇ ਕਨਖਲ (ਗੁਰਦੁਆਰੇ ਵਾਲੀ ਥਾਂ ਤੇ) ਸੰਮਤ ੧੭੬੭ ਬਿ: ਵਿਚ ਨਿਵਾਸ ਕੀਤਾ। ਸੰਤਾਂ ਦੇ ਰਹਿਣ ਵਾਸਤੇ ਕਖਾਂ ਦੀਆਂ ਝੌਂਪੜੀਆਂ ਬਣਵਾਈਆ। ਆਪ ਬਾਬਾ ਜੀ ਕਈ ਮਹੀਨਿਆਂ ਤਕ ਪਿੱਪਲ ਦੇ ਇਕ ਰੁਖ ਉਤੇ ਹੀ ਬਿਰਾਜਦੇ ਰਹੇ। ਆਪ ਚੋਟੀ ਦੇ ਤੀਰ-ਅੰਦਾਜ਼ ਸਨ। ਇਕ ਵਾਰ ਉਸ ਕਸਬੇ ਦੇ ਰਾਇ ਅਹਿਮਦ ਰਾਜਪੂਤ ਉਤੇ ਨਜੀਬਾਬਾਦ ਦੇ ਰੁਹੇਲਿਆਂ ਨੇ ਹਮਲਾ ਕਰ ਦਿਤਾ। ਬਾਬਾ ਜੀ ਨੇ ਸਾਰੀ ਰਾਤ ਰੁਹੇਲਿਆਂ ਤੇ ਪਿੱਪਲ ਤੋਂ ਹੀ ਐਸੀ ਬਾਣ ਬਰਖਾ ਸ਼ੁਰੂ ਰਖੀ ਕਿ ਰੁਹੇਲਿਆਂ ਦੇ ਛਕੇ ਛੁਡਾ ਦਿਤੇ, ਉਨ੍ਹਾਂ ਨੂੰ ਗੰਗਾ ਤੋਂ ਪਾਰ ਰਾਇ ਅਹਿਮਦ ਦੇ ਕਸਬੇ ਵਲ ਵਧਣ ਨਾ ਦਿਤਾ। ਜਦ ਰਾਇ ਅਹਿਮਦ ਨੂੰ ਬਾਬਾ ਜੀ ਦੀ ਏਸ ਕਾਰਵਾਈ ਦਾ ਪਤਾ ਲਗਾ, ਤਾਂ ਚਰਨਾਂ ਵਿਚ ਹਾਜ਼ਰ ਹੋ ਬੇਨਤੀ ਕੀਤੀ, ਕਿ ਮਹਾਰਾਜ ਆਪ ਜਿਥੋਂ ਤਕ ਚਾਹੋ ਘੋੜਾ ਫੇਰ ਕੇ ਜ਼ਮੀਨ ਵਲ ਲਵੋ। ਬਾਬਾ ਜੀ ਵਿਰਕਤ ਮਹਾਂਪੁਰਖ ਸਨ। ਉਨ੍ਹਾਂ ਨੇ ਕਿਹਾ ਸਾਨੂੰ ਏਸ ਦੀ ਕੋਈ ਲੋੜ ਨਹੀਂ। ਅਖੀਰ ਰਾਏ ਅਹਿਮਦ ਨੇ ਆਪਣੇ ਆਪ ਜਿਥੋਂ ਤਕ ਸੰਤਾਂ ਦੀਆਂ ਝੁੱਗੀਆਂ ਪਈਆਂ ਹੋਈਆਂ ਸਨ ਵਾੜਾ ਵਗਲ ਦਿਤਾ, ਤੇ ਸੰਮਤ ੧੭੮੩ ਬਿ: ਵਿਚ ਇਸ ਜ਼ਮੀਨ ਬਾਬਤ ਇਕ ਪਟਾ ਲਿਖ ਦਿਤਾ, ਜੋ ਇਸ ਵੇਲੇ ਵਾਰਸਾਂ ਪਾਸ ਮੌਜੂਦ ਹੈ। ਇਹ ਅਸਥਾਨ ਵਾੜਾ ਬਾਬਾ ਦਰਗਾਹਾ ਸਿੰਘ ਦੇ ਨਾਉਂ ਤੇ ਪ੍ਰਸਿੱਧ ਹੈ। ਇਹ ਬਾਬਾ ਦਰਗਾਹਾ ਸਿੰਘ ਜੀ ਪੂਰਨ ਯੋਗੀ ਰਾਜ ਮਹਾਂਪੁਰਖ ਸਨ, ਜੋ ਮਾਸ ਅਹਾਰ ਨੂੰ ਬਹੁਤ ਨਿਖਿੱਧ ਸਮਝ ਕੇ ਇਸ ਦੇ ਲਾਗੇ ਤਕ ਨਹੀਂ ਛੂੰਹਦੇ ਸਨ।

## ਸਿੱਖ ਰਾਜ ਤੋਂ ਪਹਿਲੇ ਸਿੱਖ

ਦਸਵੇਂ ਪਾਤਸ਼ਾਹ ਤੋਂ ਲੈ ਕੇ ਬਾਬੇ ਬੰਦੇ ਪ੍ਰਯੰਤ ਖ਼ਾਲਸਾ ਪੰਥ ਦੇ ਸੂਰਬੀਰ ਯੋਧੇ ਆਪਣੀ ਧਾਰਮਕ ਸ਼ਾਨ ਦੇ ਅਨੁਸਾਰ ਸਮਾਂ ਵਿਤੀਤ ਕਰਦੇ ਰਹੇ। ਉਨ੍ਹਾਂ ਦਾ ਹੁਲੀਆ ਦੈਵੀ ਅਤੇ ਸੂਰਬੀਰਾਂ ਵਾਲਾ ਹੁੰਦਾ। ਭਰਵੇਂ ਚੇਹਰੇ, ਸਿਧੇ ਦਾੜ੍ਹੇ, ਸਿਧੇ ਤੇ ਚਿੱਟੇ ਦਸਤਾਰੇ, ਖ਼ੁਰਾਕ ਅਵਤਾਰਾਂ ਵਾਲੀ, ਅਕਾਸ਼ੀ ਬ੍ਰਿਤੀ ਸਾਗ (ਸਬਜ਼ੀ) ਨਾਲ ਪ੍ਰੇਮ, ਧਰਮ, ਅਧਰਮ, ਕਰਮ ਤੇ ਅਕਰਮ ਦਾ ਵਿਚਾਰ, ਉਨ੍ਹਾਂ ਦੀਆਂ ਖ਼ਾਸ ਖ਼ੂਬੀਆਂ ਅਤੇ ਗੁਣ ਹੁੰਦੇ ਸਨ। ਰਾਜਸੀ ਕਾਰੋਬਾਰ ਤੋਂ ਇਲਾਵਾ

Namdhari Elibrary NamdhariElibrary@gmail.com

ਗੁਰਬਾਣੀ ਦਾ ਪਾਠ, ਕਥਾ ਕੀਰਤਨ ਦਾ ਠਾਠ, ਜੋੜਮੇਲ ਕਰਨੇ, ਹੋਮ ਯਗ ਕਰਾਣੇ ਅਤੇ ਪ੍ਰਸਪਰ ਪ੍ਰੇਮ ਰਖਣਾ ਉਨ੍ਹਾਂ ਦਾ ਸੁਭਾਉ ਸੀ। ਦੇਖੋ ਪੰਥ ਪ੍ਰਕਾਸ਼ ਐਡੀਸ਼ਨ ੬ ਪੰਨਾ ੧੧੦੮ :

"ਕਬਿੱਤ–ਸੂਧੇ ਦਾੜ੍ਹੇ ਮੁੱਖ ਅੱਛ, ਦਸਤਾਰੇ ਸ੍ਵੇਤ ਸ੍ਵੱਛ,
ਕਟਿ ਪ੍ਰਤੱਛ ਕੱਛ, ਪੱਛ ਦ੍ਰਿੜ੍ਹ ਧਾਰਤੇ।
ਜੀਵਕਾ ਪਿੰਗਬਰੀ ਥੀ, ਅੰਬਰੀ ਰਖਤ ਚਾਲ,
ਕੰਬਰੀ ਪਟੰਬਰੀ ਤੇ ਅਧਿਕ ਸੰਭਾਰਤੇ।
ਰਾਗ ਸਾਗ ਖਾਇਕੈ ਦਰਾਜ ਕਾਜ ਕੀਨ ਆਛੇ,
ਧਰਮ ਅਧਰਮ ਸੁਕਰਮ ਵਿਚਾਰਤੇ।
ਕੀਰਤਨ ਕਥਾ ਠਾਠ ਗੁਰੂ ਗ੍ਰੰਥ ਜੂ ਕੇ ਪਾਠ,
ਜੋੜ ਮੇਲ ਮਾਹਿ ਰਾਠ ਕਾਠ ਨ ਸੰਭਾਰਤੇ।
ਸੂਰਮੇ ਅਪਾਰ ਥੇ, ਉਦਾਰ ਤਬ ਸਿੰਘ ਸਾਰੇ,
ਰਾਜ ਸਾਜ ਪਾਇਕੇ ਨ ਹੋਏ ਅਭਿਮਾਨੀ ਥੇ।
ਹੋਮ ਜਗ ਕਰਵਾਤੇ ਪਰਸਾਦ ਬਟਵਾਤੇ,
ਰੌਣਕ ਰਖਾਤੇ ਗਾਤੇ ਸ਼ਬਦ ਜਬਾਨੀ ਥੇ।
ਦੇਤੇ ਜੋ ਕਿਸਾਨ ਆਨ ਲੇਤੇ ਸਿੰਘ ਮੋਦ ਮਾਨ,
ਹਨੇ ਹਨੇ ਬਾਦਸ਼ਾਹੀ ਕਰਤ ਮਹਾਨੀ ਥੇ।
ਦਾਨੀ ਥੇ ਗੁਮਾਨੀ ਥੇ, ਇਮਾਨੀ ਥੇ ਜਹਾਨੀ ਬੀਰ,
ਦੇਵਗਣ ਸਾਨੀ ਥੇ ਬਿਦੇਹ ਸਮ ਗਿਆਨੀ ਥੇ।"

## ਸਿੱਖ ਰਾਜ ਦੀ ਸਥਾਪਨਾ

ਸਾਗ ਖਾਣ ਵਾਲੇ ਦੇਵਤਾ ਸਰੂਪ ਸਿੰਘਾਂ ਦੀਆਂ ਕੁਰਬਾਨੀਆਂ ਦੇ ਫਲਸਰੂਪ ਪੰਜਾਬ ਵਿਚ ਸਿੱਖ ਰਾਜ ਸਥਾਪਿਤ ਹੋਇਆ। ਮਹਾਰਾਜਾ ਰਣਜੀਤ ਸਿੰਘ ਜੀ ਦੀਆਂ ਫ਼ੌਜਾਂ ਨੇ ਸਰਦਾਰ ਹਰੀ ਸਿੰਘ ਨਲੂਆ ਅਤੇ ਬਾਬਾ ਫੂਲਾ ਸਿੰਘ ਜੀ ਜਰਨੈਲਾਂ ਦੀ ਕਮਾਨ ਹੇਠ ਦੁੰਬੇ ਖਾਣ ਵਾਲੇ ਪਠਾਣਾਂ ਨੂੰ ਉਹ ਚਣੇ ਚਬਾਏ ਕਿ ਉਨ੍ਹਾਂ ਦੀਆਂ ਉਲਾਦਾਂ ਅੱਜ ਤੱਕ ਵੀ ਉਨ੍ਹਾਂ ਦੇ ਨਾਮ ਸੁਣ ਕੇ ਸਹਿਮ

Namdhari Elibrary NamdhariElibrary@gmail.com

ਜਾਂਦੀਆਂ ਤੇ ਕੰਨਾਂ ਨੂੰ ਹੱਥ ਲਾਉਂਦੀਆਂ ਹਨ। ਸਿੰਘਾਂ ਸੂਰਬੀਰਾਂ ਦੇ ਨਾਮ ਸੁਣ ਕੇ ਕਾਬਲ ਤੇ ਕੰਧਾਰ ਦੀਆਂ ਕੰਧਾਂ ਕੰਬਦੀਆਂ ਸਨ।

## ਰਾਜ ਨਸ਼ਟ

ਮਹਾਰਾਜਾ ਰਣਜੀਤ ਸਿੰਘ ਜੀ ਦੇ ਅੱਖਾਂ ਮੀਟਣ ਤੇਂ ਪਿਛੋਂ ਜਦ ਧਰਮਾਤਮਾਂ ਬੀਰ ਦੁਨੀਆਂ ਤੋਂ ਕੂਚ ਕਰ ਗਏ, ਤੇ ਉਨ੍ਹਾਂ ਦੀ ਥਾਂ ਵਿਸ਼ਈਆਂ ਸਰਾਬੀਆਂ ਤੇ ਕਬਾਬੀਆਂ ਨੇ ਸੰਭਾਲ ਲਈ. ਤਾਂ ਦਿਨਾਂ ਵਿਚ ਹੀ ਆਲੀਸ਼ਾਨ ਸਿੱਖ ਰਾਜ ਦੀ ਸਮਾਪਤੀ ਹੋ ਗਈ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ, ਕਿ ਸਿੱਖੀ ਦੀ ਮਰਯਾਦਾ ਬਦਲ ਗਈ, ਪਹਿਰਾਵਾ ਹੋਰ ਹੋ ਗਿਆ, ਚਿੱਟੇ ਤੇ ਸਿੱਧੇ ਗੁਰਮੁਖੀ ਦਸਤਾਰੇ ਛਡ ਦਿਤੇ ਗਏ, ਭਾਰੀਆਂ ਭਾਰੀਆਂ ਟੇਢੀਆਂ ਪੱਗਾਂ ਬੰਨ੍ਹਣ ਲਗ ਪਏ। ਕੱਛਾਂ ਲਾਹ ਕੇ ਧੋਤੀਆਂ ਗਰਾਰੇ (ਸਲਵਾਰਾਂ). ਤੇ ਤਹਿਮਤ ਬੰਨ੍ਹ ਲਏ। ਗੱਲ ਕੀ ਸਿੱਖਾਂ ਸਰਦਾਰਾਂ ਦਾ ਅਹਾਰ ਆਚਾਰ ਅਤੇ ਵਿਚਾਰ ਅਜਿਹਾ ਭ੍ਰਸ਼ਟ ਹੋ ਗਿਆ ਕਿ ਸਿੱਖੀ ਰੂਪ ਗਊ ਨੂੰ ਉਹ ਕਸਾਈ ਦਾ ਰੂਪ ਦਿੱਸਣ ਲਗਾ। ਦਸਵੇਂ ਪਾਤਸ਼ਾਹ ਜੀ ਦੀ ਸਿੱਖੀ ਮਾਨੋਂ ਪ੍ਰਦੇਸ ਗਮਨ ਕਰ ਗਈ, ਅਤੇ ਅਸਿੱਖੀ ਦੀ ਭੈੜੀ ਸ਼ਕਲ ਛਿਨਾਰ ਰੰਨ ਵਾਂਗ ਬਣ ਠਣ ਕੇ ਦੇਸ ਦੇ ਗਲ ਪੈ ਗਈ। ਇਕਨਾਂ ਨੇ ਦਾੜ੍ਹੀਆਂ ਪਾੜਨੀਆਂ ਸ਼ੁਰੂ ਕਰ ਦਿਤੀਆਂ, ਮੋਚਨੇ ਨਾਲ ਵਾਲ ਪੁਟਣੇ ਸ਼ੁਰੂ ਕਰ ਦਿਤੇ, ਕਈ ਉਸਤਰਿਆਂ ਨਾਲ ਲੱਤਾਂ ਨੂੰ ਖਰੋਚਣ ਲਗੇ, ਕਈ ਮੁੱਛਾਂ ਨੂੰ ਹੀ ਝਾੜੀਆਂ ਵਾਂਗ ਪੁਟਣ ਲਗੇ, ਕਈ ਚਿੱਟੀਆਂ ਦਾੜ੍ਹੀਆਂ ਨੂੰ ਕਲਪ ਲਾ ਕੇ ਕਾਲੀਆਂ ਪੂਛਾਂ ਬਣਾਣ ਲਗ ਪਏ। ਗੱਲ ਕੀ ਖ਼ਾਨਦਾਨੀ ਸਿੱਖਾਂ ਦੇ ਪੁੱਤਰ ਆਪਣੇ ਨਾਮ ਨਾਲ 'ਸਿੰਘ' ਸ਼ਬਦ ਰਖਣ ਵਾਲੇ ਕਸਾਈ ਰੂਪ ਹੋ ਕੇ ਸਿੱਖੀ ਰੂਪ ਗਊ ਨੂੰ ਕਤਲ ਕਰਨ ਲਗ ਪਏ :

"ਕਬਿੱਤ-ਔਰੇਂ ਰੀਤ, ਔਰੇਂ ਮੀਤ, ਔਰੇਂ ਪ੍ਰਤੀਤ ਪ੍ਰੀਤ,
ਖ਼ਾਨ ਪਹਿਰਾਨ ਗਿਆਨ ਮਾਨ ਐਰੈਂ ਜਨਕੈ।
ਡਾਰੇ ਦਸਤਾਰੇ ਸਾਫੇ ਭਾਰੇ ਹੈਂ ਸੰਭਾਰੇ ਆਛੇ,
ਕਛੇਂ ਤਜ ਗਏ ਧੋਤੀ ਸੁੱਥੂ ਤੰਗ ਤਨਕੈ॥
ਧਾਰੇ ਹੈਂ ਗਰਾਰੇ ਤੰਬੇ, ਤਹਿਮਤ ਅਧਿਕ ਲੰਬੇ,
ਜਿਨ੍ਹੈਂ ਦੇਖ ਸਿਖੀ ਗਊ ਕੰਬੈ ਤੁਰਕ ਗਨਕੈ* ॥

Namdhari Elibrary NamdhariElibrary@gmail.com

ਸਿਖੀ ਦਸਮੇਸ ਕੀ ਸੁ ਕੀਆ ਪਰਦੇਸਗੀ,
ਅਸਿਖੀ ਪਰੀ ਪੇਸ਼ਗੀ ਛਿਨਾਰ ਬਨ ਠਨਕੈ ॥
ਏਕ ਬਾਰ ਪਾਰੈਂ, ਓਚੈਂ ਨਾਕ ਨੋਚੈਂ ਮੋਚਨੇ ਲੈ,
ਕੋਈ ਖੋਚੈਂ ਲਤਨ ਕੋ ਸੋਚੈ ਨ ਲਖਾਇ ਹੈਂ ॥
ਕੋਊ ਦਾੜ੍ਹੇਂ ਹੀ ਉਖਾੜੈਂ, ਮੂਛੈਂ ਪਾੜੈਂ ਝਾੜਨ ਜਿਉਂ,
ਪੂਛੈਂ ਸੇਤ ਛਾੜੈਂ ਕੋਊ ਸਾੜੈਂ ਦਵਾ ਲਾਇ ਹੈਂ ॥
ਬਗਲੈਂ ਉਪਾਰੈਂ ਕੋਊ ਭੋਹੇਂ ਸੋਹੇਂ ਕੀ ਉਖਾਰੈਂ,
ਨਾਸਕਾ ਕੋ ਫਾਰੈਂ ਹਾਥ ਮਾਥ ਪੈ ਚਲਾਇ ਹੈਂ ॥
ਸਿੱਖਨ ਕੇ ਪੂਤ ਮਜ਼ਬੂਤ ਸਿੰਘ ਨਾਮ ਵਾਰੇ,
ਹਾਇ ਵੇ ਕਸਾਈ ਰਹੇ ਸਿੱਖੀ ਗਊ ਘਾਇ ਹੈਂ ॥"

(ਪੰਥ ਪ੍ਰਕਾਸ਼ ਅੰਤਮ ਨਿਵਾਸ)

## ਸੰਤ ਖ਼ਾਲਸਾ

ਅਕਾਲ ਪੁਰਖ ਅਤੇ ਸ੍ਰੀ ਕਲਗੀਧਰ ਪਰਮ ਪਿਤਾ ਨੂੰ ਭਲਾ ਇਹ ਕਦ ਮਨਜ਼ੂਰ ਸੀ, ਕਿ ਸੂਰਬੀਰ ਬਾਹਦਰਾਂ ਦੇ ਖ਼ੂਨ ਵੀਟ ਵੀਟ ਕੇ ਸਰਸਬਜ਼ ਕੀਤਾ ਹੋਇਆ ਸਿੱਖੀ ਦਾ ਬਗ਼ੀਚਾ ਸ਼ਰਾਬੀਆਂ ਕਬਾਬੀਆਂ ਤੇ ਦੁਰਾਚਾਰੀਆਂ ਦੀਆਂ ਕਰਤੂਤਾਂ ਦੇ ਫਲਸਰੂਪ ਸੁਕ ਸੜ ਕੇ ਤਬਾਹ ਹੋ ਜਾਂਦਾ। ਉਨ੍ਹਾਂ ਨੇ ਭਾਈ ਆਲਿਮ ਸਿੰਘ ਜੀ ਨਾਲ ਇਹ ਇਕਰਾਰ ਕੀਤਾ ਹੋਇਆ ਸੀ ਕਿ ਮੈਂ ਯਾਰ੍ਹਵੀਂ ਵਾਰ ਆ ਕੇ ਆਪਣੀ ਖ਼ਾਲਸਾ ਪੰਥ ਰੂਪ ਖੇਤੀ ਦੀ ਸੰਭਾਲ ਕਰਾਂਗਾ। ਸੌ ਸਾਖੀ ਅਤੇ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਦਸਵੇਂ ਪਾਤਸ਼ਾਹ ਜੀ ਨੂੰ ਆਲਿਮ ਸਿੰਘ ਨੇ ਪੁੱਛਿਆ ਫੇਰ ਕਦੋਂ ਦਰਸ਼ਨ ਹੋਣਗੇ ? ਤਾਂ ਹਜ਼ੂਰ ਨੇ ਉਤਰ ਵਿਚ ਕਿਹਾ :

"ਬੇਰ ਗਿਆਰਵੀਂ ਹਮ ਚਲ ਆਵਹਿਂ,
ਜਿਸ ਤੇ ਕੋਈ ਨ ਹਮ ਲਖ ਪਾਵਹਿਂ ॥

* ਜਿਨ੍ਹਾਂ ਨੂੰ ਸਿੱਖੀ ਰੂਪ ਗਊ ਤੁਰਕ ਜਾਣ ਕੇ ਥਰ ਥਰ ਕੰਬਦੀ ਸੀ। ਭਾਵ ਸਿੱਖਾਂ ਦਾ ਪਹਿਰਾਵਾ ਵੀ ਤੁਰਕਾਂ ਵਾਲਾ ਤੇ ਖਾਨ ਪਾਨ ਵੀ ਉਨ੍ਹਾਂ ਵਾਲਾ ਸੀ।

Namdhari Elibrary NamdhariElibrary@gmail.com

ਪੰਥ ਖ਼ਾਲਸਾ ਖੇਤੀ ਮੇਰੀ,
ਕਰੋਂ ਸੰਭਾਲਨ ਮੈਂ ਤਿਸ ਬੇਰੀ ।।''
(ਸੂ: ਪ: ਰੁਤ ੫ ਅੰਸੂ ੩੮)

ਓਧਰ ਤਾਂ ਖ਼ਾਲਸਾ ਨਾਮ ਦਾਨ ਇਸ਼ਨਾਨ ਬਾਣੀ ਪਾਠ ਸ਼ੁਭ ਵਿਚਾਰ, ਸ਼ੁਧ ਆਹਾਰ, ਸਦਾਚਾਰ ਅਤੇ ਪ੍ਰਸਪਰ ਪਿਆਰ ਨੂੰ ਅਸਫ਼ੀਤਾ ਦੇ ਕੇ ਆਪਣੇ ਰੰਗ ਵਿਚ ਮਗਨ ਸੀ, ਤੇ ਇਧਰ ਹਜ਼ਰੋਂ ਵਿਚ ਪੂਰਵੋਕਤ ਪੇਸ਼ੀਨਗੋਈ ਅਨੁਸਾਰ ਰੱਬੀ ਜੋਤ ਸ੍ਰੀ ਸਤਿਗੁਰੂ ਬਾਬਾ ਬਾਲਕ ਸਿੰਘ ਜੀ ਦੇ ਰੂਪ ਵਿਚ ਪ੍ਰਗਟ ਹੋ ਕੇ ਮਾਸ ਸ਼ਰਾਬ ਦੇ ਤਿਆਗੀ ਸੰਤ ਖ਼ਾਲਸਾ ਜੀ ਦਾ ਪ੍ਰਕਾਸ਼ ਕਰ ਰਹੀ ਸੀ। ਸ੍ਰੀ ਗੁਰੂ ਬਾਲਕ ਸਿੰਘ ਜੀ ਯਾਰ੍ਹਵੇਂ ਪਾਤਸ਼ਾਹ ਆਪਣੀ ਕਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸੌਂਪ ਕੇ ਆਪ ਸਰੀਰ ਦਾ ਓਹਲਾ ਕਰ ਗਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਤੇਜ ਬਲ ਅਤੇ ਅਲੌਕਿਕ ਪ੍ਰਾਕਰਮ ਨਾਲ ਸਿੱਖੀ ਦੀ ਸੜਦੀ ਹੋਈ ਫੁਲਵਾੜੀ ਨੂੰ ਨਵੇਂ ਸਿਰੇ ਪ੍ਰਫੁਲਤ ਕੀਤਾ। ਆਪ ਨੇ ਮਾਸ ਸ਼ਰਾਬ ਚੋਰੀ ਯਾਰੀ ਅਤੇ ਫੁਟ ਆਦਿ ਦੇ ਵਿਰੁਧ ਐਨੀ ਜ਼ਬਰਦਸਤ ਲਹਿਰ ਚਲਾਈ ਕਿ ਥੋੜੇ ਹੀ ਸਮੇਂ ਵਿਚ ਸਿੱਖੀ ਦੇ ਕਲਿਜੁਗੀ ਖੇਤਰ ਵਿਚ ਸਤਿਜੁਗ ਦਾ ਪ੍ਰਕਾਸ਼ ਡਲ੍ਹਕਾਂ ਮਾਰਨ ਲਗ ਪਿਆ। ਜਿਸ ਸੰਬੰਧੀ ਗਿਆਨੀ ਗਿਆਨ ਸਿੰਘ ਜੀ ਆਪਣੀ ਭਾਗ ਭਰੀ ਲੇਖਣੀ ਨਾਲ ਇਸ ਤਰ੍ਹਾਂ ਲਿਖਦੇ ਹਨ :

''ਕਬਿੱਤ। ਹੁਕੇ ਛੁਡਵਾਏ ਰਖਵਾਏ ਕੇਸ ਮੋਨਿਓਂ ਕੇ,
ਸੁਧਾ ਛਕ ਥਾਇ ਸਿੱਖ, ਭਾਗ ਜਿਨੈਂ ਜਾਗਿਓ।
ਫੈਲਿਓ ਜਸ ਭਾਰੀ ਸਿੱਖ ਥੀਏ ਤਾਹਿ ਕੇ ਅਪਾਰੀ,
ਸਿੱਖ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ **ਸ਼ਰਾਬ ਮਾਸ** ਚੋਰੀ ਯਾਰੀ
ਠੱਗੀ ਤਜ ਥੀਏ ਸਿੰਘ **ਸਤਿਜੁਗ ਆਗਿਓ।**

ਸੋ ਅੱਜ ਫੇਰ ਚੀਨੀ ਵਾਲੇ ਪਾਤਸ਼ਾਹ ਦੀ ਕਿਰਪਾ ਨਾਲ ਲੱਖਾਂ ਹੀ ਸਿਖ ਦਸ਼ ਦੀ ਸੋਭਾ ਨੂੰ ਵਧਾ ਰਹੇ ਹਨ। ਨਤੀਜਾ ਇਹ, ਕਿ ਜੇ ਖ਼ਾਲਸਾ ਪੰਥ ਨੂੰ ਉੱਨਤੀ ਦੇ ਸਿਖਰ ਤੇ ਪੁਚਾਇਆ ਤਾਂ ਉਨਾਂ ਸੂਰਬੀਰ ਤੇ ਬਹਾਦਰ ਗੁਰਸਿਖਾਂ ਨੇ ਜੋ ਮਾਸ ਨਹੀਂ ਸਨ ਖਾਂਦੇ। ਸਿੱਖ ਕੌਮ ਨੂੰ ਤਖ਼ਤ ਤੇ ਤਾਜ ਤੋਂ ਮਹਿਰੂਮ ਕਰਕੇ ਅਵੁਨਤੀ ਦੇ ਖਾਤੇ ਵਿਚ ਸੁਟਿਆ ਉਨ੍ਹਾਂ ਦੁਰਾਚਾਰੀ ਅਮੀਰ ਸਿਖਾਂ

Namdhari Elibrary NamdhariElibrary@gmail.com

ਨੇ ਜੋ ਮਾਸ ਸ਼ਰਾਬ ਦੇ ਆਦੀ ਹੋ ਗਏ ਸਨ। ਅਤੇ ਵੈਰਾਨ ਹੋਏ ਸਿੱਖੀ ਦੇ ਬਗ਼ੀਚੇ ਵਿਚ ਨਵੇਂ ਸਿਰੇ ਬਸੰਤ ਦਾ ਖੇੜਾ ਲਿਆ ਕੇ, ਇਸ ਨੂੰ ਪ੍ਰਫੁਲਤ ਕੀਤਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਉਨ੍ਹਾਂ ਨਾਮਧਾਰੀ ਸ਼ਹੀਦਾਂ ਤੇ ਜਲਾਵਤਨ ਸੂਬਿਆਂ ਨੇ, ਜਿਨ੍ਹਾਂ ਨੇ ਮਾਸ ਸ਼ਰਾਬ ਵਰਤਣ ਵਾਲੇ ਘਰਾਂ ਦਾ ਕਦੇ ਭੋਜਨ ਤੱਕ ਅੰਗੀਕਾਰ ਨਹੀਂ ਸੀ ਕੀਤਾ। ਤਾਂ ਤੇ ਇਹ ਖ਼ਿਆਲ ਬਿਲਕੁਲ ਨਿਰਮੂਲ ਤੇ ਯੁਕਤੀ ਰਹਿਤ ਹੈ, ਕਿ ਬੀਰਤਾ ਬਲ ਤੇ ਵਿਜੈਤਾ ਵਾਸਤੇ ਮਾਸ ਦਾ ਖਾਣਾ ਜ਼ਰੂਰੀ ਹੈ। ਸਗੋਂ ਉਤਲੇ ਹਵਾਲਿਆਂ ਤੋਂ ਇਹ ਸਿੱਧ ਹੁੰਦਾ ਹੈ, ਕਿ ਬਹਾਦਰਾਨਾ ਸਪਿਰਿਟ ਨੂੰ ਕਾਇਮ ਕਰਨ ਵਾਸਤੇ ਮਾਸ ਦਾ ਤਿਆਗ ਕਰਨਾ ਉਚਿਤ ਹੈ।

## ਭਾਰਤ ਦੇ ਪ੍ਰਾਚੀਨ ਸੂਰਬੀਰ

ਹੁਨ ਅਤਿਅੰਤ ਸੰਖੇਪ ਵਿਚ ਭਾਰਤ ਦੇ ਉਨ੍ਹਾਂ ਪ੍ਰਾਚੀਨ ਸੂਰਬੀਰਾਂ ਦੇ ਨਮੂਨੇ ਪੇਸ਼ ਕੀਤੇ ਜਾਂਦੇ ਹਨ, ਜਿਹੜੇ ਮਾਸ ਨਹੀਂ ਖਾਂਦੇ ਸਨ, ਪਰ ਆਪਣੇ ਜਤ ਸਤ ਅਤੇ ਤਪ ਦੇ ਪ੍ਰਭਾਵ ਨਾਲ ਮਹਾਂ ਬਲਵਾਨ ਅਤੇ ਅਲੌਕਿਕ ਸੂਰਬੀਰ ਸਾਬਿਤ ਹੋਏ :—

ਸ੍ਰੀ ਰਾਮਚੰਦ੍ਰ ਜੀ ਮਹਾਰਾਜ ਨੇ ਸੀਤਾ ਸਵੰਬਰ ਸਮੇਂ ਸ਼ਿਵਜੀ ਦਾ ਉਹ ਧਨੁਖ ਸੁਖੈਨਤਾ ਨਾਲ ਹੀ ਤੋੜ ਦਿਤਾ, ਜਿਸ ਨੂੰ ਭਾਰਤ ਦੇ ਰਾਜੇ ਮਹਾਰਾਜੇ ਤਾਂ ਕਿਤੇ ਰਹੇ ਰਾਵਣ ਜੈਸੇ ਬਲਵਾਨ ਵੀ ਹਥ ਲਾਉਣ ਦੀ ਦਲੇਰੀ ਨਾ ਕਰ ਸਕੇ। ਅਨੇਕਾਂ ਰਾਖਸ਼ਾਂ ਦਾ ਸੰਘਾਰ ਕਰ ਕੇ ਅੰਤ ਨੂੰ ਆਪ ਨੇ ਉਸ ਮਹਾਬਲੀ ਰਾਵਨ ਨੂੰ ਪਛਾੜਿਆ ਜਿਸ ਨੂੰ ਉਸ ਯੁਗ ਦਾ ਅਜੀਤ ਸਮਰਾਟ ਸਮਝਿਆ ਜਾਂਦਾ ਸੀ।

(੨) ਸ੍ਰੀ ਲਛਮਣ ਬੀਰ ਨੇ ਸੀਤਾ ਸਵੰਬਰ ਸਮੇਂ ਉਸ ਪਰਸਰਾਮ ਨਾਲ ਨਿਡਰਤਾ ਭਰੇ ਬਚਨ ਕਰ ਕੇ ਉਸ ਨੂੰ ਖਿਝਾ ਦਿਤਾ, ਜਿਸ ਨੇ ੨੧ ਵਾਰ ਧਰਤੀ ਤੋਂ ਖਤਰੀਆਂ ਨੂੰ ਮੁਕਾਣ ਦਾ ਪ੍ਰਣ ਕੀਤਾ ਹੋਇਆ ਸੀ। ਇਸ ਸੰਬਾਦ ਤੋਂ ਪਤਾ ਲਗਦਾ ਹੈ, ਕਿ ਲਛਮਣ ਜੀ ਵੱਡੇ ਵੱਡੇ ਬਲਵਾਨਾਂ ਸਾਹਵੇਂ ਵੀ ਕਿਡੇ ਦਲੇਰ ਨਿਝੱਕ ਅਤੇ ਖਰੀਆਂ ਖਰੀਆਂ ਕਹਿਣ ਵਾਲੇ ਬੀਰ ਸਨ। ਜਿਨ੍ਹਾਂ ਨੇ ਇਸ ਵਿਸ਼ੇ ਵਿਚ ਵਧੀਕ ਜਾਨਣਾ ਹੋਵੇ ਉਹ ਰਾਮਚਰਿਤਰਮਾਨਸ ਬਾਲਕਾਂਡ ਦਾ ਬਿਸ੍ਰਾਮ ੮ ਤੇ ੯ ਪੜ੍ਹਨ। ਇਸ ਤੋਂ ਬਿਨਾਂ ਰਾਵਣ ਦਾ ਪੁੱਤਰ ਮੇਘਨਾਦ

ਜਿਸ ਨੇ ਇੰਦਰ ਨੂੰ ਜਿੱਤਣ ਦੇ ਕਾਰਨ ਇੰਦਰਜੀਤ ਪਦਵੀ ਪਾਈ ਸੀ, ਉਸ ਨੂੰ ਲਛਮਣ ਜੀ ਨੇ ਜਿਸ ਬੀਰਤਾ ਨਾਲ ਰਣ ਭੂਮੀ ਵਿਚ ਮਾਰਿਆ ਉਹ ਲੰਕਾ ਕਾਂਡ ਵਿਖੇ ਗੋਸਵਾਮੀ ਤੁਲਸੀਦਾਸ ਜੀ ਦੇ ਸ਼ਬਦਾਂ ਵਿਚ ਹੀ ਪੜ੍ਹਨ ਯੋਗ ਹੈ।

(੩) ਭਰਤ ਜੀ ਰਾਮਵਿਯੋਗੀ ਹੋਣ ਦੇ ਕਾਰਨ ਭਾਵੇਂ ਸਾਧਾਰਨ ਭੋਜਨ ਦੀ ਵੀ ਪ੍ਰਵਾਹ ਨਹੀਂ ਸਨ ਕਰਦੇ ਪਰ ਉਨ੍ਹਾਂ ਦੇ ਬਲ ਦਾ ਪਤਾ ਉਸ ਵਾਕਿਆ ਤੋਂ ਲਗਦਾ ਹੈ, ਜਦ ਹਨੂੰਮਾਨ ਨੂੰ ਪਹਾੜ ਚੁਕੀ ਆਉਂਦਿਆਂ ਵੇਖ ਕੇ ਬੇਫਲ ਤੀਰ ਦਾ ਨਿਸ਼ਾਨਾ ਬਣਾ ਕੇ ਪ੍ਰਿਥਵੀ ਤੇ ਸੁਟ ਦਿਤਾ। ਉਪਰੰਤ ਲਛਮਣ ਮੂਰਛਾ ਦੀ ਕਥਾ ਸੁਣ ਕੇ ਹਨੂੰਮਾਨ ਨੂੰ ਕਿਹਾ, ਕਿ "ਮੇਰੇ ਤੀਰ ਦੀ ਮੁਖੀ ਤੇ ਬੈਠ, ਤਾਕਿ ਮੈਂ ਤੈਨੂੰ ਲੰਕਾ ਵਿਚ ਸ੍ਰੀ ਰਘੁਨਾਥ ਪਾਸ ਛੇਤੀ ਪੁਚਾ ਦੇਵਾਂ।"

(੪) ਹਨੂੰਮਾਨ ਜੀ ਸਬੰਧੀ ਸ੍ਰੀ ਸੀਤਾ ਜੀ ਦਾ ਪਤਾ ਲਿਆਉਣਾ, ਰਾਖਸ਼ਾਂ ਨੂੰ ਪਛਾੜਨਾ, ਬਾਗ਼ ਪੁਟਣਾ, ਲੰਕਾ ਸਾੜਨੀ, ਸੂਰਜ ਚੜ੍ਹ ਤੋਂ ਪਹਿਲੋਂ ਸੰਜੀਵਨੀ ਬੂਟੀ ਦਾ ਪਰਬਤ ਲਿਆਉਣਾ, ਆਦਿ, ਅਨੇਕਾਂ ਹੀ ਵਾਕਿਆਤ ਪ੍ਰਸਿੱਧ ਹਨ, ਜਿਨ੍ਹਾਂ ਤੋਂ ਇਕ ਸਬਜ਼ੀਖੋਰ ਤੇ ਫਲਾਹਾਰੀ ਰਾਮ ਭਗਤ ਦੀ ਬੇਮਿਸਾਲ ਬੀਰਤਾ ਦੇ ਜੌਹਰ ਪ੍ਰਗਟ ਹੁੰਦੇ ਹਨ।

(੫) **ਅੰਗਦ** ਸ੍ਰੀ ਤਾਮ ਜੀ ਵਲੋਂ ਜਦ ਅੰਗਦ ਜੀ ਬਤੌਰ ਦੂਤ ਦੇ ਰਾਵਣ ਦੇ ਦਰਬਾਰ ਵਿਚ ਪੁੱਜੇ, ਤਾਂ ਰਾਵਣ ਦੇ ਨਾਲ ਬਰਸਰੇ ਇਜਲਾਸ ਅਜੇਹੀ ਦਲੇਰਾਨਾ ਗਲ ਬਾਤ ਕੀਤੀ, ਕਿ ਸੁਣਨ ਵਾਲੇ ਦੰਗ ਰਹਿ ਗਏ। ਰਾਮਚਰਿਤਮਾਨਸ ਵਿਚ ਇਹ ਕਥਾ ਪ੍ਰਸਿੱਧ ਹੈ, ਕਿ ਅੰਗਦ ਬੀਰ ਦੀ ਲੱਤ ਰਾਵਣ ਦਾ ਕੋਈ ਸੂਰਮਾਂ ਵੀ ਨਾ ਹਿਲਾ ਸਕਿਆ। ਛੇਕੜ ਜਦ ਰਾਵਣ ਪੈਰ ਫੜ ਕੇ ਲੱਤ ਹਿਲਾਉਣ ਲਈ ਤਿਆਰ ਹੋਇਆ ਤਾਂ ਇਸ ਨਿਡਰ ਸੂਰਬੀਰ ਨੇ ਕਿਹਾ ਕਿ 'ਮਮਪਦ ਗਹੈ ਨ ਤੋਰ ਉਧਾਰਾ।' ਮੇਰਾਂ ਪੈਰ ਫੜਨ ਨਾਲ ਤੇਰਾ ਉਧਾਰ ਨਹੀਂ ਹੋਣਾ। ਜਾ ਕੇ ਸ੍ਰੀ ਰਾਮ ਜੀ ਦੇ ਚਰਨ ਕਿਉਂ ਨਹੀਂ ਫੜਦਾ ?
"ਗਹਿਸ ਨ ਰਾਮ ਚਰਨ ਸਠ ਜਾਈ॥ ਸੁਨਤ ਫਿਰਾ ਮਨ ਅਤਿ ਸੁਕਚਾਈ॥"
(ਰਾਮਚਰਿਤਮਾਨਸ, ਲੰਕਾ ਕਾਂਡ)

(੬) ਸ੍ਰੀ ਕ੍ਰਿਸ਼ਨ ਮਹਾਰਾਜ ਜੀ ਮੱਖਣ ਖਾ ਕੇ ਹੀ ਪਲੇ ਸਨ। ਕਦੇ ਮਾਸ ਨੂੰ ਤੱਕਿਆ ਤਕ ਨਹੀਂ ਸੀ, ਉਨ੍ਹਾਂ ਨੂੰ ਭੋਗ ਵੀ ਮੱਖਣ ਦਾ ਲਗਦਾ ਹੈ, ਪਰੰਤੂ ਕੰਸ ਦੀ ਰੰਗ ਭੂਮੀ ਦੇ ਦਰਵਾਜ਼ੇ ਅੱਗੇ ਜਿਸ ਤਰ੍ਹਾਂ ਆਪ ਨੇ ਕੁਵੱਲੀਆ ਪੀੜ ਨਾਮੀ ਹਾਥੀ ਨਾਲ ਘੁਲ ਕੇ ਉਸ ਨੂੰ ਪਛਾੜਿਆ, ਉਸ ਦਾ ਨਕਸ਼ਾ ਸ੍ਰੀ

Namdhari Elibrary NamdhariElibrary@gmail.com

ਕਲਗ਼ੀਧਰ ਜੀ ਨੇ ਦਸਮ ਗਰੰਥ ਕ੍ਰਿਸ਼ਨਾਵਤਾਰ ਦੇ ਛੰਦ ੮੪੭ ਵਿਚ ਇਸ ਤਰ੍ਹਾਂ ਖਿਚਿਆ ਹੈ :—

ਕੋਪ ਕਰਿਓ ਮਨ ਮੈ ਹਰਿ ਜੂ, ਤਿਹ ਕੋ ਤਬ ਦਾਂਤ ਉਖਾਰ ਲਯੋ ਹੈ ॥
ਏਕ ਦਈ ਗਜ ਸੁੰਡ ਵਿਖੈ, ਕੁਪ ਦੂਸਰ ਸੀਸ ਕੇ ਬੀਚ ਦਯੋ ਹੈ ॥
ਚੋਟ ਲਗੀ ਸਿਰ ਬੀਚ ਘਨੀ ਧਰਨੀ ਪਰਸੇ ਮੁਰਝਾਇ ਪਯੋ ਹੈ ॥
ਸੋ ਮਰ ਗਿਓ ਰਿਪਕੇ ਬਧ ਕੋ, ਮਥੁਰਾ ਕੇ ਕੋ ਆਗਮ ਆਜ ਭਯੋ ਹੈ ॥"

(ਅ) ਉਪ੍ਰੰਤ ਰੰਗ ਭੂਮੀ ਵਿਚ ਕੰਸ ਦੇ ਚੁਣਵੇਂ ਭਲਵਾਨ ਚੰਡੂਰ ਨੂੰ ਢਾਹ ਕੇ ਖ਼ਤਮ ਕੀਤਾ ।

(ੲ) ਤਦ ਪਸਚਾਤ ਕੰਸ ਨੂੰ ਕੇਸਾਂ ਤੋਂ ਫੜ ਕੇ ਧੋਬੀ ਦੇ ਕਪੜੇ ਵਾਂਗ ਧਰਤੀ ਤੇ ਅਜੇਹਾ ਪਟਕਾ ਕੇ ਮਾਰਿਆ ਕਿ ਮੁੜਕੇ ਉੱਠਿਆ ਹੀ ਨਹੀਂ ।

(੭) ਬਲਦੇਵ ਜੀ ਗਦਾਜੁੱਧ ਦੇ ਏਡੇ ਉਸਤਾਦ ਸਨ ਕਿ ਦੁਰਯੋਧਨ ਅਤੇ ਭੀਮ ਸੈਨ ਨੇ ਇਨ੍ਹਾਂ ਤੋਂ ਹੀ ਗਦਾ ਪ੍ਰਹਾਰ ਦੀ ਸਿਖਿਆ ਲਈ ਸੀ । ਕੰਸ ਦੀ ਰੰਗ ਭੂਮੀ ਵਿਚ ਜਦ ਕ੍ਰਿਸ਼ਨ ਜੀ ਦਾ ਘੋਲ ਚੰਡੂਰ ਭਲਵਾਨ ਨਾਲ ਹੋਇਆ ਸੀ, ਤਾਂ ਬਲਦੇਵ ਨੇ ਮੁਸ਼ਟਕ ਪਹਿਲਵਾਨ ਨੂੰ ਢਾਹ ਕੇ ਪਛਾੜਿਆ ਸੀ । ਦਸਮ ਪਾਤਸ਼ਾਹ ਦੇ ਸ਼ਬਦਾਂ ਵਿਚ ਘੋਲਾਂ ਦਾ ਪ੍ਰਸੰਗ ਇਉਂ ਅੰਕਿਤ ਹੈ :—

"ਤੌ ਨ੍ਰਿਪ ਬੈਠ ਸਭਾ ਹੂੰ ਕੇ ਭੀਤਰ,
ਮੱਲਨ ਸਿਉਂ ਜਦੁਰਾਇ ਲਰਾਯੋ ॥
ਮੁਸ਼ਟ ਕੇ ਸਾਥ ਲਰਿਓ ਮੁਸਲੀ,
ਔ ਚੰਡੂਰ ਸੋ ਸਯਾਮ ਜੂ ਜੁਧ ਮਚਾਯੋ ॥
ਭੂਮ ਪਰੇ ਤ੍ਰਿਨ ਕੀ ਗਿਰ ਸੋ,
ਹਰਿ ਜੋ ਮਨ ਭੀਤਰ ਕੋਪ ਬਢਾਯੋ ॥
ਏਕ ਲਗੀ ਨ ਤਹਾਂ ਘਟਕਾ,
ਧਰਨੀ ਪਰ ਤਾਕਹੁ ਮਾਰ ਗਿਰਾਯੋ ॥
(ਛੰਦ ੮੪੯)

ਕੰਸ ਦੇ ਕੇਸੀਂ ਫੜ ਕੇ ਪਛਾੜਨ ਸੰਬੰਧੀ ਗੁਰੂ ਜੀ ਲਿਖਦੇ ਹਨ :—

"ਗਹਿ ਕੇਸਨ ਤੇ ਪਟਕਯੋ ਧਰ ਸੋ,
ਗਹਿ ਗੋਡਨ ਤੇ ਤਬ ਘੀਸ ਦਯੋ ॥

Namdhari Elibrary NamdhariElibrary@gmail.com

ਨ੍ਰਿਪ ਮਾਰ ਹੁਲਾਸ ਬਢਯੋ ਜੀ ਮੈਂ,
ਅਤਿ ਹੀ ਪੁਰ ਭੀਤਰ ਸ਼ੋਰ ਪਯੋ ॥
ਕਬਿ ਸਯਾਮ ਪ੍ਰਤਾਪ ਪਿਖੋ ਹਰਿ ਕੇ,
ਜਿਨ ਸਾਧਨ ਰਾਖ ਕੇ ਛਤ੍ਰ ਛਯੋ ॥
ਕਟ ਬੰਧਨ ਤਾਤ ਦਏ ਮਨ ਕੇ,
ਸਭ ਹੀ ਜਗ ਮੈਂ ਜਸ ਵਾਹਿ ਲਯੋ" ॥ ੮੫੨ ॥

(੮) **ਭੀਸ਼ਮ ਪਿਤਾਮਾ** ਆਪ ਬਾਲ ਬ੍ਰਹਮਚਾਰੀ ਸਨ, ਮਾਸਾਹਾਰੀ ਨਹੀਂ ਸਨ। ਮਹਾਂਭਾਰਤ ਦੇ ਜੁਧ ਵਿਚ ਕ੍ਰਿਸ਼ਨ ਮਹਾਰਾਜ ਦਾ ਸ਼ਸਤ੍ਰ ਨਾ ਫੜਨ ਵਾਲਾ ਪ੍ਰਨ ਆਪ ਨੇ ਹੀ ਤੋੜਿਆ ਸੀ। ਦਸਵੇਂ ਦਿਨ ਇਸ ਬੀਰਤਾ ਨਾਲ ਜੁਧ ਕੀਤਾ ਕਿ ਇਕੱਲਿਆਂ ਨੇ ਹੀ ਪੰਜ ਹਜ਼ਾਰ ਰਥੀ, ਦਸ ਹਜ਼ਾਰ ਹਾਥੀ, ੧੦ ਹਜ਼ਾਰ ਘੋੜੇ, ਅਤੇ ੧੪ ਹਜ਼ਾਰ ਪੈਦਲ ਸੈਨਾਂ ਨੂੰ ਮਾਰ ਕੇ ੭ ਮਹਾਰਥੀਆਂ ਨੂੰ ਮੌਤ ਮਹਾਰਣੀ ਦੀ ਗੋਦ ਵਿਚ ਸਦਾ ਦੀ ਨੀਂਦੇ ਸਵਾ ਦਿਤਾ, (ਕ੍ਰਿਸ਼ਨ ਚਰਿਤ੍ਰ ਰਚਿਤ ਪੰਡਿਤ ਲਖਸ਼ਮਣ ਨਾਰਾਇਣ ਗਰਦੇ ਪੰਨਾ ੨੨੨ ਅਤੇ ੨੨੬)

(੯) **ਭੀਮ ਸੈਨ** ਇਸ ਦੇ ਬਲ ਅਰ ਬੀਰਤਾ ਬਾਬਤ ਬਹੁਤਾ ਕਹਿਣ ਦੀ ਲੋੜ ਨਹੀਂ। ਦਸਵੇਂ ਤਾਤਸ਼ਾਹ ਨੇ ਦਸਮ ਗ੍ਰੰਥ ਵਿਚ ਲਿਖਿਆ ਹੈ ਕਿ "ਤਹਾਂ ਸ਼ਤ੍ਰ ਕੇ ਭੀਮ ਹਸਤੀ ਚਲਾਏ ॥ ਫਿਰੇਂ ਗੈਣ ਮਧੰ ਅਜੋ ਲੌਂ ਨ ਆਏ ॥"

ਅਰਥਾਤ ਮਹਾਂਭਾਰਤ ਦੇ ਜੁਧ ਵਿਚ ਦੁਸ਼ਮਣ ਦੀ ਸੈਨਾਂ ਦੇ ਹਾਥੀ ਸੁੰਡਾਂ ਤੋਂ ਫੜ ਫੜ ਭੀਮ ਨੇ ਇਸ ਜ਼ੋਰ ਨਾਲ ਅਕਾਸ਼ ਵਲ ਸੁਟੇ, ਕਿ ਅਜੇ ਤਕ ਵਾਪਸ ਨਹੀਂ ਮੁੜੇ। ਅਜ ਕਲ ਦੀ ਰੋਸ਼ਨੀ ਵਾਲੇ ਲੋਕ ਇਸ ਨੂੰ ਪੁਰਾਣੇ ਜ਼ਮਾਨੇ ਦੀ ਗੱਪ ਸਮਝ ਸਕਦੇ ਹਨ, ਪਰੰਤੂ ਉਨ੍ਹਾਂ ਨੂੰ ਯਾਦ ਹੋਣਾ ਚਾਹੀਦਾ ਹੈ, ਕਿ ਰਾਜਾ ਜਨਮੇਜਾ ਨੇ ਇਸ ਗੱਲ ਨੂੰ ਸੁਣ, ਗੱਪ ਸਮਝ ਕੇ ਨਕ ਵਟਿਆ ਸੀ, ਜਿਸ ਦਾ ਫਲ ਇਹ ਹੋਇਆ, ਕਿ ਉਸ ਦੇ ਨੱਕ ਵਿਚ ਕੋਹੜ ਰਹਿ ਗਿਆ ਸੀ। ਇਸ ਦੀ ਤਸਦੀਕ ਕਰਦਿਆਂ ਹੋਇਆਂ ਗੁਰੂ ਨਾਨਕ ਜੀ ਨੇ ਕਿਹਾ ਹੈ ਕਿ—"ਰੋਵੈ ਜਨਮੇਜਾ ਖੁਇ ਗਇਆ। ਏਕੀ ਕਾਰਨ ਪਾਪੀ ਭਇਆ।" ਅਰਥਾਤ ਰਾਜਾ ਜਨਮੇਜਾ ਭੁਲ ਕੇ ਰੋਇਆ, ਜਦ ਕਿ ਇਕ ਗੱਲ ਤੇ ਨਿਸਚਾ ਨਾ ਕਰਨ ਦੇ ਕਾਰਨ ਕੁਸ਼ਟੀ ਰਹਿ ਗਿਆ। ਉਹ ਇਕ ਗੱਲ ਭੀਮਸੈਨ ਦੇ ਹਾਥੀ ਸੁਟਣ ਦੀ ਸੀ। ਇਸ ਤੋਂ ਇਲਾਵਾ ਦਰਯੋਧਨ ਨੂੰ ਉਸ ਦੇ ਸੌ ਭਰਾਵਾਂ ਦੇ ਸਮੇਤ ਇਕੱਲੇ ਭੀਮ ਨੇ ਹੀ ਮਾਰਿਆ ਸੀ।

Namdhari Elibrary NamdhariElibrary@gmail.com

(੧) ਅਰਜਨ ਦੀ ਬੀਰਤਾ ਆਪਣੀ ਮਿਸਾਲ ਆਪ ਹੀ ਹੈ। ਮਹਾਂਭਾਰਤ ਦੇ ਜੁੱਧ ਦਾ ਨਿਰਭਰ ਹੀ ਅਰਜਨ ਤੇ ਸੀ। ਜਦ ਤਕ ਅਰਜਨ ਜੁੱਧ ਲਈ ਤਿਆਰ ਨਹੀਂ ਸੀ ਹੋਇਆ ਤਦ ਤਕ ਜੁੱਧ ਦਾ ਆਰੰਭ ਹੀ ਨਹੀਂ ਹੋ ਸਕਿਆ। ਭੀਸ਼ਮ ਪਿਤਾਮਾ ਜੈਸੇ ਜਰਨੈਲ ਯੋਧੇ ਨਾਲ ਜੰਗ ਕਰਨਾ ਅਰਜਨ ਦਾ ਹੀ ਕੰਮ ਸੀ। ਪਿਤਾਮਾ ਨੂੰ ਤੀਰਾਂ ਦੀ ਸੇਜਾ ਤੇ ਅਰਜਨ ਨੇ ਹੀ ਲਿਟਾਇਆ ਸੀ। ਭੀਸ਼ਮ ਜੀ ਤੀਰਾਂ ਦੀ ਸੇਜਾ ਤੇ ਬਿਰਾਜਮਾਨ ਹੈਨ। ਆਪ ਨੂੰ ਪਿਆਸ ਲਗਦੀ ਹੈ। ਦਰਯੋਧਨ ਸੋਨੇ ਦੇ ਬਰਤਨ ਵਿਚ ਜਲ ਹਾਜ਼ਰ ਕਰਦਾ ਹੈ, ਪਰ ਬੀਰ ਪਿਤਾਮਾ ਇਹ ਕਹਿ ਕੇ ਪਾਣੀ ਪੀਣ ਤੋਂ ਨਾਂਹ ਕਰ ਦਿੰਦੇ ਹਨ, ਇਹ ਪਾਣੀ ਸੂਰਬੀਰਾਂ ਦੇ ਪਾਣੀ ਯੋਗ ਨਹੀਂ ਹੈ। ਅਰਜਨ ਵਲ ਇਸ਼ਾਰਾ ਹੁੰਦਾ ਹੈ, ਤਾਂ ਉਹ ਧਰਤੀ ਵਿਚ ਅਜਿਹੇ ਬਲ ਨਾਲ ਤੀਰ ਮਾਰਦਾ ਹੈ, ਕਿ ਪਾਣੀ ਦਾ ਚਸ਼ਮਾ ਫੁਟ ਨਿਕਲਦਾ ਹੈ। ਇਸ ਪਾਣੀ ਨੂੰ ਪਿਤਾਮਾ ਜੀ ਪ੍ਰਸੰਨਤਾ ਪੂਰਵਕ ਛਕਦੇ ਹੋਏ ਅਰਜਨ ਦੇ ਬਲ ਦੀ ਸ਼ਲਾਘਾ ਕਰਦੇ ਹਨ।

(ਕ੍ਰਿਸ਼ਨਾ ਚਰਿਤ੍ਰ, ਪੰਨਾ ੨੨੮)

## (ਘ) ਸ਼ਿਕਾਰ ਅਤੇ ਮਾਸ

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸ਼ਿਕਾਰ ਖੇਡਣ ਤੋਂ ਇਹ ਨਤੀਜਾ ਕੱਢਣਾ ਠੀਕ ਨਹੀਂ ਹੈ ਕਿ ਉਹ ਮਾਸ ਖਾਂਦੇ ਜਾਂ ਸਿੱਖਾਂ ਨੂੰ ਖਾਣ ਦੀ ਆਗਿਆ ਦੇਂਦੇ ਸਨ। ਇਤਿਹਾਸ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਗੁਰੂ ਜੀ ਆਪਣੀ ਦਿਬਦ੍ਰਿਸ਼ਟੀ ਦੇ ਨਾਲ ਜਾਨਵਰਾਂ ਦੀ ਪਿਛਲੀ ਗਤੀ ਨੂੰ ਜਾਣ ਕੇ ਸ਼ਿਕਾਰ ਦੇ ਬਹਾਨੇ ਉਨ੍ਹਾਂ ਦਾ ਕਲਿਆਣ ਕਰਦੇ ਸਨ। ਮਿਸਾਲ ਦੇ ਤੌਰ ਤੇ ਕੁਝ ਕੁ ਪ੍ਰਸੰਗ ਪਾਠਕਾਂ ਦੀ ਦ੍ਰਿਸ਼ਟੀਗੋਚਰ ਕੀਤੇ ਜਾਂਦੇ ਹਨ:

### (੧)

ਦੇਖੋ ਸ੍ਰੀ ਗੁਰਬਿਲਾਸ ਪਾਤਸ਼ਾਹੀ ੬, ਅਧਿਆਇ ੧੫, ਛੰਦ ੧੧੮ ਤੋਂ ਅਗੇ:

Namdhari Elibrary NamdhariElibrary@gmail.com

ਕਥਾ ਇਉਂ ਹੈ, ਕਿ ਇਕ ਵਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸ਼ਿਕਾਰ ਖੇਡ ਕੇ ਬਿਆਸ ਨਦੀ ਦੇ ਕੰਢੇ ਇਕ ਅਸਥਾਨ ਤੇ ਬੈਠੇ ਸਨ। ਦਰਸ਼ਨ ਵਾਸਤੇ ਬੇਅੰਤ ਸੰਗਤ ਆ ਗਈ। ਇਕ ਸਿੱਖ ਜੋ ਜੀਵ ਹਿੰਸਾ ਕਦੇ ਨਹੀਂ ਸੀ ਕਰਦਾ, ਅਰ ਮਦ ਮਾਸ ਦਾ ਤਿਆਗੀ ਸੀ, ਸੰਗਤ ਨੂੰ ਪਿਛੇ ਹੀ ਬਿਠਾ ਕੇ ਇਕੱਲਾ ਹੀ ਗੁਰੂ ਜੀ ਦੇ ਪਾਸ ਪੁਜਾ। ਭੇਟਾ ਧਰ ਕੇ ਬੰਦਨਾਂ ਕੀਤੀ, ਪਰ ਇਹ ਦੇਖ ਕੇ ਹੈਰਾਨ ਰਹਿ ਗਿਆ, ਕਿ ਗੁਰੂ ਜੀ ਦੇ ਇਕ ਹੱਥ ਵਿਚ ਬਾਜ ਹੈ, ਤੇ ਦੂਜੇ ਤੇ ਬਟੇਰਾ। ਬਾਜ ਬਟੇਰੇ ਨੂੰ ਨੋਚ ਨੋਚ ਕੇ ਖਾ ਰਿਹਾ ਹੈ:

"ਏਕ ਹਾਥ ਪਰ ਬਾਜ ਧਰਾਏ ॥
ਦੂਤੀ ਬਟੇਰਾ ਚੀਰ ਖਵਾਏ ॥ ੧੨੭ ॥
ਲੋਹੂ ਭਰੇ ਹਾਥ ਗੁਰ ਕੇਰੇ ॥
ਅਸ ਨਹਿੰ ਸੁਨੇ ਨਾਹਿੰ ਹਮ ਹੇਰੇ ॥
ਗੁਰ ਨਾਨਕ ਦੀ ਗਾਦੀ ਭਾਰੀ ॥
ਅਸ ਨਹਿੰ ਹਿੰਸਾ ਕਰੈਂ ਬਿਚਾਰੀ ॥ ੧੨੮ ॥
ਕਾਂਸੀ ਤਜ ਹਮ ਦਰਸਨ ਆਏ ॥
ਆਗੇ ਹਿੰਸਾ ਕਰਤ ਦਿਖਾਏ ॥"

ਸਤਿਗੁਰਾਂ ਦੇ ਹੱਥ ਲਹੂ ਨਾਲ ਭਰੇ ਹੋਏ ਹਨ। ਸਿੱਖ ਮਨ ਵਿਚ ਕਹਿੰਦਾ ਹੈ, ਕਿ ਗੁਰੂ ਨਾਨਕ ਦੀ ਗਦੀ ਤੇ ਅਜ ਤਕ ਹਿੰਸਾ ਹੁੰਦੀ ਨਾ ਦੇਖੀ ਤੇ ਨਾ ਸੁਣੀ ਹੈ। ਸਿੱਖ ਦੇ ਹਿਰਦੇ ਦੀ ਲਖਕੇ ਅੰਤਰਯਾਮੀ ਗੁਰਦੇਵ ਨੇ ਬਾਜ ਨੂੰ ਕਿਹਾ, ਕਿ ਤੂੰ ਆਪਣੀ ਸਾਖੀ ਆਪਣੀ ਜ਼ਬਾਨੀ ਸੁਣਾ—"ਦਯਾ ਸਿੰਧ ਤਬ ਬਾਜ ਕੋ ਐਸੇ ਕਹਾ ਸੁਨਾਇ ॥ ਨਿਜ ਸਾਖੀ ਸਭ ਸਿਖ ਕੋ ਦੀਜੈ ਆਪ ਬਤਾਇ" ॥ ੧੩੧ ॥

## ਬਾਜ ਦੀ ਸਾਖੀ

ਬਾਜ ਨੇ ਕਿਹਾ ਪਿਛਲੇ ਜਨਮ ਵਿਚ ਮੈਂ ਸ੍ਰੀ ਗੁਰੂ ਰਾਮਦਾਸ ਦਾ ਸਿੱਖ ਸਾਂ, ਤੇ ਉਨ੍ਹਾਂ ਦੇ ਹੀ ਚਰਨਾਂ ਵਿਚ ਰਹਿੰਦਾ ਸਾਂ। ਇਕ ਦਿਨ ਗੁਰੂ ਜੀ ਨੇ ਮੈਨੂੰ ਕਿਸੇ ਕੰਮ ਲਈ ਘਲਿਆ, ਤੇ ਰਾਹ ਦੇ ਖ਼ਰਚ ਵਾਸਤੇ ਮੈਨੂੰ ਪੰਜ ਪੈਸੇ ਦਿਤੇ। ਮੈਂ ਬਿਆਸਾ ਨਦੀ ਲੰਘਣ ਵਾਸਤੇ ਬੇੜੀ ਤੇ ਬੈਠਾ। ਇਹ ਬਟੇਰਾ ਉਸ ਵੇਲੇ

ਮਲਾਹ ਸੀ । ਇਸ ਨੇ ਮੇਰੇ ਕੋਲੋਂ ਮਜੂਰੀ ਮੰਗੀ, ਤੇ ਕਿਹਾ ਕਿ ਤੁਰਕਾਂ ਨੇ ਜਜੀਆ ਲਾਇਆ ਹੋਇਆ ਹੈ, ਇਸ ਲਈ ਧੇਲੀ ਦੇਵੇਂ ਤਾਂ ਪਾਰ ਕਰਾਂਗਾ । ਮੈਂ ਇਕ ਟਕਾ ਇਸ ਨੂੰ ਦਿਤਾ, ਪਰ ਇਸ ਨੇ ਕ੍ਰੋਧ ਵਿਚ ਆ ਕੇ ਨਾ ਲੀਤਾ । ਉਪਰੰਤ ਮੈਂ ਇਸ ਨੂੰ ਪੰਜ ਪੈਸੇ ਦੇ ਰਿਹਾ, ਪਰ ਇਹ ਬੜੇ ਕ੍ਰੋਧ ਵਿਚ ਸੀ । ਮੈਂ ਇਸ ਦੇ ਅਗੇ ਬੜੇ ਹੱਥ ਜੋੜੇ ਤੇ ਤਰਲੇ ਮਾਰੇ ਕਿ ਮੇਰੇ ਪਾਸ ਹੋਰ ਕੁਝ ਨਹੀਂ ਹੈ, ਤੂੰ ਮੈਥੋਂ ਪੰਜ ਪੈਸੇ ਲੈ ਕੇ ਪਾਰ ਕਰਦੇ, ਮੈਂ ਤੇਰਾ ਅਹਿਸਾਨ ਜਾਣਾਂਗਾ, ਪਰ ਇਸ ਨੇ ਬੜੇ ਕ੍ਰੋਧ ਵਿਚ ਹੋ ਕੇ ਨਦੀ ਦੇ ਵਿਚਕਾਰ ਸੁਟ ਦਿਤਾ ।

"ਅੜਿਲ ॥
ਨਦੀ ਬੀਚ ਮਲਾਹਿ, ਦੀਨ ਮਮ ਡਾਰਕੈ ।
ਦੇ ਰਹਿਓ ਪੈਸੇ ਪਾਂਚ, ਸੁ ਬਿਨਤ ਉਚਾਰ ਕੈ ॥
ਤਬ ਆਈ ਮਨ ਐਸ, ਮੋਹਿ ਅਸ ਕ੍ਰੋਧ ਭਰ ॥
ਹੋ ਚੱਕੀਂ ਖਾਵੋਂ ਮਾਸ, ਇਸੀ ਤਨ ਕਾਟ ਕਰ ॥ ੧੩੮ ॥
ਤਬ ਨਿਕਸੇ ਮਮ ਪ੍ਰਾਨ, ਏਹ ਭੀ ਹਤ ਭਯੋ ॥
ਧਰਮਰਾਇ ਕੀ ਪੁਰੀ, ਗਯੋ ਮਮ ਇਹ ਗਯੋ ॥
ਧਰਮ ਰਾਜ ਅਸ ਭਾਖ ਧਰੋ ਭਵ ਜਾਇਕੈ ॥
ਹੋ ਗੁਰ ੇਵਕ, ਗੁਰ ਨਿਆਂਵ ਕਰੈਂ ਹਿਤ ਲਾਇਕੈ ॥ ੧੩੯ ॥
ਚੌਪਈ ॥
ਇਹ ਕਾਰਨ ਤਨ ਬਾਜ ਧਰਿਓ ਹਮ ॥
ਦੀਨਾ ਨਾਥ ਨ ਕੋਊ ਗੁਰੂ ਸਮ ।
ਏ ਸੁ ਬਟੇਰਾ ਅਹੈ ਮਲਾਹ ।
ਚੱਕੀਂ ਮਾਸ ਖਾਊਂ ਚਿਤ ਚਾਹ ॥ ੧੩੯ ॥
ਸੁਨ ਪਿਆਰੇ ਸਿਖ ਬਾਤ ਪ੍ਰਸਿਧ ।
ਅੰਤ ਕਾਲ ਚਿਤਵੈ ਦਏ ਸਿੱਧ ।
ਸੇਵਕ ਨਿਆਇ ਗੁਰੂ ਜੀ ਕੀਨੇ ।
ਅਸ ਕਹਿ ਤਬੈ ਪ੍ਰਾਨ ਤਜ ਦੀਨੇ ॥ ੧੪੧ ॥

ਉਪਰੰਤ ਦੋਵੇਂ (ਬਾਜ ਤੇ ਬਟੇਰਾ) ਸੁੰਦਰ ਤਨ ਧਾਰ ਅਰਸ਼ੋਂ ਉਤਰੇ ਬਿਬਾਣਾਂ ਤੇ ਬੈਠ ਕੇ ਬੈਕੁੰਠ ਨੂੰ ਗਏ, ਅਰ ਸਤਿਗੁਰ ਸਚੇ ਪਾਤਸ਼ਾਹ ਦੀ ਕ੍ਰਿਪਾ ਦੁਆਰਾ, ਉਨ੍ਹਾਂ ਦਾ ਜਨਮ ਮਰਨ ਕਟਿਆ ਗਿਆ ।

Namdhari Elibrary NamdhariElibrary@gmail.com

## ਨਤੀਜਾ

ਇਸ ਪ੍ਰਕਾਰ ਦੇ ਹੋਰ ਪ੍ਰਸੰਗ ਵੀ ਹਨ, ਜਿਨ੍ਹਾਂ ਦੇ ਪ੍ਰਕਾਸ਼ ਹੇਠ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸ਼ਿਕਾਰ ਖੇਡਣ ਦਾ ਕਾਰਨ ਦਿੱਵਯ ਦ੍ਰਿਸ਼ਟੀ ਦੁਆਰਾ ਜੀਆਂ ਦਾ ਕਲਿਆਨ ਕਰਨਾ ਸੀ, ਨਾ ਕਿ ਮਾਸ ਖਾਣਾ।

## ਸ੍ਰੀ ਕਲਗੀਧਰ ਜੀ

ਹੁਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਿਕਾਰ ਖੇਡਣ ਬਾਬਤ ਕੁਝ ਕੁ ਉਦਾਹਰਣ ਦਰਜ ਕੀਤੇ ਜਾਂਦੇ ਹਨ।

## (੨)

ਗੁਰੂ ਕਲਗੀਧਰ ਜੀ ਮਹਾਰਾਜ ਬਜੀਦਪੁਰ (ਜੋ ਫ਼ੀਰੋਜ਼ਪੁਰ ਤੋਂ ਪੰਜ ਕੋਹ ਪੂਰਬ ਵਲ ਹੈ) ਰਾਤ ਬਿਸਰਾਮ ਕਰਕੇ ਅੰਮ੍ਰਿਤ ਵੇਲੇ ਉਠੇ ਤਾਂ ਤਿੱਤਰ ਬੋਲਿਆ। ਗੁਰੂ ਜੀ ਨੇ ਅਗੋਂ ਬਚਨ ਕੀਤਾ 'ਜਾਂ ਬੋਲਿਆ ਤਾਂ ਲਭਿਆ' ਬੱਸ ਸ਼ਿਕਾਰ ਚੜ੍ਹ ਪਏ, ਤੇ ਉਸ (ਤਿੱਤਰ) ਪਿਛੇ ਬਾਜ ਛਡਿਆ। ਉਹ ਉਡਾਰੀਆਂ ਲਾਉਂਦਾ ਬਥੇਰਾ ਦੌੜਿਆ, ਪਰ ਪੰਜਾਂ ਕੋਹਾਂ ਤੇ ਜਾ ਫੜ ਲਿਆ। ਗੁਰੂ ਜੀ ਨੇ ਉਸ ਦੇ ਖੰਭ ਖੁਹਾਕੇ ਬਾਜ ਅਗੇ ਛਡ ਦਿਤਾ। ਜਦ ਉਹ ਬਾਜ ਜੀਉਂਦੇ ਤਿੱਤਰ ਨੂੰ ਗੁਰੂ ਜੀ ਅਤੇ ਸਿੱਖਾਂ ਦੇ ਸਾਹਮਣੇ ਤੋੜ ਤੋੜ ਕੇ ਖਾ ਰਿਹਾ ਸੀ, ਤਾਂ ਦਾਨ ਸਿੰਘ ਘੋੜਾ ਸਾਂਭਣ ਵਾਲੇ ਨੇ ਬੇਨਤੀ ਕੀਤੀ, ਕਿ ਮਹਾਰਾਜ! ਆਪ ਬੜੇ ਹੀ ਨਿਰਦਈ ਤੇ ਬੇਪ੍ਰਵਾਹ ਹੋ। ਘੋੜਾ ਮੁੜ੍ਹਕੋ ਮੁੜ੍ਹਕੀ ਹੋ ਗਿਆ ਹੈ। ਕੋਈ ਸ਼ੇਰ ਹੁੰਦਾ ਤਦ ਵੀ ਸੀ। ਆਪ ਨੇ ਇਕ ਨਗੂਣੇ ਤਿੱਤਰ ਪਿਛੇ ਏਡਾ ਧਾਵਾ ਕੀਤਾ ਜਿਸ ਦੀ ਮੈਨੂੰ ਕੋਈ ਸਮਝ ਨਹੀਂ ਆਈ। ਗੁਰੂ ਜੀ ਨੇ ਕਿਹਾ—**ਦਾਨ ਸਿੰਘ, ਤੂੰ ਨਹੀਂ ਜਾਣਦਾ ਅਸੀਂ ਇਹ ਕੀ ਕੁਝ ਕਰ ਰਹੇ ਹਾਂ।**

## ਜੱਟ ਤੇ ਬਾਣੀਆ

ਸਿੱਖਾਂ ਦੇ ਬਾਰ ਬਾਰ ਅਰਜ਼ ਕਰਨ ਤੇ ਸਚੇ ਪਾਤਸ਼ਾਹ ਨੇ ਦਸਿਆ ਕਿ ਇਹ ਬਾਜ਼ ਬਾਣੀਆਂ ਸੀ। ਜੱਟ ਨੇ ਗੁਰੂ ਨੂੰ ਜਾਮਨ ਦੇ ਕੇ ਇਸ ਬਾਣੀਏਂ ਤੋਂ

ਕਰਜ਼ਾ ਲਿਆ ਸੀ, ਪਰ ਮੁੜ ਦਿਤਾ ਨਹੀਂ ਸੀ। ਇਸ ਲਈ ਅਸਾਂ ਆਪਣੀ ਜ਼ਾਮਨੀ ਪੂਰੀ ਕਰਨ ਵਾਸਤੇ ਬਾਜ ਬਾਣੀਏਂ ਨੂੰ ਜੱਟ ਤਿੱਤਰ ਫੜਾਇਆ ਹੈ। ਭਾਈ ਸਿਖੋ ਦੇਣ ਲੈਣ ਦਾ ਲੇਖਾ ਜ਼ਰੂਰ ਦੇਣਾ ਪੈਂਦਾ ਹੈ। (ਤਵਾਰੀਖ ਗੁਰੂ ਖ਼ਾਲਸਾ, ਗੁਰੂ ੧੦, ਹਿੱਸਾ ੩, ਕ੍ਰਿਤ ਗਿਆਨੀ ਗਿਆਨ ਸਿੰਘ, ਪੰਨਾ ੨੦੦੪)

## (੩)

ਓਥੋਂ ਚਲ ਕੇ ਰੁਪਾਣੇ ਪਿੰਡ (ਜੋ ਮੁਕਤਸਰ ਤੋਂ ਤਿੰਨ ਕੋਹ ਦਖਣ ਵਲ ਹੈ) ਆ ਠਹਿਰੇ। ਓਥੇ ਇਕ ਘੋਗੜ ਜਨੌਰ ਮਾਰਿਆ। ਜੋਰ ਸਿੰਘ ਰੰਧਾਵੇ ਦੇ ਪੁਛਣ ਤੇ ਗੁਰੂ ਜੀ ਨੇ ਇਸ ਦਾ ਕਾਰਨ ਦਸਦਿਆਂ ਹੋਇਆਂ ਕਿਹਾ ਕਿ ਇਹ ਪਿਛਲੇ ਜਨਮ ਇਕ ਰਾਜਾ ਸੀ। ਇਕ ਸਿੱਖ ਦੀ ਕੁਆਰੀ ਕੰਨਿਆਂ ਦਾ ਸਤ ਜ਼ਬਰਦਸਤੀ ਤੋੜਨ ਲਗਾ, ਤਾਂ ਉਹ ਸੰਖੀਆ ਖਾ ਕੇ ਮਰਨ ਲਗੀ ਨੇ ਸਰਾਪ ਦਿਤਾ, ਕਿ ਤੂੰ ਗੰਦੀ ਗੱਲ ਕੀਤੀ, ਇਸ ਲਈ ਸੌ ਜਨਮ ਘੋਗੜ ਦਾ ਪਾ ਕੇ ਗੰਦ ਮੰਦ ਖਾਹ। ਇਸ ਨੇ ਸਰਾਪ ਸੁਣ ਕੇ ਘਿਗਿਆਕੇ ਬੇਨਤੀ ਕੀਤੀ, ਕਿ ਦੇਵੀ, ਮੇਰਾ ਭਲਾ ਕੀਕੂੰ ਹੋਵੇਗਾ ? ਕੰਨਿਆਂ ਦੇ ਮੂੰਹੋਂ ਨਿਕਲਿਆ ਕਿ ਤੇਰੀ ਕਲਿਆਣ ਗੁਰੂ ਕਰੇਗਾ। ਇਸ ਲਈ ਅਸੀਂ ਹੁਣ ਇਸ ਨੂੰ ਘੋਗੜ ਦੀ ਜੂਨੋਂ ਛੁਡਾ ਕੇ ਸੁਰਗ ਨੂੰ ਭੇਜਿਆ ਹੈ। (ਪੰਨਾ ੨੦੦੪—੨੦੦੫)

## (੪)

ਕਾਲ ਝਰਾਣੀ ਪਿੰਡ ਤੋਂ ਗੁਰੂ ਜੀ ਸ਼ਿਕਾਰ ਚੜ੍ਹੇ ਤਾਂ ਹਜ਼ੂਰ ਨੇ ਇਕ ਕਾਲੇ ਸੱਪ ਦਾ ਸ਼ਿਕਾਰ ਕੀਤਾ, ਤੇ ਧਰਮ ਸਿੰਘ ਤੋਂ ਇਕ ਕਾਲਾ ਕਾਂ ਮਰਵਾਇਆ। ਸਿੱਖਾਂ ਦੇ ਪੁਛਣ ਤੇ ਹਜ਼ੂਰ ਨੇ ਉਨ੍ਹਾਂ ਦੀ ਕਥਾ ਇਉਂ ਸੁਣਾਈ :

## ਕਾਂ ਲਾਂਗਰੀ ਸੀ

ਭਾਈ ਇਹ ਕਾਂ ਲਾਂਗਰੀ ਸੀ। ਜੇ ਕੋਈ ਪ੍ਰਸ਼ਾਦਾ ਮੰਗਦਾ, ਤਾਂ ਉਸ ਨੂੰ ਝਵੀ ਲੈ ਕੇ ਪੈਂਦਾ, ਤੇ ਬੜਾ ਕਲਪਦਾ। ਇਕ ਦਿਨ ਇਕ ਸਿਦਕੀ ਸਿੱਖ ਜੋ ਧਰਮ ਦੀ ਕਮਾਈ ਕਰਨ ਵਾਲਾ ਸੀ, ਲੰਗਰ ਵਾਸਤੇ ਰਸਦ ਲੈ ਕੇ ਆਇਆ। ਉਸ ਨੇ

Namdhari Elibrary NamdhariElibrary@gmail.com

ਪ੍ਰਸ਼ਾਦਾ ਮੰਗਿਆ ਤਾਂ ਲਾਂਗਰੀ ਝਵੀ ਲੈ ਕੇ ਪਿਆ। ਸਿੱਖ ਨੇ ਸਹਿਜ ਸੁਭਾਵ ਕਿਹਾ, ਕਿ ਕਾਹਨੂੰ ਕਾਂ ਵਾਂਗ ਕੁਰਲਾਂਦਾ ਹੈਂ। ਜਾਹ ਕਾਂ ਦੀ ਜੂਨੇ ਪਵੇਂਗਾ। ਉਸ ਦੇ ਸਰਾਪ ਨਾਲ ਉਹ ਲਾਂਗਰੀ ਮਰ ਕੇ ਕਾਲਾ ਕਾਂ ਬਣਿਆ।

## ਸੱਪ ਮਸੰਦ ਸੀ

ਭਾਈ ਸਿਖੋ! ਇਹ ਸੱਪ ਪਿਛਲੇ ਜਨਮ ਵਿਚ ਮਸੰਦ ਸੀ। ਲੰਗਰ ਦੀ ਉਗਰਾਹੀ ਤੇ ਕਾਰ ਭੇਟ ਵਿਚੋਂ ਮਾਇਆ ਚੁਰਾ ਲੈਂਦਾ ਸੀ। ਮਰਨ ਲਗੇ ਦੀ ਵਾਸ਼ਨਾ ਮਾਇਆ ਵਿਚ ਹੀ ਰਹੀ, ਇਸ ਕਰਕੇ ਸੱਪ ਦੀ ਜੂਨੇ ਪਿਆ। ਭਾਈ ਇਹ ਤਾਂ ਰਿਹਾ ਇਨ੍ਹਾਂ ਦੇ ਤਾਮਸੀ ਸੁਭਾਅ ਤੇ ਮਾਇਆ ਦੀ ਵਾਸ਼ਨਾਂ ਦਾ ਫਲ, ਅਸਾਂ ਹੁਣ ਇਨ੍ਹਾਂ ਨੂੰ ਗੁਰੂ ਘਰ ਦੇ ਸੇਵਕ ਜਾਣ ਕੇ ਦੋਹਾਂ ਦੀਆਂ ਮੰਦ ਜੋਨੀਆਂ ਛੁਡਾ ਕੇ ਟਹਿਲ ਦਾ ਫਲ ਦੇ ਸੁਰਗ ਨੂੰ ਭੇਜਿਆ ਹੈ।

ਪੂਰਵੋਕਤ ਸਾਰੇ ਪ੍ਰਮਾਣ ਤਵਾਰੀਖ ਗੁਰੂ ਖ਼ਾਲਸਾ ਦੇ ਹਨ। ਗੁਰ ਪ੍ਰਤਾਪ ਸੂਰਜ ਵਿਚ ਵੀ ਇਨ੍ਹਾਂ ਦਾ ਵਰਣਨ ਹੈ, ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਛੇਵੇਂ ਤੇ ਦਸਵੇਂ ਪਾਤਸ਼ਾਹ ਸੂਵੱਗਯ ਸਨ, ਜਿਸ ਕਰਕੇ ਉਹ ਸ਼ਿਕਾਰ ਦੇ ਬਹਾਨੇ ਜੀਵਾਂ ਦਾ ਨਿਸਤਾਰਾ ਕਰਦੇ ਸਨ। ਨਾ ਹੀ ਉਨ੍ਹਾਂ ਦੇ ਲੰਗਰ ਵਿਚ ਮਾਸ ਬਣਦਾ ਸੀ, ਤੇ ਨਾ ਹੀ ਕਦੇ ਉਨ੍ਹਾਂ ਨੇ ਸਿੱਖਾਂ ਨੂੰ ਮਾਸ ਖਾਣ ਦੀ ਆਗਿਆ ਦਿਤੀ ਹੈ।

## (ਙ) ਮਾਛੀਵਾੜਾ ਅਤੇ ਮਾਸ

ਕਿਹਾ ਜਾਂਦਾ ਹੈ ਕਿ ਮਾਛੀਵਾੜੇ ਵਿਖੇ ਜਦ ਗੁਰੂ ਕਲਗੀਧਰ ਜੀ ਸ਼ਾਹੀ ਫ਼ੌਜ ਦੁਆਰਾ ਘਿਰੇ ਹੋਏ ਸਨ, ਤਾਂ ਆਪ ਨੇ ਗੁਲਾਬੇ ਮਸੰਦ ਦੇ ਚੁਬਾਰੇ ਵਿਖੇ ਬੱਕਰਾ ਬਣਵਾ ਕੇ ਮਾਸ ਖਾਧਾ, ਅਤੇ ਸੈਂਖੀਆਂ ਉਸ ਕਾਜ਼ੀ ਦੇ ਘਰ ਸੁਟੀਆਂ ਜਿਸ ਦਾ ਘਰ ਚੁਬਾਰੇ ਦੇ ਨਾਲ ਸੀ। ਹਾਲਾਤ ਦੇ ਚਾਨਣੇ ਹੇਠ ਵਿਚਾਰ ਕਰਨ ਤੋਂ ਅਚਰਜ ਪ੍ਰਤੀਤ ਹੁੰਦਾ ਹੈ ਕਿ ਇਕ ਬੰਨੇ ਤਾਂ ਗੁਰੂ ਜੀ ਦੁਸ਼ਮਣ ਦੀ ਫ਼ੌਜ ਵਿਚੋਂ ਨਿਕਲ ਜਾਣ ਦੇ ਵਿਚਾਰ ਨਾਲ ਨੀਲੇ ਕਪੜੇ ਰੰਗ ਕੇ ਉਚ ਦਾ ਪੀਰਾਨਾ ਲਿਬਾਸ ਧਾਰਨ ਕਰ ਰਹੇ ਹਨ, ਅਤੇ ਦੂਜੇ ਬੰਨੇ ਕਾਜ਼ੀ ਦੇ ਘਰ ਸੈਂਖੀਆਂ ਸੁਟ ਕੇ ਪ੍ਰਗਟ ਕਰ ਰਹੇ ਹਨ ਕਿ ਆਪ ਇਸ ਚੁਬਾਰੇ ਵਿਚ ਹਨ। ਇਹ ਦੋਵੇਂ ਗਲਾਂ

Namdhari Elibrary NamdhariElibrary@gmail.com

ਇਕ ਦੂਜੀ ਦੇ ਵਿਰੁਧ ਹਨ। ਸੋਚਣ ਦੀ ਗੱਲ ਹੈ ਕਿ ਜਦ ਆਪ ਨੇ ਇਕ ਨਾਜ਼ਕ ਸਮੇਂ ਵਿਚ ਸਭ ਦੀ ਅੱਖ ਬਚਾ ਕੇ ਭੇਸ ਬਦਲਾ ਕੇ ਲੰਘਣਾ ਹੈ, ਤਾਂ ਕਾਜ਼ੀ ਨਾਲ ਉਚੇਚੀ ਛੇੜਖ਼ਾਨੀ ਕਰ ਕੇ ਆਪ ਨੂੰ ਆਪਣੇ ਪ੍ਰਗਟ ਕਰਨ ਦੀ ਕੀ ਲੋੜ ਸੀ ? ਜਦ ਹਜ਼ੂਰ ਚਮਕੌਰ ਸਾਹਿਬ ਵਿਚੋਂ ਨਿਕਲ ਕੇ ਤਿੰਨਾਂ ਕੋਹਾਂ ਤੇ ਪੁਜੇ ਤਾਂ ਇਕ ਡੰਗਰ ਚਾਰਨ ਵਾਲਾ ਗੁਜਰ ਆਪ ਨੂੰ ਵੇਖ ਕੇ ਰੌਲਾ ਪਾਂਦਾ ਹੈ। ਗੁਰੂ ਜੀ ਉਸ ਨੂੰ ਸੋਨੇ ਦਾ ਕੜਾ ਦੇ ਕੇ ਚੁਪ ਕਰਾਣਾ ਚਾਹੁੰਦੇ ਹਨ, ਪਰੰਤੂ ਉਹ ਫੇਰ ਵੀ ਰੌਲਾ ਪਾਣੋਂ ਨਹੀਂ ਹਟਦਾ। ਛੇਕੜ ਬੇਵਸ ਹੋ ਕੇ ਹਜ਼ੂਰ ਉਸ ਦਾ ਸਿਰ ਧੜ ਤੋਂ ਜੁਦਾ ਕਰ ਦਿੰਦੇ ਹਨ। ਦੇਖੋ ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ ਛੇਵੀਂ ਐਡੀਸ਼ਨ ਸਫ਼ਾ ੨੫੯ :—

"ਸਤਿਗੁਰ ਲਾਂਘ ਕੋਸ ਤ੍ਰੈ ਗਏ ॥
ਸੰਗੀ ਸਿੰਘ ਵਿਛੜਤੇ ਭਏ ॥
ਫੇਰ ਉਛੇਰ ਚਰਾਵਨ ਹਾਰੇ ॥
ਗੁਜਰ ਨੇ ਗੁਰ ਜਾਤ ਨਿਹਾਰੇ ॥
ਉਚੇ ਲਗੋ ਪੁਕਾਰਨ ਬਾਨੀ ॥
ਦੀਨੋ ਕੜਾ ਤਾਹਿ ਗੁਰ ਦਾਨੀ ॥
ਫਿਰ ਭੀ ਸੋ ਜਬ ਚੁਪ ਨ ਕੀਆ ॥
ਮਾਰ ਤੇਗ ਦੋ ਧਰ ਕਰ ਦੀਆ ॥"

ਅਗੇ ਸਫ਼ਾ ੨੫੯ ਵਿਖੇ ਲਿਖਿਆ ਹੈ ਕਿ ਜਦ ਮਾਛੀਵਾੜੇ ਦੇ ਗਿਰਦ ਫ਼ੌਜ ਨੇ ਘੇਰਾ ਘਤ ਲਿਆ ਤਾਂ ਗੁਲਾਬੇ ਨੇ ਸਹਿਮ ਕੇ ਗੁਰੂ ਜੀ ਨੂੰ ਕਿਹਾ :

"ਆਪ ਈਹਾਂ ਤੇ ਅੰਤ ਸਿਧਾਰੋਂ ॥
ਨਹੀਂ ਤੋ ਤੁਰਕ ਹਮੇਂ ਫੜ ਮਾਰੇਂ ॥
ਜਦਪਿ ਗੁਰ ਧੀਰਜ ਤਹ ਦਯੋ ॥
ਪਰ ਵੁਹ ਏਕ ਨ ਮਾਨਤ ਭਯੋ ॥
ਹੁਤੀ ਤਹਾਂ ਇਕ ਸਿੱਖਣੀ ਮਾਈ ॥
ਸੋ ਰੇਜੇ ਦੋ ਲੇਕਰ ਆਈ ॥
ਕੋਰੇ ਬਸਨ ਗੁਰੂ ਸਿਲਵਾਏ ॥
ਸਯਾਮ ਰੰਗ ਤੁਰਤੇ ਕਰਵਾਏ ॥

ਵੇਸ ਤੁਰਕਾਨੀ ਸਭ ਨੇ ਧਾਰਾ ॥
ਭਾਵੀ ਹੈ ਪ੍ਰਬਲ ਕਰਤਾਰਾ ॥"

ਹੈਰਾਨੀ ਦੀ ਗੱਲ ਹੈ ਕਿ ਗੁਜਰ ਨੂੰ ਕੇਵਲ ਇਸ ਵਾਸਤੇ ਕਤਲ ਕਰ ਦਿਤਾ ਜਾਂਦਾ ਹੈ ਕਿ ਉਸ ਦੇ ਰੌਲੇ ਨਾਲ ਲੋਕਾਂ ਨੂੰ ਪਤਾ ਨਾ ਲਗ ਜਾਵੇ, ਕਿ ਗੁਰੂ ਜੀ ਜਾ ਰਹੇ ਹਨ, ਪਰ ਇਧਰ ਕਾਜ਼ੀ ਦੇ ਘਰ ਹੱਡੀਆਂ ਸੁਟ ਕੇ ਆਪਣੇ ਆਪ ਨੂੰ ਪ੍ਰਗਟ ਕਰਨ ਦੀ ਕੋਸ਼ਸ਼ ਕੀਤੀ ਜਾਂਦੀ ਹੈ। ਇਸ ਨਾਜ਼ਕ ਸਮੇਂ ਵਿਚ ਅਜਿਹੀ ਅਨੀਤੀ ਗੁਰੂ ਜੀ ਜੈਸੀ ਮੁਦੱਬਰ ਸ਼ਖ਼ਸੀਅਤ ਤੋਂ ਕਿਸ ਤਰ੍ਹਾਂ ਅਮਲ ਵਿਚ ਲਿਆਂਦੀ ਜਾ ਸਕਦੀ ਸੀ ? ਭਾਈ ਸੰਤੋਖ ਸਿੰਘ ਜੀ ਅਤੇ ਗੁਰ ਬਿਲਾਸ ਦੇ ਕਰਤਾ ਜੀ ਨੇ ਬਿਨਾਂ ਕੁਝ ਸੋਚੇ ਸਮਝੇ ਦੇ ਇਹ ਗੱਲ ਲਿਖ ਮਾਰੀ ਹੈ, ਜੋ ਕਿ ਇਕ ਬੰਨੇ ਗੁਰਬਾਣੀ ਦੇ ਵਿਰੁਧ ਅਤੇ ਦੂਜੇ ਬੰਨੇ ਉਸ ਸਮੇਂ ਦੀ ਰਾਜਨੀਤੀ ਦੇ ਵਿਰੁਧ ਹੋਣ ਦੇ ਕਾਰਨ ਮੰਨੀ ਜਾਣ ਦੇ ਉੱਕਾ ਹੀ ਯੋਗ ਨਹੀਂ ਹੈ। ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਵਿਚ, ਜਿਸ ਦਾ ਹਵਾਲਾ ਉਤੇ ਦਿਤਾ ਗਿਆ ਹੈ ਮਾਸ ਖਾਣ ਜਾਂ ਹੱਡੀਆਂ ਸੁਟਣ ਦਾ ਜ਼ਿਕਰ ਤਕ ਨਹੀਂ ਹੈ। ਇਸ ਲਈ ਇਹ ਸਿੱਧ ਹੈ ਕਿ ਮਾਛੀਵਾੜੇ ਵਿਖੇ ਨਾ ਮਾਸ ਬਣਾਉਣ ਤੇ ਖਾਣ ਦਾ ਸਮਾਂ ਹੀ ਸੀ ਅਤੇ ਨਾ ਹੀ ਅਜਿਹਾ ਹੋਇਆ।

## (ਚ) ਬੰਦਾ ਬਹਾਦਰ ਅਤੇ ਬੱਕਰੇ

ਇਤਿਹਾਸ ਵਿਚ ਲਿਖਿਆ ਹੈ ਕਿ ਨਦੇੜ ਵਿਚ ਨਰੈਣ ਦਾਸ ਨਾਮੀ ਬੈਰਾਗੀ ਸਾਧੂ ਰਹਿੰਦਾ ਸੀ। ਗੁਰੂ ਜੀ ਉਸ ਦੇ ਆਸ਼ਰਮ ਤੇ ਗਏ। ਸਾਧੂ ਆਸ਼ਰਮ ਵਿਖੇ ਨਹੀਂ ਸੀ। ਗੁਰੂ ਜੀ ਉਸ ਦੇ ਪਲੰਘ ਤੇ ਜਾ ਬੈਠੇ ਅਤੇ ਸਿੰਘਾਂ ਨੇ ਉਸ ਦੇ ਦੋ ਬਕਰੇ ਝਟਕਾ ਦਿਤੇ।

**ਵਿਚਾਰ** — ਨਰੈਣ ਦਾਸ ਪਹਿਲੋਂ ਸ਼ਿਕਾਰ ਖੇਡਦਾ ਹੁੰਦਾ ਸੀ। ਇਕ ਦਿਨ ਗਰਭਣੀ ਹਰਨੀ ਨੂੰ ਮਾਰਿਆ ਤਾਂ ਦਿਲ ਤੇ ਠੋਕਰ ਲਗੀ। ਸਭ ਕੁਝ ਛਡ ਛੁਡਾ ਕੇ ਸਾਧੂ ਹੋ ਗਿਆ। ਲੂਣੀਏ ਸਿੱਧ ਨੂੰ ਮਿਲ ਕੇ ਰਿੱਧੀਆਂ ਸਿੱਧੀਆਂ ਪ੍ਰਾਪਤ ਕੀਤੀਆਂ। ਚਿਰਾਂ ਤੋਂ ਨਿਦੇੜ ਵਿਚ ਰਹਿੰਦਾ ਸੀ। ਤਪ ਤੇਜ ਬੜਾ ਸੀ, ਪਰ ਹੰਕਾਰ ਹੋਣ ਕਰ ਕੇ ਆਏ ਸਾਧਾਂ ਦੀ ਨਿਰਾਦਰੀ ਕਰਦਾ

ਸੀ। ਉਸ ਦਾ ਮਾਨ ਨਿਵਿਰਤ ਕਰਨ ਅਤੇ ਉਸ ਤੋਂ ਪੰਥ ਦੀ ਸੇਵਾ ਲੈਣ ਦੇ ਕਾਰਨ ਗੁਰੂ ਜੀ ਉਸ ਦੇ ਆਸ਼ਰਮ ਤੇ ਗਏ ਸਨ। ਜਿਥੋਂ ਤਕ ਬੱਕਰੇ ਝਟਕਾਣ ਦਾ ਸਵਾਲ ਹੈ, ਉਹ ਬਿਲਕੁਲ ਨਿਰਮੂਲ ਜਾਪਦਾ ਏ, ਕਿਉਂਕਿ ਇਕ ਅਹਿੰਸਕ ਅਤੇ ਵੈਸ਼ਨਵ ਪੁਰਸ਼ ਜੋ ਵਿਰਤਕ ਦੇ ਰੂਪ ਵਿਚ ਬਨ ਵਿਚ ਰਹਿੰਦਾ ਹੋਵੇ ਉਸ ਨੂੰ ਬੱਕਰੇ ਰਖਣ ਦੀ ਲੋੜ ਹੀ ਕੀ ਹੋ ਸਕਦੀ ਹੈ? ਜਿਸ ਆਦਮੀ ਨੇ ਮਾਸ ਖਾਣਾ ਹੈ, ਵੇਚਣਾ ਹੈ ਜਾਂ ਮਾਲ ਦਾ ਵਪਾਰ ਕਰਨਾ ਹੈ, ਉਹ ਤਾਂ ਬੱਕਰੇ ਰਖ ਸਕਦਾ ਹੈ, ਪਰ 'ਜਿਹੜਾ ਆਦਮੀ ਮਾਸਾਹਾਰੀ ਨਹੀਂ, ਮਾਸ ਵੇਚਣ ਵਾਲਾ ਨਹੀਂ ਅਤੇ ਵਪਾਰੀ ਨਹੀਂ, ਸਗੋਂ ਜਪ ਤਪ ਦੇ ਕਾਰਨ ਇਕਾਂਤ ਜੰਗਲ ਵਿਚ ਕੁਟੀਆ ਬਣਾ ਕੇ ਰਹਿੰਦਾ ਹੈ, ਉਸ ਦੇ ਵਾਸਤੇ ਕਵੀਆਂ ਦਾ ਇਹ ਲਿਖਣਾ ਕਿ ਉਹ ਬੱਕਰਿਆਂ ਦੇ ਵੱਗ ਰਖਦਾ ਸੀ ਕੇਡਾ ਹਾਸੋਹੀਣਾ ਵਿਸ਼ੇ ਹੈ। ਪਰ ਜੇ ਕਵੀ ਦੀ ਕਲਪਨਾਂ ਨੂੰ ਦਰੁਸਤ ਵੀ ਮੰਨ ਲਿਆ ਜਾਵੇ, ਤਾਂ ਵੀ ਮਾਸ ਖਾਣ ਲਈ ਬੱਕਰਿਆਂ ਦਾ ਝਟਕਾਣਾਂ ਸਿੱਧ ਨਹੀਂ ਹੁੰਦਾ। ਕਿਉਂਕਿ ਜਿਸ ਸੈਂਸ ਵਿਚ ਪੰਥ ਪ੍ਰਕਾਸ਼ ਦੇ ਕਰਤਾ ਜੀ ਨੇ ਇਹ ਕਥਾ ਲਿਖੀ ਹੈ, ਉਸ ਤੋਂ ਪ੍ਰਗਟ ਹੁੰਦਾ ਹੈ ਕਿ ਗੁਰੂ ਜੀ ਚਾਹੁੰਦੇ ਸਨ, ਕਿ ਉਸ (ਸਾਧ) ਨੂੰ ਛੇਤੀ ਪਤਾ ਲਗੇ, ਅਤੇ ਉਹ ਗੁਸੇ ਵਿਚ ਆ ਕੇ ਆਪ ਦਾ ਨਿਰਾਦਰ ਕਰਨ ਦਾ ਜਤਨ ਕਰੇ। ਉਪਰੰਤ ਗੁਰੂ ਜੀ ਉਸ ਦੀ ਆਕੜ ਭੰਨਕੇ ਆਪਣਾ ਬੰਦਾ ਬਣਾਣ ਅਤੇ ਆਪਣੀ ਰਜ਼ਾ ਅਨੁਸਾਰ ਉਸ ਤੋਂ ਸੇਵਾ ਲੈਣ। ਚੁਨਾਂਚੇ ਗੁਰੂ ਜੀ ਉਸ ਦੇ ਪਲੰਘ ਤੇ ਬੈਠ ਜਾਂਦੇ ਹਨ, ਤੇ ਸਿੰਘ ਬੱਕਰੇ ਝਟਕਾ ਸੁਟਦੇ ਹਨ। ਭਾਵੇਂ ਇਹ ਦੋਵੇਂ ਹਰਕਤਾਂ ਗੁਰੂ ਮਹਾਰਾਜ ਦੀ ਅਪਣਾਈ ਹੋਈ ਸਭਿਅਤਾ ਤੇ ਮਰਯਾਦਾ ਦੇ ਵਿਰੁਧ ਸਨ, ਪਰੰਤੂ ਸਾਧੂ ਦਾ ਮਾਨ ਭੰਗ ਕਰਨ ਵਾਸਤੇ ਉਹ ਜਾਣ ਬੁਝ ਕੇ ਕੀਤੀਆਂ ਗਈਆਂ ਜਾਪਦੀਆਂ ਹਨ। ਛੇਕੜ ਸਾਧੂ ਕਰੋਧ ਵਿਚ ਆ ਕੇ ਗੁਰੂ ਜੀ ਦਾ ਅਪਮਾਨ ਕਰਨ ਲਈ ਪੂਰਾ ਜ਼ੋਰ ਲੌਂਦਾ ਹੈ, ਪਰ ਅਸਫ਼ਲ ਰਹਿੰਦਾ ਹੈ। ਗੁਰੂ ਜੀ ਉਸ ਨੂੰ ਆਪਣੀ ਸ਼ਕਤੀ ਨਾਲ ਆਪਣਾ ਬੰਦਾ ਬਣਾ ਕੇ ਪੰਜਾਬ ਨੂੰ ਟੋਰਦੇ ਹਨ। ਇਨ੍ਹਾਂ ਵਾਕਿਆਤ ਦੇ ਪ੍ਰਕਾਸ਼ ਹੇਠ ਇਹ ਸਪਸ਼ਟ ਹੈ ਕਿ ਇਹ ਕਥਾ ਮਾਸਾਹਾਰੀ ਸਿਖਾਂ ਦੇ ਮਾਸ ਖਾਣ ਦੇ ਪੱਖ ਨੂੰ ਪੁਸ਼ਟ ਨਹੀਂ ਕਰਦੀ।

Namdhari Elibrary NamdhariElibrary@gmail.com

## (ਛ) ਜੇਤੇ ਦਾਣੇ ਅੰਨ ਕੇ

ਕਈ ਸਿੱਖ ਆਖਦੇ ਹਨ ਕਿ ਗੁਰਬਾਣੀ ਅਨੁਸਾਰ ਹਰ ਇਕ ਦਾਣੇ ਵਿਚ ਜੀਵ ਹਨ ਅਤੇ ਪਾਣੀ ਵੀ ਜੀਆਂ ਨਾਲ ਭਰਿਆ ਪਿਆ ਹੈ, ਇਸ ਲਈ ਜੀਵ ਹਤਿਆ ਤੋਂ ਬਚਣ ਲਈ ਅੰਨ ਪਾਣੀ ਵੀ ਛਡ ਦੇਣਾ ਚਾਹੀਦਾ ਹੈ।

**ਵਿਚਾਰ** — ਗੁਰੂ ਮਹਾਰਾਜ ਨੇ ਸਾਡੇ ਲਈ ਦੋ ਪ੍ਰਕਾਰ ਦੇ ਆਦੇਸ਼ ਕੀਤੇ ਹਨ — (੧) ਵਿਹਤ ਅਤੇ (੨( ਅਵਿਹਤ। ਵਿਹਤ ਉਨ੍ਹਾਂ ਪਦਾਰਥਾਂ ਨੂੰ ਕਿਹਾ ਜਾਂਦਾ ਹੈ, ਜੋ ਅਸੀਂ ਵਰਤ ਸਕਦੇ ਹਾਂ ਅਤੇ ਅਵਿਹਤ ਉਹ ਚੀਜ਼ਾਂ ਹਨ ਜਿਨ੍ਹਾਂ ਦਾ ਵਰਤਣਾ ਸਾਂਡੇ ਲਈ ਮਨ੍ਹਾ ਕੀਤਾ ਗਿਆ ਹੈ। ਜਿਸ ਤਰ੍ਹਾਂ ਆਪਣਾ ਹੱਕ ਖਾਣਾ ਵਿਹਤ, ਅਤੇ ਬਿਗਾਨਾ ਹੱਕ ਅਵਿਹਤ ਹੈ। ਇਸੇ ਤਰ੍ਹਾਂ ਅੰਨ ਪਾਣੀ ਵਰਤਣਾ ਸਾਡੇ ਲਈ ਵਿਹਤ ਕਰਾਰ ਦਿਤਾ ਗਿਆ ਅਤੇ ਮਾਸ ਦਾ ਖਾਣਾ ਅਵਿਹਤ। ਇਸ ਲਈ ਮਾਸ ਖਾਣ ਦਾ ਦੋਸ਼ ਲਗਦਾ ਹੈ, ਤੇ ਅੰਨ ਪਾਣੀ ਖਾਣ ਦਾ ਕੋਈ ਨਹੀਂ। ਬਾਣੀ ਵਿਚ ਵੀ ਅੰਨ ਪਾਣੀ ਦੀ ਮਹਿਮਾਂ ਵਿਚ ਲਿਖਿਆ ਗਿਆ ਹੈ ਕਿ —

"ਜਪੀਐ ਨਾਮ ਜਪੀਐ ਅੰਨ ॥
ਅੰਭੈ ਕੈ ਸੰਗਿ ਨੀਕਾ ਵੰਨ ॥
ਅੰਨੈ ਬਾਹਰੁ ਜੋ ਨਰ ਹੋਵੈ ॥
ਤੀਨ ਭਵਨ ਮਹਿ ਅਪਨੀ ਖੋਵਹਿ ॥
ਅੰਨੈ ਬਿਨਾ ਨ ਹੋਇ ਸੁਕਾਲ ॥
ਤਜੀਐ ਅੰਨ ਨ ਮਿਲੈ ਗੋਪਾਲ ॥" (ਗੋਂਡ ਕਬੀਰ ਜੀ)

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਦੂਜਾ ਹਿੱਸਾ

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਦੂਜਾ ਹਿੱਸਾ

ਐਦੂੰ ਪਿਛੇ ਪਾਠਕ ਦੇਖ ਚੁਕੇ ਹਨ, ਕਿ ਸਿੱਖ ਧਰਮ ਵਿਖੇ ਹਿੰਸਾ ਕਰਨ ਅਤੇ ਮਾਸ ਖਾਣ ਦੀ ਨਾ ਕੇਵਲ ਸਖ਼ਤ ਮਨਾਹੀ ਹੀ ਕੀਤੀ ਗਈ ਹੈ ਸਗੋਂ ਇਸ ਦਾ ਖਾਣਾ ਪਾਪ ਅਤੇ ਨਰਕਾਂ ਦਾ ਹੇਤੂ ਮੰਨਿਆਂ ਗਿਆ ਹੈ। ਦੂਜੇ ਹਿੱਸੇ ਵਿਚ ਹੁਣ ਵੈਦਿਕ ਤਥਾ ਅਵੈਦਿਕ ਮਤਾਂ ਅਨੁਸਾਰ ਅਤੇ ਜਗਤ ਪ੍ਰਸਿੱਧ ਡਾਕਟਰਾਂ ਤਥਾ ਸਾਹਿਤ ਲੇਖਕਾਂ ਦੇ ਦ੍ਰਿਸ਼ਟੀਕੋਣ ਅਨੁਸਾਰ ਮਾਸ ਦਾ ਖਾਣਾ ਅਯੋਗ ਅਤੇ ਹਾਨੀਕਾਰਕ ਸਿੱਧ ਕੀਤਾ ਜਾਂਦਾ ਹੈ।

## (੧) ਵੈਦਿਕ ਧਰਮ

ਵੈਦਿਕ ਧਰਮ ਵਿਚ ਭਾਵੇਂ ਅਨੇਕਾਂ ਸੰਪ੍ਰਦਾਵਾਂ ਮੌਜੂਦ ਹਨ, ਪਰੰਤੂ ਉਨ੍ਹਾਂ ਸਾਰੀਆਂ ਵਿਚੋਂ ਸਨਾਤਨ ਧਰਮ ਅਤੇ ਆਰਿਆ ਸਮਾਜ ਮੁਖ ਹਨ। ਕਿਉਂਕਿ ਸਮੂਹ ਵੈਦਿਕ ਸੰਪ੍ਰਦਾਵਾਂ ਵੇਦਾਂ ਨੂੰ ਸ੍ਵਤਾ ਪ੍ਰਮਾਣ ਮੰਨਦੀਆਂ ਹਨ, ਇਸ ਲਈ ਸਭ ਤੋਂ ਪਹਿਲੋਂ ਇਸ ਵਿਸ਼ੇ ਵਿਚ ਵੇਦਾਂ ਦੇ ਪ੍ਰਮਾਣ ਦ੍ਰਿਸ਼ਟੀਗੋਚਰ ਕੀਤੇ ਜਾਂਦੇ ਹਨ :

**(ੳ) ਵੇਦ** (੧) ਯੁਜਰ ਵੇਦ ਅਧਿਆਇ ੪੦ ਮੰਤਰ ੬ ਵਿਚ ਦਸਦੇ ਹਨ ਕਿ — 'ਆਪਣੇ ਆਤਮਾਂ ਵਿਖੇ ਸਭ ਜੀਵ ਆਤਮਾਂ ਨੂੰ ਜਾਣੇਂ', ਅਤੇ ਸਭ ਜੀਵਾਤਮਾਂ ਵਿਚ ਆਪਣੇ ਆਤਮਾਂ ਨੂੰ ਜਾਣੇ, ਐਸਾ ਬ੍ਰਹਮ ਗਿਆਨੀ ਪੁਰਸ਼ ਨਿੰਦਾ ਨੂੰ ਪ੍ਰਾਪਤ ਨਹੀਂ ਹੁੰਦਾ : — ਮੰਤਰ — ''ਯਸਤੂ ਸਰਵਾਣਿ ਭੂਤਾਨੀ ਆਤਮਨੇਵਾਨੁਪਸ਼ਯਾਂਤਿ। ਸ੍ਵ ਭੂਤੇਸ਼ ਚਾਤਮਾਨੰ ਤਤੋ ਨ ਚਕਿਤਸਤ।''

(੨) ਯੁਜਰ ਵੇਦ ਅ: ੪੦ ਮੰਤਰ ੭ ਵਿਖੇ ਲਿਖਿਆ ਹੈ, ਕਿ 'ਜੋ ਮਹਾਤਮਾਂ ਵਿਦਵਾਨ ਯੋਗ ਦ੍ਰਿਸ਼ਟੀ ਨਾਲ ਸਭ ਜੀਵਾਤਮਾਂ ਨੂੰ ਆਪਣੇ ਆਤਮਾਂ ਦੇ ਸਮਾਨ ਵੇਖਦਾ ਹੈ, ਅਤੇ ਇਕ ਅਦੁੱਤੀ ਪ੍ਰਮਾਤਮਾਂ ਦੀ ਸ਼ਰਣ ਨੂੰ ਪ੍ਰਾਪਤ ਹੁੰਦਾ ਹੈ, ਉਸ ਨੂੰ ਮੋਹ, ਸ਼ੋਕ ਅਤੇ ਲੋਭ ਆਦਿਕ ਦੂਖੀ ਨਹੀਂ ਕਰਦੇ। ਜੋ

Namdhari Elibrary NamdhariElibrary@gmail.com

ਲੋਕ ਆਪਣੇ ਆਤਮਾਂ ਨੂੰ ਜਾਣ ਕੇ ਪ੍ਰਮਾਤਮਾਂ ਨੂੰ ਪਾ ਲੈਂਦੇ ਹਨ, ਉਹ ਸੁਖੀ ਹੋ ਜਾਂਦੇ ਹਨ, ਅਤੇ ਉਹ ਕਿਸੇ ਜੀਵ ਨੂੰ ਦੁਖੀ ਨਹੀਂ ਕਰਦੇ।'

ਮੰਤਰ : — "ਯਸਮਿਨਤੁ ਸਰਵਾਣਿ ਭੂਤਾਨੀ ਆਤਮੈ ਭੁਵਿ ਦ੍ਵਿਜਾਨਤਾ। ਤਤ੍ਰ ਕੋ ਮੋਹ ਕ: ਸ਼ੋਕ: ਏਕਤ੍ਵਮ ਅਨੁਪਸ਼ਯਤ:।"

(੩) ਅਥਰਵੇਦ ਸੂਕਤ ੧੫ ਅਨੁਵਾਕ ੨ ਅਤੇ ਮੰਤਰ ੪ ਵਿਚ ਲਿਖਿਆ ਹੈ, ਕਿ : — 'ਜੇ ਤੇਰੀਆਂ ਗਊਆਂ, ਘੋੜਿਆਂ ਅਤੇ ਕਮਜ਼ੋਰ ਆਦਮੀਆਂ ਨੂੰ ਮ ਰਦਾ ਹੈ, ਉਸ ਦੁਸ਼ਟ ਨੂੰ ਗੋਲੀ ਨਾਲ ਮਾਰ ਦੇ। ਇਸ ਲਈ ਉਹ ਨਿਰਬਲਾਂ ਨੂੰ ਦੁਖ ਦੇਣ ਵਾਲਾ ਜਗਤ ਵਿਚ ਨਾ ਰਹੇ।' ਮੰਤਰ — "ਯਦਿ ਨੋ ਗਾਂ ਹਿੰਸਿਯਦਿ ਅਸ੍ਵੰ ਯਦਿ ਪੁਰੁਸਮ੍। ਤੰ ਤ੍ਵ ਸੀਸੇਨ ਵਿਧਯਾਮੋ ਯਥਾਨੋ ਅਸੋ ਅਵੀਰਹ : ॥"

(੪) ਅਥਰਵੇਦ ਅਨੁਵਾਕ ੬ ਮੰਤਰ ੨੯ ਵਿਚ ਲਿਖਿਆ ਹੈ ਕਿ — "ਵੇਦ ਵਿਚ ਰਾਜਾ ਨੂੰ ਆਗਿਆ ਦਿਤੀ ਹੈ ਕਿ ਹੇ ਰਾਜਨ! ਜੋ ਤੇਰੇ ਰਾਜ ਵਿਚ ਮਾਸ ਖਾਣ, ਲਹੂ ਵਹਾਣ ਵਾਲੇ ਅਤੇ ਦੂਜਿਆਂ ਦੇ ਹਿਰਦੇ ਦੁਖੀ ਕਰਨ ਵਾਲੇ ਰਾਖਸ਼ ਹਨ, ਜੇ ਤੂੰ ਤੇਜਵਾਨ, ਬੁੱਧਵਾਨ, ਅਤੇ ਸ਼ੀਲ ਸੁਭਾਵ ਹੈਂ, ਤਾਂ ਇਨ੍ਹਾਂ ਨੂੰ ਆਪਣੇ ਤੇਜ਼ ਬੱਜਰ ਨਾਲ ਮਾਰ ਕੇ ਸਿਰ ਕੱਟ ਦੇ, ਜਿਸ ਕਰ ਕੇ ਇਹ (ਹਰਨਾਂ ਨੂੰ) ਦੁਖ ਦੇਣ ਵਾਲੇ ਸੰਸਾਰ ਵਿਚ ਦੁਖ ਨਾ ਫੈਲਾ ਸਕਣ।"

ਮੰਤਰ : — "ਕ੍ਰਵਯਾਧਮ ਅਗਨੇ ਰੁਧਿਰੰ ਪਿਸ਼ਾਚੰ ਮਨੋ ਹਨੰ ਜਹਿ ਜਾਤ ਵੇਦ:। ਤੂੰ ਇੰਦਰੋ ਵਾਜੀ ਵਜਰੇਣ ਛਿੰਤੂ ਸੋਮਾ : ਸ਼ਿਰੋ ਅਸਜ ਧ੍ਰਿਸ਼ੋਣੁ।"

**(ਅ) ਗੀਤਾ** ਵੇਦਾਂ ਤੋਂ ਉਪਰੰਤ ਗੀਤਾ ਇਕ ਅਜਿਹੀ ਪੁਸਤਕ ਹੈ, ਜਿਸ ਨੂੰ ਵੈਦਕ ਮਤਾਂ ਵਾਲੇ ਉਪਨਿਸ਼ਦਾਂ ਦਾ ਸਾਰ ਮੰਨਦੇ ਹਨ। ਭਗਵਾਨ ਕ੍ਰਿਸ਼ਨ ਇਸ ਦੇ ਕਰਤਾ ਮੰਨੇ ਗਏ ਹਨ, ਜਿਨ੍ਹਾਂ ਨੂੰ ਸਨਾਤਨੀ ਧਰਮੀ ਈਸ਼ਰ ਦਾ ਅਵਤਾਰ ਮੰਨਦੇ ਅਤੇ ਆਰੀਆ ਬੀਰ ਪੂਰਣ ਯੋਗੀ ਮੰਨਦੇ ਹੋਏ ਪੂਰਨ ਰੂਪ ਵਿਚ ਸਤਿਕਾਰਦੇ ਹਨ। ਇਸ ਪੁਸਤਕ ਵਿਚ ਜਿਸ ਖ਼ੂਬੀ ਨਾਲ ਅਹਿੰਸਾ (ਅਰਥਾਤ ਹਿੰਸਾ ਨਾ ਕਰਨ) ਦਾ ਪ੍ਰਚਾਰ ਕੀਤਾ ਗਿਆ ਹੈ, ਉਹ ਆਪਣਾ ਪ੍ਰਮਾਣ ਆਪ ਹੀ ਹੈ। ਏਥੇ ਕੁਝ ਹਵਾਲੇ ਪਾਠਕਾਂ ਦੇ ਸੋਹੇਂ ਰਖੇ ਜਾਂਦੇ ਹਨ : —

(੧) ਮੁਕਤ ਪ੍ਰਦਾਤੀ ਦੈਵੀ ਸੰਪਦਾ ਦੇ ੨੬ ਗੁਣਾਂ ਵਿਚੋਂ ਦਸਵੇਂ ਥਾਂ ਤੇ ਅਹਿੰਸਾ, ਅਤੇ ਸੋਲਵੇਂ ਨੰਬਰ ਤੇ ਜੀਵ ਦਇਆ ਦਾ ਵਰਣਨ ਕੀਤਾ ਗਿਆ ਹੈ। ਦੇਖੋ ਅ: ੧੬ ਸਲੋਕ ੧-੨-੩ — "ਅਭਯੰ, ਸਤ੍ਵ ਸੰ: ਸ਼ੁਧਿਰ ਗਯਾਨ

ਯੋਗ ਵਜਵਸਥਿਤਿ: । ਦਾਨੰ ਦਮਸਚ, ਯਗਜਸਚ, ਸ੍ਵਾਧਜਾਜਸ, ਤਪ, ਆਰਜਵਮ ॥ ੧ ॥

**ਅਹਿੰਸਾ** ਸਤਜਮ, ਕ੍ਰੋਧਸ ਤਜਾਗ: ਸ਼ਾਂਤਿਰਪੈਸੁਨਮ ॥ **ਦਯਾ ਭੂਤੇਸ਼ਵ** ਲੌਲੁਪਤਵੰ ਮਾਰਦਵੰ, ਹ੍ਰੀਰਚਾਪਲਮ ॥ ੨ ॥

ਤੇਜ: ਕਸ਼ਮਾ, ਧ੍ਰਤਿ: ਸ਼ੌਚਮਦ੍ਰੋਹੋ, ਨਾਤਿਮਾਨਤਾ । ਭਵੰਤਿ ਸੰਪਦੰ ਦੈਵੀ–ਮਭਿਜਾਤਸਜ ਭਾਰਤ ॥ ੩ ॥"

(੨) ਸ਼ਰੀਰ ਸੰਬੰਧੀ ਤਪ ਦਾ ਵਰਣਨ ਕਰਦਿਆਂ ਹੋਇਆ ਕਿਹਾ ਗਿਆ ਹੈ ਕਿ ਦੇਵਤਾ, ਬ੍ਰਾਹਮਣ, ਗੁਰੂ ਅਤੇ ਗਿਆਨੀ ਜਨਾਂ ਦਾ ਪੂਜਨ, ਪਵਿੱਤਰਤਾ, ਸਰਲਤਾ, ਬ੍ਰਹਮ ਚਰਯਾ ਅਤੇ **ਅਹਿੰਸਾ** ਸ਼ਰੀਰ ਸੰਬੰਧੀ ਤਪ ਹੈ । (ਅ: ੧੭ ਸ: ੧੪)

**(੩) ਤਾਮਸੀ ਭੋਜਨ** ਅਧਪੱਕੇ, ਰਸ ਰਹਿਤ, ਦੁਰਗੰਧ ਯੁਕਤ, ਬੇਹੇ, ਜੂਠੇ ਤਥਾ ਅਪਵਿੱਤਰ ਭੋਜਨ ਨੂੰ ਤਾਮਸੀ ਭੋਜਨ ਮੰਨਦਿਆਂ ਹੋਇਆਂ ਕਿਹਾ ਗਿਆ ਹੈ, ਕਿ ਇਹ ਤਾਮਸੀ ਪੁਰਸ਼ਾਂ ਨੂੰ ਪਿਆਰਾ ਹੈ — "ਯਾਤਯਾਮੰ, ਗਤ ਰਸੰ ਪੂਤਿ ਪਰਯੁਸ਼ਿਤੰ ਚਾਯਤ ।

ਉਚਿੱਸ਼ਟੰਪਿ, ਚਾਮੇਧਯੰ ਭੋਜਨੰ ਤਾਮਸ ਪ੍ਰਿਯੰ । (੧੭ ਸ: ੧੦) ।

ਮਾਸ ਦੁਰਗੰਧ ਯੁਕਤ ਅਤੇ ਅਪਵਿੱਤਰ ਹੋਣ ਦੇ ਕਾਰਨ ਤਾਮਸ ਭੋਜਨ ਹੈ, ਜੋ ਕਿ ਚੰਡਾਲ ਤੇ ਭੀਲ ਆਦਿਕ ਤਾਮਸ ਬ੍ਰਿਤੀਆਂ ਵਾਲੇ ਲੋਕਾਂ ਦੀ ਖ਼ੁਰਾਕ ਹੈ ।

(੪) ਕਪਿਲ ਮੁਨੀ ਦੀ ਭੈਣ ਸਤੀ ਅਨਸੂਯਾ ਦੇ ਪਤੀ ਦੇਵ ਸ੍ਰੀ ਅਤ੍ਰੀ ਮੁਨੀ ਜੀ ਕਹਿੰਦੇ ਹਨ ਕਿ ਮਦ ਤੇ ਮਾਸ ਰਾਖਸ਼ਾਂ ਭੂਤਾਂ ਤੇ ਪਿਸ਼ਾਚਾਂ ਦੀ ਖ਼ੁਰਾਕ ਹੈ । ਇਸ ਲਈ ਮਨੁੱਖ ਨੂੰ ਚਾਹੀਦਾ ਹੈ, ਕਿ ਉਹ ਦੇਵਤਿਆਂ ਦੇ ਨਮਿਤ ਵੀ ਪਸ਼ੂ ਮਾਰ ਕੇ ਉਨ੍ਹਾਂ ਨੂੰ ਮਾਸ ਨਾ ਚੜ੍ਹਾਵੇ, ਤੇ ਨਾ ਹੀ ਆਪ ਖਾਵੇ । ਮਨੁੱਖਾਂ ਤੇ ਦੇਵਤਿਆਂ ਵਾਸਤੇ ਫਲ ਫੁੱਲ ਮੇਵਾ ਆਦਿ ਅਨੇਕ ਉਤਮ ਪਦਾਰਥ ਬਣਾਏ ਹਨ :

"ਯਖਸ਼ ਰਾਖਸ਼ : ਪਿਸ਼ਾਚਾਨਨੰ ਮਦਯੰ ਮਾਂਸੰ
ਸੁਰਾਸਵਮ । ਤਦ ਬ੍ਰਹਮਣੇਨ ਨਾਤਵਯੰ ਦੇਵਾ
ਨਾਮਸਨਤਾਹਵਿ: ॥" (ਹਿੰਦੂ ਧਰਮ ਰਹਸਜ, ਪੰਨਾ ੨੧੭)

Namdhari Elibrary NamdhariElibrary@gmail.com

**(ਸ) ਮਨੂੰ ਸਿਮ੍ਰਤੀ** ਵਿਚ ਲਿਖਿਆ ਹੈ ਕਿ ਅੱਠ ਪੁਰਸ਼ ਜੀਵ ਹਤਿਆ ਦੇ ਵਿਸ਼ੇ ਵਿਚ ਇਕਸਮਾਨ ਹਨ : —

(੧) ਜਾਨਵਰ ਨੂੰ ਮਾਰਨ ਵਾਲਾ, (੨) ਮਾਰਨ ਦੀ ਸਲਾਹ ਦੇਣ ਵਾਲਾ, (੩) ਬਣਾਣ ਵਾਲਾ, (੪) ਮੁਲ ਲੈਣ ਵਾਲਾ, (੫) ਵੇਚਣ ਵਾਲਾ, (੬) ਰਿੰਨ੍ਹਣ ਵਾਲਾ, (੭) ਖਾਣ ਵਾਲਾ, ਅਤੇ (੮) ਖੁਆਣ ਵਾਲਾ : "ਅਨੁਮੰਤਾ, ਵਿਸ਼ਸਿਤਾ, ਨਿਹੰਤਾ, ਕ੍ਰਜ, ਵਿਕ੍ਰਜੀ, ਸੰਸਕ੍ਰਤਾ, ਚੋਪਹਰਤਾ ਚ ਖਾਦਕਸਚੇਤਿ ਘਾਤਕ: ।"

(ਅ: ੫ ਸ: ੫੧)

(੨) ਪ੍ਰਾਣੀਆਂ ਨੂੰ ਮਾਰਨ ਬਿਨਾ ਕਦੇ ਮਾਸ ਨਹੀਂ ਪੈਦਾ ਹੁੰਦਾ, ਅਤੇ ਪ੍ਰਾਣੀਆਂ ਦਾ ਮਾਰਨਾ ਸੁਰਗ ਦਾ ਕਾਰਨ ਨਹੀਂ ਹੈ, ਕਿੰਤੂ ਨਰਕ ਦਾ ਹੀ ਕਾਰਨ ਹੈ, ਇਸ ਮਾਸ ਨੂੰ ਛੱਡ ਦੇਹ :—

"ਨਾ ਕ੍ਰਤਵਾ ਪ੍ਰਾਣੀਨਾਂ ਹਿੰਸਾ, ਮਾਸਮੁਤਪਦਯੇਕ ਕਚਿਤਾ ਨਚ ਪ੍ਰਾਣਿ ਵਧ: ਸੁਰਗਸਜ ਤਸਮਾਨ ਮਾਂਸੰ ਵਿਵਰਜਯੇਤ ॥" (ਅ: ੫ ਸ: ੪੮)

(੩) ਜੋ ਸੌ ਵਰ੍ਹਿਆਂ ਤਕ ਹਰ ਵਰ੍ਹੇ ਅਸਮੇਧ ਯੱਗ ਕਰਦਾ ਹੈ, ਤੇ ਜੋ ਜਨਮ ਭਰ ਮਾਸ ਨਹੀਂ ਖਾਂਦਾ, ਉਨ੍ਹਾਂ ਦੋਹਾਂ ਦੇ ਪੁੰਨ ਦਾ ਸੁਰਗਦਿ ਫਲ ਇਕ ਸਮਾਨ ਹੈ :

"ਵਰਸ਼ੇ ਵਰਸ਼ੇ ਅਸੁਮੇਧੇਣ ਯੋ ਯਜੇਤਿ ਸ਼ਤੰ ਸਮਾ: ਮਾਂਸਾਂਨਿ ਨ ਖਾਦੇਰ ਦਜਸਤੋ: ਪੁੰਣਯੰ ਫਲੰ ਸਮਮ ॥" (ਅ: ੫ ਸ਼: ੫੩੦)

(੪) ਪਵਿੱਤਰ ਫਲਾਂ ਮੂਲਾਂ ਨੂੰ ਖਾਣ ਨਾਲ ਅਤੇ ਮੁਨੀਆਂ ਕਰ ਖਾਣ ਯੋਗ ਤ੍ਰਿਣ ਧਾਨ ਆਦਿ ਦੇ ਖਾਣ ਨਾਲ ਹੀ ਉਹ ਫਲ ਨਹੀਂ ਮਿਲਦਾ, ਜੋ ਸ਼ਾਸ਼ਤਰ ਵਿਚ ਨਿਯਮ ਕੀਤੇ ਹੋਏ ਮਾਸ ਦੇ ਨਾ ਖਾਣ ਵਾਲੇ ਨੂੰ ਮਿਲਦਾ ਹੈ :

"ਫਲ ਮੂਲਾਸ਼ਨੈਰ ਮੇਧਬੈਰ ਮੁਨਜਨਨਾਨਾਂਚ ਭੋਜਨੈ: । ਨ ਤਤ ਫ਼ਲਮੁਵਾਪਨੋਤਿ ਯਨ ਮਾਂਸ ਪ੍ਰਵਰ ਜਿਨਾਤ ॥"

(ਅ: ੫ ਸ: ੪੫)

(੫) ਜੋ ਆਪਣੇ ਸੁਖ ਦੀ ਇੱਛਾ ਨਾਲ ਹਿੰਸਾ ਨਾ ਕਰਨ ਵਾਲੇ ਜੀਆਂ ਨੂੰ ਮਾਰਦਾ ਹੈ, ਉਹ ਇਸ ਲੋਕ ਤਥਾ ਪ੍ਰਲੋਕ ਵਿਚ ਸੁਖੀ ਨਹੀਂ ਹੋ ਸਕਦਾ : "ਯੋ ਅਹਿੰਸਕਾਨਿ ਭੂਤਾਨਿ ਹਿਨਸਤਜਾਤਮ ਸੁਖੇਛਜਾ । ਸ ਜੀਵੰਸਚ ਮ੍ਰਤਸ ਚੈਵਨ ਕਚਿੱਤ ਸੁਖ ਮੇਧਤੇ ॥"

(ਅ: ੫ ਸ: ੪੫)

Namdhari Elibrary NamdhariElibrary@gmail.com

(੬) ਜੋ ਪ੍ਰਾਣੀਆਂ ਦੇ ਬੰਧਨ ਅਥਵਾ ਮਾਰਨ ਦੇ ਕਲੇਸ਼ ਨੂੰ ਨਹੀਂ ਕਰਨਾ ਚਾਹੁੰਦਾ, ਤੇ ਸਭ ਦੇ ਸੁਖ ਦਾ ਚਾਹੁਣ ਵਾਲਾ ਹੈ, ਉਹ ਅਨੰਤ ਸੁਖ ਨੂੰ ਪ੍ਰਾਪਤ ਹੁੰਦਾ ਹੈ :—

"ਯੋ ਬੰਨਧਨਵਧ ਕਾਲੇਸ਼ਨ ਪ੍ਰਾਣਿਨਾਂ ਨਚਿ ਕਰਿਸ਼ਤਿ ਸ ਸੂਵਸਜ ਹਿਤ ਪ੍ਰੇਪਸੁ: ਸੁਖਨਤਯੰ ਤਮਸਨੁਤੇ ॥" [ਅ: ੫ ਸ: ੪੬)

(ਹ( **ਮਹਾਂਭਾਰਤ** ਆਸਤਕਿ ਹੋਵੇ ਜਾਂ ਨਾਸਤਿਕ ਹੋਵੇ, ਜੇ ਨਿਆਇ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਮਾਸ ਖਾਣਾ ਅਨੀਤੀ ਹੈ। ਕਾਰਨ ਇਹ ਕਿ ਮਾਸ ਕੁਝ ਘਾਹ ਲਕੜੀ ਨਹੀਂ ਹੈ। ਨਾ ਉਹ ਕਿਸੇ ਿਬਰਖ ਨੂੰ ਲਗਦਾ ਹੈ, ਜੋ ਨਿਆਇ ਨਾਲ ਪ੍ਰਾਪਤ ਹੋ ਸਕੇ, ਕਿੰਤੂ ਨਿਰ ਅਪਰਾਧ ਜੰਤਾ ਦੇ ਨਿਰਦੇਤਾ ਨਾਲ ਪ੍ਰਾਣ ਨਸ਼ਟ ਕਰਨ ਨਾਲ ਮਿਲਦਾ ਹੈ, ਇਸ ਲਈ ਮਾਸ ਖਾਣਾ ਦੂਸ਼ਿਤ ਅਰਥਾਤ ਨੀਤੀ ਦੇ ਵਿਰੁਧ ਹੈ। ਮਹਾਂਭਾਰਤ ਵਿਚ ਲਿਖਿਆ ਹੈ :—

"ਨਹਿ ਮਾਂਸੰ ਤ੍ਰਿਣਾਂਤ ਕਾਸ਼ਟਾ ਦੁਪਲਾ ਦ੍ਰਤਿ ਜਾਯਤੇ ॥
ਹਤੁਵਾ ਜੰਤੂੰ ਤਤੋ ਮਾਂਸੰ ਤਸਮਾਦਦੋਸ਼ਸਤੂ ਭਖਸ਼ਣੇ ॥"

ਨੀਤੀ ਕਹਿੰਦੀ ਹੈ, ਕਿ ਸੰਸਾਰ ਵਿਚ ਪ੍ਰਾਣਾਂ ਨਾਲੋਂ ਵਧੇਰੇ ਪਿਆਰੀ ਵਸਤੂ ਕੋਈ ਨਹੀਂ ਹੈ। ਜਿਸ ਤਰ੍ਹਾਂ ਮਨੁੱਖ ਨੂੰ ਆਪਣੇ ਪ੍ਰਾਣ ਪਿਆਰੇ ਹਨ— 'ਯਥਾਤਮਨ: ਪ੍ਰਿਯਾ ਪ੍ਰਾਣਾ: ਸਰਵੇਸ਼ਾਂ ਪ੍ਰਾਣਿਨਾਂ ਤਥਾ ॥" ਜੇ ਮਾਸ ਖਾਣ ਵਾਲੇ ਦੇ ਕੋਈ ਪ੍ਰਾਣ ਹਰਨ ਕਰੇ, ਤਾਂ ਉਸ ਨੂੰ ਕਿੰਨਾ ਦੁਖ ਪਹੁੰਚਦਾ ਹੈ ? ਏਸੇ ਤਰ੍ਹਾਂ ਪਸ਼ੂਆਂ ਦੇ ਪ੍ਰਾਣ ਨਸ਼ਟ ਕਰਨ ਨਾਲ ਉਨ੍ਹਾਂ ਨੂੰ ਵੀ ਦੁਖ ਪੁਜਦਾ ਹੈ। ਇਸ ਲਈ ਬਿਨਾਂ ਅਪਰਾਧ ਕਿਸੇ ਨੂੰ ਦੁਖ ਦੇਣਾ ਅਨਿਆਂ ਅਰਥਾਤ ਪਾਪ ਹੈ ॥" (ਹਿੰਦੂ ਧਰਮ ਰਹੱਸ, ਪੰਨਾ ੨੧੮)

(ਕ) **ਇਕ ਕਵੀ ਤੇ ਭਿਖਸ਼ੂ** ਕਿਸੇ ਕਵੀ ਨੇ ਇਕ ਭਿਖਸ਼ੂ ਦੇ ਕੋਲ ਮਾਸ ਵੇਖ ਕੇ ਪੁਛਿਆ ਕਿ — "ਭਿਕਸ਼ੋ ! ਮਾਂਸ ਨਿਵੇਸ਼ਣੰ ਕਿਮੁਚਿਤੰ ?"

ਅਰਥਾਤ ਹੇ ਭਿਖਸ਼ੂ ! ਮਾਸ ਖਾਣਾ ਕਿਵੇਂ ਉਚਿੱਤ ਹੈ ?
ਭਿਖਸ਼ੂ ਨੇ ਕਿਹਾ — "ਕਿੰਤੇਨ ਮਦਯੰ ਬਿਨਾ ॥"
ਅਰਥਾਤ ਸ਼ਰਾਬ ਤੋਂ ਬਿਨਾਂ ਇਕੱਲੇ ਮਾਸ ਦਾ ਕੀ (ਸਵਾਦ) ਹੈ ?
ਕਵੀ ਨੇ ਪੁਛਿਆ — "ਮਦਯੰ ਚਾਪਿ ਤ੍ਰਪ੍ਰਿਯੰ ?"

Namdhari Elibrary NamdhariElibrary@gmail.com

ਅਰਥਾਤ — ਤੈਨੂੰ ਸ਼ਰਾਬ ਨਾਲ ਵੀ ਪ੍ਰੇਮ ਹੈ ?

ਸਾਧੂ ਨੇ ਕਿਹਾ — "ਪ੍ਰਿਜ ਮਹੋਂ ! ਵਹਾਂਗਨਾਭਿਸਸਹ ।"

ਅਰਥਾਤ — ਵੇਸਵਾ ਦੇ ਨਾਲ ਸ਼ਰਾਬ ਚੰਗੀ ਲਗਦੀ ਹੈ ॥

ਕਵੀ ਨੇ ਕਿਹਾ — ਵੇਸ਼ਜ ਦ੍ਰਵਜ ਰੁਚਿ ਕੁਤਸ੍ਰ ਧਨੰ ?"

ਅਰਥਾਤ — ਵੇਸਵਾਵਾਂ ਦੀ ਰੁਚੀ ਧਨ ਵਿਚ ਹੁੰਦੀ ਹੈ, ਤੁਸੀਂ ਧਨ ਕਿਥੋਂ ਲੈਂਦੇ ਹੋ ?

ਭਿੱਖੂ ਨੇ ਉਤਰ ਦਿਤਾ — "ਦਯੂਤੇਨ ਚੌਰਯੇਣਵਾ"

ਅਰਥਾਥ ਜੂਆ ਖੇਡਣ ਤੇ ਚੋਰੀ ਕਰਨ ਨਾਲ ਧਨ ਪ੍ਰਾਪਤ ਹੋ ਜਾਂਦਾ ਹੈ ।

ਕਵੀ ਨੇ ਹੈਰਾਨ ਹੋ ਕੇ ਪੁਛਿਆ — "ਚੌਰਯੰ ਦਯੂਤ ਪ੍ਰਿਗ੍ਰ ਹੋ ਅਪਿ ਭਵਤੋ ?" ਅਰਥਾਤ ਤੁਹਾਨੂੰ ਚੋਰੀ ਤੇ ਜੂਆ ਵੀ ਅੰਗੀਕਾਰ ਹੈ ? ਭਿਕਸ਼ੂ ਨੇ ਮੁਸਕਰਾਂਦਿਆਂ ਹੋਇਆਂ ਜਵਾਬ ਦਿਤਾ — "ਭ੍ਰਸ਼ਟੱਸਯ ਕਾ ਅਨਯਾ ਗਤਿ" ਅਰਥਾਤ ਧਰਮ ਤੋਂ ਭ੍ਰਸ਼ਟ (ਹੋਏ ਹੋਏ) ਦੀ ਹੋਰ ਕੀ ਗਤੀ ਹੈ ? ਭਾਵ ਮਾਸ ਖਾਵਾਂਗੇ ਤਾਂ ਸਾਰੇ ਅਨਰਥ ਕਰਨੇ ਹੀ ਪੈਣਗੇ ।

(ਹਿੰ: ਧ: ਰ: ਪੰਨਾ ੨੨੩)

**(ਖ) ਨਾਰਦ ਭਗਤੀ ਸੂਤ੍ਰ**—"ਅਹਿੰਸਾ ਸਤਯ ਸ਼ੌਚ ਦਯਾਸਤਿਕਯਾਦਿ ਚਾਰਿਤ੍ਰਯਾਣ ਪਰਿਪਾਲਨੀਯਾਨਿ ।" (ਸੂਤ੍ਰ ੭੮) ਅਰਥਾਤ ਭਗਤੀ ਦੇ ਸਾਧਕ ਨੂੰ ਅਹਿੰਸਾ, ਸਤਿ, ਸੁਚਮ, ਦਯਾ ਅਤੇ ਆਸਤਕਤਾ ਆਦਿ ਸਦਾਚਾਰਾਂ ਦਾ ਚੰਗੀ ਤਰ੍ਹਾਂ ਪਾਲਨ ਕਰਨਾ ਚਾਹੀਦਾ ਹੈ ।

**(ਗ) ਸੱਤਯਾਰਥ ਪ੍ਰਕਾਸ਼** ਇਹ ਪੁਸਤਕ ਆਰੀਆ ਸਮਾਜ ਦੇ ਸੰਚਾਲਕ ਮਹਾਂਰਿਸ਼ੀ ਦਯਾਨੰਦ ਸਰਸ੍ਵਤੀ ਦੀ ਰਚੀ ਹੋਈ ਹੈ, ਜੋ ਕਿ ਆਰੀਆ ਸਮਾਜ ਦੀ ਪ੍ਰਮਾਣਿਕ ਪੁਸਤਕ ਮੰਨੀ ਜਾਂਦੀ ਹੈ। ਇਸ ਦੇ ਹਿੰਦੀ ਸੰਸਕਰਣ ੨੦, ਸਮੁਲਾਸ ੧੦ ਪੰਨਾ ੧੭੧ ਵਿਖੇ ਚਹੁੰ ਵਰਨਾਂ ਸਬੰਧੀ ਉਪਦੇਸ਼ ਦੇਂਦਿਆਂ ਹੋਇਆਂ ਲਿਖਿਆ ਹੈ, ਕਿ:—

"ਮਦ ਮਾਸ ਖਾਣ ਵਾਲੇ ਮਲੇਛ, ਜਿਨ੍ਹਾਂ ਦਾ ਸਰੀਰ ਮਦ ਮਾਸ ਦੇ ਪ੍ਰਮਾਣੂਆਂ ਨਾਲ ਭਰਿਆ ਪਿਆ ਹੈ, ਉਨ੍ਹਾਂ ਦੇ ਹੱਥ ਦਾ ਨਾ ਖਾਣ" ਜਿਸ ਕਰਕੇ ਉਪਕਾਰੀ ਪਸ਼ੂਆਂ ਦੀ ਹਿੰਸਾ, ਅਰਥਾਤ—ਜੈਸੇ ਇਕ ਗਊ ਦੇ ਸਰੀਰ ਤੋਂ ਦੁਧ, ਘਿਉ, ਬਲਦ, ਗਊ ਪੈਦਾ ਹੋਣ ਕਰਕੇ ਇਕ ਪੀੜ੍ਹੀ ਵਿਚ ੪ ਲਖ

Namdhari Elibrary NamdhariElibrary@gmail.com

੭੫ ਹਜ਼ਾਰ ੬ ਸੌ ਮਨੁਖਾਂ ਨੂੰ ਸੁਖ ਪੁਜਦਾ ਹੈ। ਵੈਸੇ ਪਸ਼ੂਆਂ ਨੂੰ ਨਾ ਮਾਰਨ ਤੇ ਨਾ ਮਾਰਨ ਦੇਣ" ਜਿਸ ਤਰ੍ਹਾਂ ਕਿਸੇ ਗਊ ਤੋਂ ੨੦ ਸੇਰ, ਅਤੇ ਕਿਸੇ ਤੋਂ ੨ ਸੇਰ ਦੁਧ ਦਿਨ ਦਾ ਪ੍ਰਾਪਤ ਹੋਵੇ, ਤਾਂ ਉਸ ਦੀ ਔਸਤ ੧੧ ਸੇਰ ਦੁਧ ਹਰ ਰੋਜ਼ ਹੁੰਦਾ ਹੈ। ਕੋਈ ਗਊ ੧੮ ਤੇ ਕੋਈ ੬ ਮਹੀਨੇ ਤਕ ਦੁਧ ਦੇਂਦੀ ਹੈ, ਉਸ ਦੀ ਔਸਤ ੧੨ ਮਹੀਨੇ ਹੋਏ। ਹੁਣ ਹਰ ਇਕ ਗਊ ਦੇ ਜਨਮ ਭਰ ਦੇ ਦੁਧ ਤੋਂ ੨੪ ਹਜ਼ਾਰ ੯ ਸੋ ੬੦ ਮਨੁਖ ਇਕ ਵਾਰ ਵਿਚ ਤ੍ਰਿਪਤ ਹੋ ਸਕਦੇ ਨੇ। ਉਸ ਦੇ ੬ ਵੱਛੇ ਤੇ ੬ ਵੱਛੀਆਂ ਹੁੰਦੀਆਂ ਹਨ। ਉਨ੍ਹਾਂ ਵਿਚੋਂ ਦੋ ਮਰ ਜਾਣ, ਤਾਂ ਵੀ ੧੦ ਰਹੇ। ਉਨ੍ਹਾਂ ਵਿਚੋਂ ੫ ਵੱਛੀਆਂ ਦੇ ਜਨਮ ਭਰ ਦੇ ਦੁਧ ਨੂੰ ਮਿਲਾ ਕੇ ੧ ਲਖ ੨੪ ਹਜ਼ਾਰ ੮ ਸੌ ਮਨੁਖ ਤ੍ਰਿਪਤ ਹੋ ਸਕਦੇ ਹਨ। ਹੁਣ ਰਹੇ ੫ ਬੈਲਦ ਉਹ ਜਨਮ ਭਰ ਵਿਚ ੫ ਹਜ਼ਾਰ ਮਣ ਅੰਨ, ਘਟ ਤੋਂ ਘਟ ਪੈਦਾ ਕਰ ਸਕਦੇ ਹਨ। ਉਸ ਅੰਨ ਵਿਚੋਂ ਹਰ ਇਕ ਮਨੁਖ ੩ ਪਾ ਖਾਏ, ਤਾਂ ਢਾਈ ਲੱਖ ਮਨੁਖਾਂ ਦੀ ਤ੍ਰਿਪਤੀ ਹੁੰਦੀ ਹੈ। ਦੁਧ ਤੇ ਅੰਨ ਮਿਲਾ ਕੇ ੩ ਲਖ ੭੪ ਹਜ਼ਾਰ ੮ ਸੌ ਮਨੁਖ ਤ੍ਰਿਪਤ ਹੁੰਦੇ ਹਨ। ਦੋਵੇਂ ਗਿਣਤੀਆਂ ਮਿਲਾ ਕੇ ਇਕ ਗਊ ਦੀ ਇਕ ਪੀੜ੍ਹੀ ਵਿਚ ੪ ਲਖ ੭੫ ਹਜ਼ਾਰ ੮ ਸੌ ਮਨੁਖ ਇਕ ਵਾਰ ਪਲਦੇ ਹਨ। ਅਰ ਪੀੜ੍ਹੀ ਪੜ ਪੀੜ੍ਹੀ ਵਧਾ ਕੇ ਲੇਖਾ ਕਰੀਏ ਤਾਂ ਅਸੰਖਾਂ ਮਨੁਖਾਂ ਦੀ ਪਾਲਨਾ ਹੁੰਦੀ ਹੈ। ਇਸ ਤੋਂ ਭਿੰਨ (ਬੈਲ) ਗੱਡੀ ਸਵਾਰੀ, ਭਾਰ ਉਠਾਣ ਆਦਿ ਕੰਮਾਂ ਕਰਕੇ ਮਨੁਖ ਲਈ ਬੜੇ ਉਪਕਾਰਕ ਹੁੰਦੇ ਹਨ।... ਅਤੇ ਜਿਸ ਤਰ੍ਹਾਂ ਬਲਦ ਉਪਕਾਰਕ ਹੁੰਦੇ ਹਨ, ਓਸੇ ਤਰ੍ਹਾਂ ਸੰਢੇ ਵੀ ਹਨ, ਪਰੰਤੂ ਗਊ ਦੇ ਦੁਧ ਘਿਉ ਨਾਲ ਜਿੰਨੇ ਬੁਧੀ ਵਧਣ ਨਾਲ ਲਾਭ ਹੁੰਦੇ ਹਨ, ਓਨੇ ਮਹਿੰ ਦੇ ਦੁਧ ਨਾਲ ਨਹੀਂ। ਏਸੇ ਵਾਸਤੇ ਆਰੀਆਂ ਨੇ ਮੁਖ ਉਪਕਾਰਕ ਗਊ ਨੂੰ ਗਿਣਿਆ।......ਬੱਕਰੀ ਦੇ ਦੁਧ ਨਾਲ ੨੫ ਹਜ਼ਾਰ ੯ ਸੌ ੨੦ ਮਨੁਖਾਂ ਦਾ ਪਾਲਨ ਹੁੰਦਾ ਹੈ। ਵੈਸੇ ਹਾਥੀ ਘੋੜੇ ਊਠ ਭੇਡ ਖੋਤਿਆਂ ਤੋਂ ਵੀ ਬੜੇ ਉਪਕਾਰ ਹੁੰਦੇ ਹਨ। (ਇਸ ਲਈ) **ਇਨ੍ਹਾਂ ਪਸ਼ੂਆਂ ਨੂੰ ਮਾਰਨ ਵਾਲਿਆਂ ਨੂੰ ਸਭ ਮਨੁਖਾਂ ਦੀ ਹੱਤਿਆ ਕਰਨ ਵਾਲੇ ਜਾਣਿਆ ਜਾਵੇਗਾ।**

**ਪ੍ਰਸ਼ਨ**—ਜੇ ਸਾਰੇ ਅਹਿੰਸਕ ਹੋ ਜਾਣ ਤਾਂ ਬਘਿਆੜ ਆਦਿ ਪਸ਼ੂ ਏਨੇ ਵਧ ਜਾਣ, ਕਿ ਸਭ ਗਊ ਆਦਿ ਪਸ਼ੂਆਂ ਨੂੰ ਮਾਰ ਖਾਣ।

**ਉਤਰ**—ਇਹ ਰਾਜ ਪੁਰਖਾਂ ਦਾ ਕੰਮ ਹੈ, ਕਿ ਜੋ ਹਾਨੀਕਾਰਕ ਪਸ਼ੂ ਜਾਂ ਮਨੁਖ ਹੋਣ, ਉਨ੍ਹਾਂ ਨੂੰ ਦੰਡ ਦੇਣ, ਅਤੇ ਪ੍ਰਾਣਾਂ ਤੋਂ ਵੀ ਰਹਿਤ ਕਰ ਦੇਣ ?

Namdhari Elibrary NamdhariElibrary@gmail.com

**ਪ੍ਰਸ਼ਨ**—ਫੇਰ ਕੀ ਉਨ੍ਹਾਂ ਦਾ ਮਾਸ ਸੁਟ ਦੇਣ ?

**ਉਤਰ**—ਭਾਵੇਂ ਸੁਟ ਦੇਣ, ਭਾਵੇਂ ਕੁਤੇ ਆਦਿ ਮਾਂਸਾਹਾਰੀਆਂ ਨੂੰ ਖਵਾ ਦੇਣ ਜਾਂ ਸਾੜ ਦੇਣ ।

ਸਮੁਲਾਸ ੧੨ ਪੰਨਾ ੩੬੩ ਵਿਖੇ ਲਿਖਿਆ ਹੈ ਕਿ:—"ਪਸ਼ੂ ਮਾਰ ਕੇ ਹੋਮ ਕਰਨਾ ਵੇਦ ਆਦਿ ਸ਼ਾਸਤ੍ਰਾਂ ਵਿਚ ਕਿਤੇ ਨਹੀਂ ਲਿਖਿਆ ।"

ਏਸੇ ਸਮੁਲਾਸ ਦੇ ਪੰਨਾ ੨੬੪ ਵਿਚ ਅੰਕਿਤ ਹੈ ਕਿ—"ਜੋ ਮਾਸ ਖਾਣਾ ਹੈ, ਉਹ ਵੀ ਉਨ੍ਹਾਂ ਵਾਮ-ਮਾਰਗੀ ਟੀਕਾਕਾਰਾਂ ਦੀ ਲੀਲ੍ਹਾ ਹੈ, ਇਸ ਲਈ ਉਨ੍ਹਾਂ ਨੂੰ ਰਾਖ਼ਸ਼ ਕਹਿਣਾ ਉਚਿਤ ਹੈ। ਪਰੰਤੂ ਵੇਦਾਂ ਵਿਚ ਕਿਤੇ ਮਾਸ ਦਾ ਖਾਣਾ ਨਹੀਂ ਲਿਖਿਆ।"

## (੨) ਅਵੈਦਿਕ ਧਰਮ

ਪਾਠਕ ਵੇਖ ਚੁਕੇ ਹਨ ਕਿ ਵੈਦਿਕ ਮਤਾਂ ਵਿਚ ਹਿੰਸਾ ਅਤੇ ਮਾਸ ਅਹਾਰ ਨੂੰ ਮਹਾਨ ਨਿਖਿੱਧ ਅਤੇ ਪਾਪ ਮੰਨਿਆ ਗਿਆ ਹੈ। ਇਸ ਪ੍ਰਕਰਣ ਵਿਚ ਇਸ ਵਿਸ਼ੇ ਸਬੰਧੀ ਅਵੈਦਿਕ ਮਤਾਂ ਦਾ ਮਤ ਪ੍ਰਗਟ ਕੀਤਾ ਜਾਂਦਾ ਹੈ:—

### (ੳ) ਬੁੱਧ ਧਰਮ

ਬੁਧ ਧਰਮ ਜਗਤ ਦੇ ਵਿਸਤਰਿਤ ਧਰਮਾਂ ਵਿਚੋਂ ਇਕ ਉਘਾ ਧਰਮ ਹੈ। 'ਇਸ ਧਰਮ ਦੇ ਸੰਚਾਲਕ ਮਹਾਤਮਾ ਬੁਧ ਨੂੰ ਪ੍ਰੀਤੀ ਦਾ ਪੈਗੰਬਰ ਕਿਹਾ ਜਾਵੇ ਤਾਂ ਕੋਈ ਅਤਯੁਕਤੀ ਨਹੀਂ। ਬੁੱਧ ਜੀ ਦੇ ਸਮੇਂ 'ਵਿਚ ਹੀ ਭਾਰਤਵਰਸ਼ ਵਿਚ ਇਸ ਨੂੰ ਰਾਜ ਧਰਮ ਹੋਣ ਦਾ ਮਾਨ ਪ੍ਰਾਪਤ ਹੋ ਚੁਕਾ ਸੀ। ਸਮਰਾਟ ਅਸ਼ੋਕ ਅਤੇ ਚੰਦਗੁਪਤ ਮੌਰ, ਬੁਧ ਧਰਮ ਦੁਆਰਾ ਹੀ ਦੀਖਸ਼ਿਤ ਹੋਏ ਸਨ। ਭਾਵੇਂ ਸਮੇਂ ਦੇ ਪ੍ਰਭਾਵ ਕਰਕੇ ਭਾਰਤਵਰਸ਼ ਵਿਚ ਏਸ ਧਰਮ ਦੇ ਪੈਰੋਕਾਰਾਂ ਦੀ ਗਿਣਤੀ ਦੂਜੇ ਧਰਮਾਂ ਦੇ ਮੁਕਾਬਲੇ ਤੇ ਬਹੁਤ ਘਟ ਰਹਿ ਗਈ ਹੈ, ਪਰੰਤੂ ਲੰਕਾ, ਬਰਮਾ, ਚੀਨ, ਜਪਾਨ, ਅਤੇ ਸਿਆਮ ਆਦਿਕ ਪ੍ਰਦੇਸਾਂ ਵਿਚ ਏਸ ਧਰਮ ਨੇ ਏਨਾ ਅਧਿਕਾਰ ਜਮਾ ਰੱਖਿਆ ਹੈ, ਕਿ ਕਿਸੇ ਦੂਜੇ ਧਰਮ ਨੂੰ ਅਜ ਤਕ ਓਥੇ ਕਦਮ ਰਖਣ ਦੀ ਵੀ ਦਲੇਰੀ ਨਹੀਂ ਕਰਨ ਦਿੱਤੀ। ਅਜੇਹੇ ਪ੍ਰਭਾਵਸ਼ਾਲੀ

Namdhari Elibrary NamdhariElibrary@gmail.com

ਅਤੇ ਬਹੁ ਸੰਖਯਕ ਧਰਮ ਦੀ ਨੀਂਹ "ਅਹਿੰਸਾ ਦੇ ਸਿਧਾਂਤ ਤੇ ਹੀ ਰੱਖੀ ਗਈ ਹੈ। "ਅਹਿੰਸਾ ਪਰਮੋ ਧਰਮਾ" ਬੋਧੀਆਂ ਦਾ ਮੂਲ ਮੰਤ੍ਰ ਸਮਝਣਾ ਚਾਹੀਦਾ ਹੈ। ਮਹਾਤਮਾ ਬੁਧ ਜੀ ਦੇ ਜੀਵਨ ਸਮਾਚਾਰ ਅਹਿੰਸਾ ਅਤੇ ਦਇਆ ਦੀਆਂ ਘਟਨਾਵਾਂ ਨਾਲ ਭਰੇ ਪਏ ਹਨ।

ਏਥੇ ਪਾਠਕਾਂ ਦੀ ਦਿਲਚਸਪੀ ਲਈ ਬੁਧ ਜੀ ਦਾ ਉਹ ਉਪਦੇਸ਼ ਅੰਕਿਤ ਕੀਤਾ ਜਾਂਦਾ ਹੈ, ਜੋ ਆਪ ਨੇ ਮਹਾਰਾਜਾ ਬਿੰਬਸਾਰ ਨੂੰ ਉਸ ਸਮੇਂ ਕੀਤਾ ਸੀ, ਜਦ ਕਿ ਰਾਜਾ ਦੇ ਕਲਿਆਣ ਨਮਿਤ ਉਸ ਦੀ ਯੱਗ-ਸ਼ਾਲਾ ਵਿਚ ਇਕ ਹਜ਼ਾਰ ਪਸ਼ੂ ਨੂੰ ਬਲੀ ਦੇਣ ਲਈ ਕਾਰਜ ਅਰੰਭ ਹੋਣ ਵਾਲਾ ਸੀ:—"ਚਰਵਾਹੇ ਲੋਕ ਮਹਾਰਾਜਾ ਦੀ ਆਗਿਆ ਮੁਤਾਬਕ ਬਹੁਤ ਸਾਰੇ ਪਸ਼ੂਆਂ ਨੂੰ ਰਾਜਧਾਨੀ ਵਲ ਹਿੱਕੀ ਲਈ ਜਾਂਦੇ ਸਨ। ਗਰਮੀਆਂ ਦਾ ਮੌਸਮ ਸੀ, ਕੜਾਕੇ ਦੀ ਧੁਪ ਪੈ ਰਹੀ ਸੀ। ਇਕ ਤਾਂ ਇਸ ਕਰਕੇ, ਅਤੇ ਦੂਜਾ ਵਾਗੀਆਂ ਦੇ ਸੋਟਿਆਂ ਕਰਕੇ, ਪਸ਼ੂ ਬੜੇ ਘਬਰਾਏ ਹੋਏ ਜਾ ਰਹੇ ਸਨ। ਉਨ੍ਹਾਂ ਵਿਚ ਇਕ ਪਸ਼ੂ ਬੱਚਾ ਅਜਿਹਾ ਵੀ ਸੀ ਕਿ ਜਿਸ ਦੇ ਪੈਰ ਨੂੰ ਸੱਟ ਲਗੀ ਹੋਈ ਸੀ, ਤੇ ਉਹ ਲੰਗੜਾ ਕੇ ਡਾਢੀ ਮੁਸ਼ਕਲ ਨਾਲ ਡਿਗਦਾ ਢਹਿੰਦਾ ਚਲ ਰਿਹਾ ਸੀ। ਉਸ ਦੇ ਛੋਟੇ ਛੋਟੇ ਪੈਰਾਂ ਵਿਚੋਂ ਲਹੂ ਵਗ ਰਿਹਾ ਸੀ। ਅਚਾਨਕ ਭਗਵਾਨ ਬੁਧ ਦੇਵ ਵੀ ਉਧਰੋਂ ਆ ਨਿਕਲੇ। ਉਹ ਇਸ ਹਿਰਦੇ ਵੇਧਕ ਨਜ਼ਾਰੇ ਨੂੰ ਨਾ ਦੇਖ ਸਕੇ। ਦਇਆ ਵਿਚ ਉਨ੍ਹਾਂ ਦਾ ਦਿਲ ਟੁਕੜੇ ਟੁਕੜੇ ਹੋ ਗਿਆ, ਤੇ ਅੱਖਾਂ ਵਿਚ ਜਲ ਭਰ ਕੇ ਉਹ ਚਰਵਾਹਿਆਂ ਤੋਂ ਪੁਛਣ ਲਗੇ—'ਇਸ ਕੜਕਦੀ ਧੁਪ ਵਿਚ ਤੁਸੀਂ ਇਨ੍ਹਾਂ ਪਸ਼ੂਆਂ ਨੂੰ ਲੈ ਕੇ ਕਿੱਥੇ ਜਾਂਦੇ ਹੋ?' ਚਰਵਾਹੇ ਬੋਲੇ—'ਮਹਾਰਾਜ! ਰਾਜਾ ਬਿੰਬਸਾਰ ਦੇ ਇਕ ਭਾਰਾ ਯੱਗ ਹੋਣ ਵਾਲਾ ਹੈ। ਉਸ ਵਿਚ ਇਕ ਹਜ਼ਾਰ ਪਸ਼ੂ ਬਲੀ ਚੜ੍ਹੇਗਾ। ਅਸੀਂ ਉਥੇ ਹੀ ਇਸ ਇੱਜੜ ਨੂੰ ਲਈ ਜਾਂਦੇ ਹਾਂ।' ਭਗਵਾਨ ਬੋਲੇ, 'ਅਸੀਂ ਵੀ ਤੁਹਾਡੇ ਨਾਲ ਚਲਦੇ ਹਾਂ।' ਚਰਵਾਹਿਆਂ ਨੂੰ ਕੀ ਉਜ਼ਰ ਹੋਣਾ ਸੀ। ਭਗਵਾਨ ਉਸ ਪਸ਼ੂ ਦੇ ਬੱਚੇ ਨੂੰ ਚੁਕ ਕੇ ਨਾਲ ਤੁਰ ਪਏ।

ਜਾਂਦੇ ਜਾਂਦੇ ਉਹ ਸਾਰੇ ਬਿੰਬਸਾਰ ਦੀ ਨਗਰੀ ਵਿਚ ਪਹੁੰਚੇ, ਤੇ ਯੱਗ-ਸ਼ਾਲਾ ਵਿਚ ਹਾਜ਼ਰ ਹੋਏ। ਠੀਕ ਓਸੇ ਵੇਲੇ ਇਕ ਰਿਤਵਜ ਪਸ਼ੂ ਦੇ ਗਲ ਉਤੇ ਤੇਜ਼ ਤਲਵਾਰ ਤਾਣ ਕੇ ਮੰਤ੍ਰ ਦੁਆਰਾ ਕਹਿਣ ਲਗਾ—"ਦੇਵਤਿਓ! ਆਪ ਸਾਰੇ ਆ ਕੇ ਇਸ ਪਸ਼ੂ ਨੂੰ ਕਬੂਲ ਕਰੋ। ਇਹ ਰਾਜਾ ਬਿੰਬਸਾਰ ਦੇ ਕਲਿਆਣ

Namdhari Elibrary NamdhariElibrary@gmail.com

ਲਈ ਬਲੀ ਚੜ੍ਹਾਇਆ ਜਾਂਦਾ ਹੈ।" ਇਹ ਸੁਣਦੇ ਸਾਰ ਹੀ ਭਗਵਾਨ ਬੁਧ ਬੋਲ ਉਠੇ:—

"ਰਾਜਾ! ਆਪ ਇਸ ਪਸ਼ੂ ਨੂੰ ਨਾ ਮਾਰਨ ਦੇਵੋ।" ਇਹ ਕਹਿ ਕੇ ਉਨ੍ਹਾਂ ਨੇ ਜਲਦੀ ਨਾਲ ਝਪਟ ਕੇ ਪਸ਼ੂ ਨੂੰ ਥੰਮੇ ਤੋਂ ਖੋਲ੍ਹ ਦਿਤਾ। ਉਨ੍ਹਾਂ ਦੇ ਅਲੌਕਿਕ ਤੇਜ ਅਗੇ ਕੋਈ ਬੋਲ ਨਾ ਸਕਿਆ। ਸਾਰੇ ਬੁਤ ਵਾਂਗੂੰ ਖੜੇ ਦੇ ਖੜੇ ਰਹਿ ਗਏ। ਫਿਰ ਆਪ ਰਾਜਾ ਨੂੰ ਬੋਲੇ, "ਰਾਜਾ! ਸੋਚ, ਕਿ ਕਿਸੇ ਦੇ ਪ੍ਰਾਣ ਲੈ ਤਾਂ ਹਰ ਕੋਈ ਸਕਦਾ ਹੈ, ਪਰ ਕੀ ਕੋਈ ਦੇ ਵੀ ਸਕਦਾ ਹੈ? ਚਾਹੇ ਕੋਈ ਕਿੱਡਾ ਵੀ ਨੀਚ ਨਿਕੰਮਾ ਤੇ ਛੋਟਾ ਹੋਵੇ ਪਰ ਪ੍ਰਾਣ ਉਸ ਨੂੰ ਪਿਆਰੇ ਹਨ। ਕੋਈ ਵੀ ਆਪਣੇ ਪ੍ਰਾਣ ਦੇਣੇ ਨਹੀਂ ਚਾਹੁੰਦਾ। ਜੇ ਆਪਣੇ ਮਨ ਵਿਚ ਦਇਆ ਦਾ ਭਾਵ ਹੋਵੇ ਤਾਂ ਇਹ ਜੀਵਨ ਅਮੁਲ ਹੈ। ਲੋਕੀਂ ਆਪ ਨਿਰਦਈ ਹੋ ਕੇ ਦੇਵਤਿਆਂ ਪਾਸੋਂ ਦਇਆ ਚਾਹੁੰਦੇ ਹਨ। ਦੇਵਤਿਆਂ ਨੂੰ ਮਨੁਖ ਤੇ ਪਸ਼ੂ ਇਕੋ ਜਿਹੇ ਹਨ। ਜਿਸ ਨੂੰ ਇਹ ਗਿਆਨ ਹੋ ਜਾਵੇ ਕਿ ਤਮਾਮ ਜੀਵ ਇਕੋ ਜਿਹੇ ਹਨ ਉਹੀ ਸ੍ਰੇਸ਼ਟ ਮਨੁਖ ਹੈ। ਦੇਖੋ, ਜੋ ਪਸ਼ੂ ਇਤਬਾਰ ਉਤੇ ਰਹਿ ਕੇ ਘਾਹ ਖਾ ਕੇ ਅਮੁਲ ਦੁਧ ਦੇਂਦਾ ਹੈ ਲੋਕੀ ਉਸੇ ਦੇ ਗਲ ਤੇ ਛੁਰੀ ਫੇਰਦੇ ਹਨ। ਸ਼ਾਸਤ੍ਰਾਂ ਦਾ ਕਹਿਣਾ ਹੈ ਕਿ ਕਿਤਨੇ ਹੀ ਮਨੁਖ, ਮਨੁਖ ਦੇਹ ਛਡ ਕੇ ਕਈ ਤਰ੍ਹਾਂ ਦੇ ਪਸ਼ੂ ਪੰਛੀਆਂ ਦਾ ਸ਼ਰੀਰ ਧਾਰਨ ਕਰਦੇ ਹੋਏ ਆਖਿਰ ਫ਼ਿਰ ਮਨੁਖ ਸਰੀਰ ਹੀ ਪਾਉਂਦੇ ਹਨ। ਜੀਵ ਅੱਗ ਦੇ ਅੰਗਿਆਰੇ ਦੀ ਤਰ੍ਹਾਂ ਸੰਸਾਰ ਚੱਕਰ ਦੇ ਫੇਰ ਫਿਰਦਾ ਹੋਇਆ ਕਦੀ ਚਮਕਦਾ ਹੈ, ਕਦੀ ਅੱਗ ਦੇ ਅਲਾਂਬੇ ਵਿਚ ਹੀ ਲੀਨ ਹੋ ਜਾਂਦਾ ਹੈ! ਪਸ਼ੂ ਦਾ ਮਾਰਨਾ ਨਸਚੇ ਹੀ ਭਾਰਾ ਪਾਪ ਹੈ। ਇਸ ਤਰ੍ਹਾਂ ਜੀਵ ਦੀ ਗਤੀ ਨੂੰ ਰੋਕਣਾ ਬੇ-ਇਨਸਾਫ਼ੀ ਹੈ। ਜੀਵ, ਖ਼ੂਨ ਤੇ ਹਤਿਆ ਨਾਲ ਕਦੀ ਸੁਧ ਨਹੀਂ ਹੋ ਸਕਦਾ। ਦੇਵਤੇ ਜੇਕਰ ਭਲੇ ਹਨ ਤਾਂ ਇਸ ਤਰ੍ਹਾਂ ਕਦੀ ਖ਼ੁਸ਼ ਨਹੀਂ ਹ ਸਕਦੇ ਤੇ ਜੇ ਖੂੰਖਾਰ ਹਨ ਤਾਂ ਉਨ੍ਹਾਂ ਨੂੰ ਖ਼ੁਸ਼ ਕਰਨ ਦੀ ਲੋੜ ਹੀ ਕੀ ਹੈ? ਜੋ ਮਨੁਖ ਤਰ੍ਹਾਂ ਤਰ੍ਹਾਂ ਦੇ ਪਾਪ ਕਰਮ ਕਰਦਾ ਹੈ, ਉਸ ਦਾ ਫਲ ਤਿਲ ਭਰ ਵੀ ਪਸ਼ੂ ਦੇ ਸਿਰ ਨਹੀਂ ਚੜ੍ਹਦਾ, ਜੋ ਕੋਈ ਕਰਦਾ ਹੈ, ਉਹੋ ਭੋਗਦਾ ਹੈ। ਉਸ ਦੇ ਬਦਲੇ ਵਿਚ ਹੋਰ ਕੋਈ ਨਹੀਂ ਭੋਗਦਾ। ਵਿਸ਼ਵ ਦਾ ਲੇਖਾ ਹਰ ਜੀਵ ਨੂੰ ਭਰਨਾ ਪੈਂਦਾ ਹੈ। ਜੀਵਨ ਵਿਚ ਜਿਹੋ ਜਿਹੇ ਬਚਨ ਤੇ ਵਿਚਾਰ ਹੁੰਦੇ ਹਨ, ਉਸੇ ਨੇਮ ਅਨੁਸਾਰ ਜੀਵ ਨੂੰ ਭਲੀ ਜਾਂ ਬੁਰੀ ਗਤੀ ਮਿਲਦੀ ਹੈ। ਇਹ ਨੇਮ ਸਦਾ ਅਟੱਲ ਹੈ। ਜਿਸ ਨੂੰ ਭਾਵੀ ਕਹਿੰਦੇ ਹਨ, ਉਹ ਕਰਮਾਂ ਦਾ

Namdhari Elibrary NamdhariElibrary@gmail.com

ਹੀ ਨਤੀਜਾ ਹੈ।"

ਭਗਵਾਨ ਬੁਧ ਦੇ ਇਸ ਦਇਆ ਭਰੇ ਉਪਦੇਸ਼ ਦਾ ਸਾਰਿਆਂ ਉਤੇ ਅਸਰ ਹੋਇਆ, ਅਤੇ ਸਾਰਿਆਂ ਨੇ ਦਇਆ ਨਾਲ ਭਰ ਕੇ ਬਲੀ ਚੜ੍ਹਾਣ ਦਾ ਵਿਚਾਰ ਛਡ ਦਿਤਾ। ਰਿਤਵਜ ਨੇ ਤਮਾਮ ਅੱਗ ਇਧਰ ਉਧਰ ਖਲੇਰ ਦਿਤੀ। ਮਹਾਰਾਜ ਬਿੰਬਸਾਰ ਸਮੇਤ ਸਾਰੇ ਬੁਧ ਦੇਵ ਦੇ ਚਰਨਾਂ ਵਿਚ ਡਿਗ ਪਏ। ਫਿਰ ਅਗਲੇ ਦਿਨ ਮਹਾਰਾਜਾ ਬਿੰਬਸਾਰ ਨੇ ਹੇਠ ਲਿਖਿਆ ਐਲਾਨ ਸਾਰੇ ਸ਼ਹਿਰ ਵਿਚ ਕਰਵਾ ਦਿਤਾ ਤੇ ਉਸ ਦੀ ਨਕਲ ਮੁਨਾਰਿਆਂ ਉਤੇ ਖੁਦਵਾ ਕੇ ਮੁਨਾਰੇ ਥਾਂ ਪਰ ਥਾਂ ਗਡਵਾ ਦਿਤੇ:—

## ਸ਼ਾਹੀ ਐਲਾਨ

"ਮਹਾਰਾਜ ਬਿੰਬਸਾਰ ਆਗਿਆ ਕਰਦੇ ਹਨ, ਕਿ ਜੱਗ ਬਲੀ ਲਈ ਅਥਵਾ ਆਪਣੇ ਖਾਣ ਲਈ, ਜੋ ਅਜ ਤਕ ਘਰ ਘਰ ਵਿਚ ਤਰ੍ਹਾਂ ਤਰ੍ਹਾਂ ਦੇ ਪਸ਼ੂਆਂ ਨੂੰ ਮਾਰਿਆ ਜਾਂਦਾ ਰਿਹਾ ਹੈ, ਉਸ ਨੂੰ ਬੰਦ ਕਰ ਦਿਤਾ ਜਾਵੇ। ਕੋਈ ਸ਼ਖਸ ਹੁਣ ਕਿਸੇ ਦਾ ਖ਼ੂਨ ਨਾ ਵਹਾਏ। ਜੀਵ ਸਾਰੇ ਸਮਾਨ ਹਨ। ਜੋ ਦਇਆਵਾਨ ਹੁੰਦੇ ਹਨ, ਦਇਆ ਉਨ੍ਹਾਂ ਉਤੇ ਹੀ ਹੁੰਦੀ ਹੈ, ਇਸ ਵਾਸਤੇ ਮਨ ਵਿਚ ਦਇਆ ਧਾਰਨ ਕਰੋ ਅਤੇ ਅਗੇ ਤੋਂ ਕਿਸੇ ਨੂੰ ਨਾ ਮਾਰੋ।" "ਇਹ ਮੁਨਾਰੇ ਅਜ ਤਕ ਆਪਣੇ ਆਪਣੇ ਟਿਕਾਣਿਆਂ ਉਤੇ ਮੌਜੂਦ ਹਨ।" (ਮਹਾਤਮਾ ਬੁਧ) ਲੇਖਕ ਗੁਰਾਂ ਦਿਤਾ ਖੰਨਾ ਮੈਂਬਰ ਨਾਗਰੀ ਪ੍ਰਚਾਰਣੀ ਸਭਾ ਕਾਂਸ਼ੀ ਪੰਨਾ ੫੦ ਤੋਂ ੫੪)।

ਭਗਵਾਨ ਬੁੱਧ ਤਾਂ ਜੀਵ ਹਤਿਆ ਕਰਨ ਵਾਲੇ ਮਨੁੱਖ ਨੂੰ ਮਨੁੱਖ ਹੀ ਨਹੀਂ ਮੰਨਦੇ ਕਿੰਤੂ ਚੰਡਾਲ ਮੰਨਦੇ ਹੋਏ ਕਹਿੰਦੇ ਹਨ:—"ਜੋ ਆਪਣੇ ਆਪ ਹੱਥੀਂ ਪਸ਼ੂ ਪੰਛੀ ਵਗੈਰਾ ਜੀਵਾਂ ਦੀ ਹਤਿਆ ਕਰਦਾ ਹੈ, ਸੋ ਨਿਰਦਈ ਹੈ, ਉਹੀ ਚੰਡਾਲ ਹੈ।" [ਮਹਾਤਮਾ ਬੁੱਧ, ਪੰਨਾ ੫੯

## (ਅ) ਜੈਨ ਧਰਮ

ਜੈਨ ਧਰਮ ਸਾਡੇ ਦੇਸ਼ ਦਾ ਇਕ ਮਹਾਬ੍ਰਤੀ ਅਤੇ ਜਗਦਵਖਯਾਤ ਧਰਮ ਹੈ। ਇਸ ਦੇ ਸੰਚਾਲਕ ਅਤੇ ਪ੍ਰਚਾਰਕ ਮਹਾਪੁਰਸ਼ਾਂ ਨੇ ਪੰਜ ਮਹਾਬ੍ਰਤਾਂ ਵਿਚੋਂ

Namdhari Elibrary NamdhariElibrary@gmail.com

ਪਹਿਲਾ ਦਰਜਾ ਅਹਿੰਸਾ ਨੂੰ ਦਿਤਾ ਹੈ। ਜੈਨ ਧਰਮ ਨੇ ਅਹਿੰਸਾ ਨੂੰ ਅਤਿਅੰਤ ਹੀ ਸੂਖਮ ਦ੍ਰਿਸ਼ਟੀ ਨਾਲ ਅਨੁਭਵ ਕੀਤਾ ਹੈ। ਉਸ ਨੇ ਇਸ ਦੀ ਸੂਖਮ ਤੋਂ ਸੂਖਮ ਵਿਆਖਿਆ ਕੀਤੀ ਹੈ। ਉਸ ਦੇ ਹਿਰਦੇ ਵਿਚ ਅਦ੍ਰਿਸ਼ਟ ਪ੍ਰਾਣੀਆਂ ਤਕ ਦੀ ਰਖਿਆ ਦਾ ਵੀ ਭਾਵ ਮੌਜੂਦ ਹੈ। ਉਹ ਹਿੰਸਾ ਨੂੰ ਵਿਸ਼ਵ ਅਸ਼ਾਂਤੀ ਦਾ ਕਾਰਨ ਅਤੇ ਅਹਿੰਸਾ ਨੂੰ ਸ਼ਾਂਤੀ ਦਾ ਕਾਰਨ ਮੰਨਦਾ ਹੈ। ਜੈਨ ਧਰਮ ਕਹਿੰਦਾ ਹੈ, ਕਿ ਧਾਰਮਕ, ਸਮਾਜਕ ਅਤੇ ਰਾਜਨੀਤਕ ਆਦਿ ਸਮੂਹ ਹਾਲਤਾਂ ਵਿਚ ਅਹਿੰਸਾ ਦਾ ਪਾਲਨ ਕਰਨਾ ਲਾਜ਼ਮੀ ਹੈ। ਉਸ ਨੇ ਹਿੰਸਾ ਦਾ ਲਖਣ ਕਰਦਿਆਂ ਹੋਇਆਂ ਕਿਹਾ ਹੈ ਕਿ 'ਰਾਗਾਦਿ ਵਿਸ਼ਿਸ਼ਟ ਹੋ ਕੇ ਆਪਣੇ ਜਾਂ ਪਰਾਏ ਪ੍ਰਾਣਾਂ ਦਾ ਘਾਤ ਕਰਨਾ ਹਿੰਸਾ ਹੈ:—"ਪ੍ਰਮੱਤ ਯੋਗਾਤ ਪ੍ਰਾਣ ਵਯਪਰੋਪਣੰ ਹਿੰਸਾ।"

## ਦੋ ਤਰ੍ਹਾਂ ਦੀ ਹਿੰਸਾ

(੧) ਦ੍ਰੱਵਯ ਹਿੰਸਾ ਤੇ (੨) ਭਾਵ ਹਿੰਸਾ, ਇਹ ਦੋ ਤਰ੍ਹਾਂ ਦੀ ਹਿੰਸਾ ਮੰਨੀ ਗਈ ਹੈ। ਪ੍ਰਾਣਾਂ ਦੇ ਘਾਤ ਨੂੰ ਦ੍ਰਵਯ ਹਿੰਸਾ ਅਤੇ ਕ੍ਰੋਧ ਆਦਿ ਦੇ ਫਲ ਸਰੂਪ ਹਿਰਦੇ ਵਿਚੋਂ ਸਤਿ ਸੰਤੋਖ ਅਤੇ ਵਿਵੇਕ ਆਦਿ ਦੈਵੀ ਗੁਣਾਂ ਦੇ ਘਾਤ ਨੂੰ ਭਾਵ ਹਿੰਸਾ ਕਹਿੰਦੇ ਹਨ। ਇਨ੍ਹਾਂ ਦੋਹਾਂ ਹਿੰਸਾਂ ਤੋਂ ਰਹਿਤ ਹੋਣ ਦਾ ਨਾਮ ਅਹਿੰਸਾ ਬ੍ਰਤ ਦਾ ਧਾਰਨ ਕਰਨਾ ਹੈ। ਭਾਵ ਹਿੰਸਾ ਦਾ ਰੂਪ, ਅਹਿੰਸਾ ਦਾ ਕਿੰਨਾ ਬਰੀਕ ਅਨੁਭਵ ਹੈ। ਅਸਲੀ ਗੱਲ ਤਾਂ ਇਹ ਹੈ ਕਿ ਪ੍ਰਾਣ ਹਿੰਸਾ ਤੋਂ ਪਹਿਲਾਂ ਇਰਾਦੇ ਵਿਚ ਹਿੰਸਾ ਦਾ ਭਾਵ ਉਪਜਦਾ ਹੈ। ਜਿਸ ਦਾ ਮਤਲਬ ਇਹ ਹੈ ਕਿ ਪਹਿਲੋਂ ਭਾਵ ਹਿੰਸਾ ਹੁੰਦੀ ਹੈ ਤੇ ਪਿਛੋਂ ਦ੍ਰਵਯ (ਪ੍ਰਾਣ) ਹਿੰਸਾ। ਇਸ ਲਈ ਜੈਨ ਮਤ ਦਾ ਅਭਿਪ੍ਰਾਯ ਇਹ ਹੈ ਕਿ ਦਿਲ ਵਿਚ ਵੀ ਕਦੇ ਹਿੰਸਾ ਦਾ ਭਾਵ ਨਾ ਔਣ ਦਿਤਾ ਜਾਵੇ, ਕਿਉਂਕਿ ਮਨੁਖ ਦੀ ਸਾਰੀ ਕ੍ਰਿਆ ਉਸ ਦੇ ਮਨੋਭਾਵਾਂ ਤੇ ਹੀ ਨਿਰਭਰ ਹੈ। ਸ੍ਰੀ ਆਤਮਾ ਰਾਮ ਸ਼ਤਾਬਦੀ ਗ੍ਰੰਥ ਦੇ ਹਿੰਦੀ ਵਿਭਾਗ ਦੇ ਪੰਨਾ ੧੩੯ ਤੇ ਲਿਖਿਆ ਹੈ, ਕਿ:—"ਜੇ ਅਸੀਂ ਸੱਚੀ ਸ਼ਾਂਤੀ ਤੇ ਸੱਚੀ ਸ੍ਵਾਧੀਨਤਾ ਚਾਹੁੰਦੇ ਹਾਂ ਤਾਂ ਸਾਨੂੰ ਅਹਿੰਸਕ ਪ੍ਰਵਿਰਤੀਆਂ ਨਾਲ ਆਪਣੀ ਮਨੋ ਬ੍ਰਿਤੀ ਨੂੰ ਪਵਿੱਤ੍ਰ ਬਣਾਨਾ ਚਾਹੀਦਾ ਹੈ। ਏਸ ਭਈ ਸ਼ਾਂਤੀ, ਖਿਮਾ, ਨਿਰਲੋਭਤਾ ਆਦਿ ਕਈ ਤਰ੍ਹਾਂ ਦੇ ਉਤਮ ਗੁਣਾਂ ਦਾ ਪੈਦਾ ਕਰਨ ਵਾਲਾ **ਅਹਿੰਸਾ ਹੀ ਪਰਮ ਬ੍ਰਹਮ ਹੈ।** ਸ੍ਵਾਮੀ ਸਮੰਤ ਭੱਦਰ ਾਦ

ਇਹ ਬਚਨ ਸਦਾ ਯਾਦ ਰਖਣਯੋਗ ਹੈ:—"ਅਹਿੰਸਾ ਭੂਤਾਨਾ ਜਗਤਿ ਵਿਦਿਤੰ ਬ੍ਰਹਮ ਪਰਮੰ। ਸੂ: ਸਤੋ।"

## (ੲ) ਦੇਵ ਸਮਾਜ

ਦੇਵ ਸਮਾਜ ਵਿਖੇ ਮਾਸ ਖਾਣ ਨੂੰ ਇਕ ਮਹਾਨ ਬੁਰਿਆਈ ਸਮਝਿਆ ਗਿਆ ਹੈ। ਇਸ ਸਮਾਜ ਵਲੋਂ ਦਸੰਬਰ ੧੯੩੫ ਈਸਵੀ ਨੂੰ ਇਸ ਵਿਸ਼ੇ ਵਿਚ ਇਕ ਟ੍ਰੈਕਟ ਪ੍ਰਕਾਸ਼ਤ ਹੋਇਆ ਸੀ ਜਿਸ ਦੀ ਭੂਮਿਕਾ ਵਿਖੇ ਲਿਖਿਆ ਹੈ ਕਿ :

"ਮਾਸ ਖਾਣਾ ਉਨ੍ਹਾਂ ਅੱਠ ਵੱਡੀਆਂ ਵੱਡੀਆਂ ਬੁਰਿਆਈਆਂ ਜਾਂ ਗੁਨਾਹਾਂ ਵਿਚੋਂ ਇਕ ਹੈ, ਜਿਨ੍ਹਾਂ ਨੂੰ ਦੇਵ ਸਮਾਜ ਵਿਚ ਬੜੀਆਂ ਭੈੜੀਆਂ ਅਤੇ ਹਾਨੀਕਾਰਕ ਸਮਝਿਆ ਜਾਂਦਾ ਹੈ, ਅਤੇ ਜਿਨ੍ਹਾਂ ਦਾ ਤਿਆਗਣਾ ਉਸ ਦੀ ਸਭ ਤੋਂ ਅਦਨਾਂ ਦਰਜੇ ਦੀ ਮੈਂਬਰੀ ਵਾਸਤੇ ਇਕ ਜ਼ਰੂਰੀ ਤੇ ਲਾਜ਼ਮੀ ਸ਼ਰਤ ਹੈ।" ਅਗੇ ਚਲ ਕੇ ਲਿਖਿਆ ਹੈ :

"ਹੈਵਾਨੀ ਖ਼ੁਰਾਕ ਦੇ ਹਾਨੀਕਾਰਕ ਅਸਰਾਂ ਅਤੇ ਦੂਜੀਆਂ ਬਦ ਪ੍ਰਹੇਜ਼ੀਆਂ ਦੇ ਕਾਰਨ ਜਿਸਮਾਨੀ ਬੀਮਾਰੀਆਂ ਬਹੁਤ ਵਧ ਰਹੀਆਂ ਹਨ। ਅਤੇ...ਸੇਹਤ ਨੂੰ ਸਖ਼ਤ ਨੁਕਸਾਨ ਪਹੁੰਚ ਰਿਹਾ ਹੈ। ਇਸ ਲਈ ਬੜੀ ਲੋੜ ਹੈ, ਕਿ ਹੋਰ ਬੁਰਿਆਈਆਂ ਦੇ ਨਾਲ ਨਾਲ ਮਾਸ ਖਾਣ ਦੀ ਅਤਿਅੰਤ ਹਾਨੀਕਾਰਕ ਬੁਰਿਆਈ ਨੂੰ ਦੂਰ ਕਰਨ ਵਾਸਤੇ ਖ਼ੂਬ ਜਤਨ ਕੀਤਾ ਜਾਵੇ। ਅਤੇ ਮਨੁੱਖ ਸਮਾਜ ਵਿਚੋਂ ਇਸ ਦੀ ਰੂਹ ਅਤੇ ਜਿਸਮ ਦੇ ਵਾਸਤੇ ਇਸ ਸਖ਼ਤ ਹਾਨੀਕਾਰਕ ਬੁਰਿਆਈ ਨੂੰ ਮਿਟਾਇਆ ਜਾਵੇ।"

ਇਸ ਪੁਸਤਕ (ਗੋਸ਼ਤਖ਼ੋਰ) ਦੇ ਸਫ਼ਾ ੪੭ ਤੇ ਇਸ ਦੇ ਚਹੁੰ ਅਧਿਆਵਾਂ ਦਾ ਖੁਲਾਸਾ ਦੇਂਦਿਆਂ ਹੋਇਆਂ ਲਿਖਿਆ ਹੈ ਕਿ :

(੧) ਮਾਸ ਸਾਡੀ ਕੁਦਰਤੀ ਖ਼ੁਰਾਕ ਨਹੀਂ ਹੈ।

(੨) ਮਾਸ ਇਕ ਅਤੀ ਨਖਿੱਧ ਕਿਸਮ ਦੀ ਅਧੂਰੀ ਤੇ ਖ਼ਰਾਬ ਖ਼ੁਰਾਕ ਹੈ।

(3) ਮਾਸ ਸੇਹਤ ਬਖ਼ਸ਼ ਨਹੀਂ, ਸਗੋਂ ਬੀਮਾਰੀ ਪੈਦਾ ਕਰਨ ਵਾਲੀ ਖ਼ੁਰਾਕ ਹੈ।

Namdhari Elibrary NamdhariElibrary@gmail.com

(੪) ਮਾਸ ਕਮਜ਼ੋਰ ਕਰਨ ਵਾਲੀ ਤੇ ਜ਼ਿੰਦਗੀ ਨੂੰ ਘਟਾਣ ਵਾਲੀ ਖ਼ੁਰਾਕ ਹੈ।

**ਗੰਭੀਰ ਪ੍ਰਸ਼ਨ**—ਏਸੇ ਕਿਤਾਬ ਦੇ ਪੰਨਾ ੬੫ ਤੇ (ਜੋ ਕਿਤਾਬ ਦਾ ਆਖ਼ਰੀ ਸਫ਼ਾ ਹੈ) ਸੰਜੀਦਾ ਸਵਾਲਾਤ ਦੇ ਸਿਰਲੇਖ ਹੇਠ ਮਨੁੱਖ ਦੇ ਸਾਹਮਣੇ ਇਕ ਤਰਾਂ ਦੀ ਅਪੀਲ ਕੀਤੀ ਗਈ ਹੈ :

ਹੇ ਮਨੁੱਖ ! ਕੀ ਤੇਰੇ ਲਈ ਇਹ ਮੁਨਾਸਬ ਹੈ, ਕਿ ਤੂੰ ਸ਼ਕਤੀਵਾਨ ਹੋ ਕੇ ਨਿਰਬਲ ਅਤੇ ਨਿਰਦੋਸ਼ ਪਸ਼ੂਆਂ ਦੇ ਜੀਵਨ ਅਤੇ ਉਨ੍ਹਾਂ ਦੀਆਂ ਖ਼ੁਸ਼ੀਆਂ ਦਾ ਅੰਤ ਕਰੇਂ ? ਅਤੇ ਆਪਣੇ ਪੇਟ ਵਿਚ ਉਨ੍ਹਾਂ ਦੀਆਂ ਕਬਰਾਂ ਬਣਾਏਂ ? ਕੀ ਇਹ ਤੇਰੇ ਲਈ ਉਚਿਤ ਅਤੇ ਸੋਭਦਾ ਹੈ, ਕਿ ਤੂੰ ਲਾਭਦਾਇਕ ਪਸ਼ੂਆਂ ਤੋਂ ਕਈ ਤਰ੍ਹਾਂ ਦੀ ਸੇਵਾ ਲੈ ਕੇ, ਉਸ ਦੇ ਬਦਲੇ ਨਾਸ਼ੁਕਰਾ ਬਣ ਕੇ ਤੂੰ ਇਨ੍ਹਾਂ ਦਾ ਲਹੂ ਵਹਾਣ ਦਾ ਭਾਗੀ ਬਣੇਂ ? ਕੀ ਇਹ ਅਕਲ ਦਾ ਕੰਮ ਹੈ, ਕਿ ਤੂੰ ਕੁਦਰਤੀ ਸਾਫ਼, ਸੇਹਤ ਅਤੇ ਤਾਕਤ ਦੇਣ ਵਾਲੀ, ਜੀਵਨ ਨੂੰ ਵਧਾਣ ਵਾਲੀ ਅਤੇ ਨਾਲ ਹੀ ਬਹੁਤ ਸੁਆਦੀ ਖ਼ੁਰਾਕ ਨੂੰ ਛਡ ਕੇ ਬਹੁਤ ਨਿਖਿੱਧ ਤੇ ਮਨੁੱਖਤਾ ਤੋਂ ਡੇਗਣ ਵਾਲੀ ਮਾਸ ਦੀ ਖ਼ੁਰਾਕ ਖਾਏਂ, ਜੋ ਅਕਸਰ ਬਿਮਾਰੀ ਦੇ ਪਰਮਾਣੂਆਂ ਨਾਲ ਭਰੀ ਹੋਈ ਅਤੇ ਯੂਰਕ ਐਸਡ ਅਰ ਹੋਰ ਵਿਹੁਲੇ ਮਾਦੇ ਨਾਲ ਭਰਪੂਰ ਹੁੰਦੀ ਹੈ ? ਅਤੇ ਇਸੇ ਕਾਰਨ ਉਹ ਨਿਰਦਯਤਾ ਤੋਂ ਬਿਨਾਂ ਮਨੁੱਖ ਅੰਦਰ ਭਾਂਤ ਭਾਂਤ ਦੇ ਰੋਗ ਪੈਦਾ ਕਰਨ ਦਾ ਕਾਰਨ ਹੁੰਦੀ ਹੈ, ਅਤੇ ਉਸ ਦੀ ਉਮਰ ਨੂੰ ਬਹੁਤ ਘਟਾ ਦੇਂਦੀ ਹੈ ? ਠਹਿਰੋ ! ਸੋਚੋ ! ਤੇ ਆਪਣੇ ਆਪ ਦਾ ਸੁਧਾਰ ਕਰੋ ।"

## (ਮ) ਈਸਾਈ ਧਰਮ

(੧) "ਈਸਾ ਦਾ ਇਕ ਪੀਟਰ ਨਾਮੀ ਚੇਲਾ ਸੀ। ਉਸ ਨੇ ਇਕ ਵਾਰ ਸੁਫ਼ਨੇ ਵਿਚ ਵੇਖਿਆ, ਕਿ ਅਕਾਸ਼ ਤੋਂ ਇਕ ਚਾਦਰ ਹੇਠਾਂ ਉਤਰੀ ਜਿਸ ਵਿਚ ਬ੍ਰਹਿਮੰਡ ਭਰ ਦੇ ਪੰਛੀ ਬਧੇ ਹੋਏ ਸਨ। ਪੀਟਰ ਨੂੰ ਅਕਾਸ਼ਬਾਣੀ ਹੋਈ, ਕਿ ਇਨ੍ਹਾਂ ਪੰਛੀਆਂ ਨੂੰ ਖਾਓ। ਪੀਟਰ ਨੇ ਇਨਕਾਰ ਕੀਤਾ। ਤਿੰਨ ਵਾਰ ਅਕਾਸ਼ ਬਾਣੀ ਹੋਈ ਕਿ ਖਾ ਲੈ, ਪਰ ਪੀਟਰ ਨਾਂਹ ਹੀ ਕਰਦਾ ਰਿਹਾ। ਅੰਤ ਉਹ ਚਾਦਰ ਗੁਪਤ ਹੋ ਗਈ। ਜਦ ਪੀਟਰ ਦੀਆਂ ਅੱਖਾਂ ਖੁਲ੍ਹੀਆਂ ਤਾਂ ਉਸ ਨੇ ਆਪਣੇ ਆਪ ਨੂੰ ਗਿਆਨ ਸਪੰਨ ਅਨੁਭਵ ਕੀਤਾ।" (ਮਤੀ ਦੀ ਅੰਜੀਲ)

Namdhari Elibrary NamdhariElibrary@gmail.com

(੨) ਰੂਮ ਦੀ ਪੱਤ੍ਰੀ ਬਾਬ ੧੪ ਵਿਚ ਲਿਖਿਆ ਹੈ, ਕਿ—"ਤੁਹਾਡਾ ਖੁਦਾ ਕਹਿੰਦਾ ਹੈ, ਮੇਰੇ ਬਣਾਏ ਕੰਮ ਨੂੰ ਨਾ ਵਿਗਾੜੋ, ਜਿਸ ਵਿਚ ਤੁਹਾਡਾ ਭਾਈ ਠੋਕਰ ਖਾਏ ਅਜਿਹਾ ਕੰਮ ਨਾ ਕਰੋ। ਮਾਸ ਤੇ ਸ਼ਰਾਬ ਦਾ ਖਾਣਾ ਪੀਣਾ ਚੰਗੀ ਗੱਲ ਨਹੀਂ। 'ਇਸ ਲਈ ਮਾਸ ਸ਼ਰਾਬ ਨਾ ਖਾਓ ਅਤੇ ਨਾ ਪੀਓ।"

(੩) ਈਸਾਈ ਮਤ ਦੇ ਦਸਾਂ ਹੁਕਮਾਂ ਵਿਚੋਂ ਚੌਥੇ ਵਿਚ ਲਿਖਿਆ ਹੈ ਕਿ "ਤੂੰ ਹਤਿਆ ਨਾ ਕਰ।"

(੪) "ਜਿਹੜਾ ਤੁਹਾਡੀ ਸੱਜੀ ਗੱਲ੍ਹ ਤੇ ਚਪੇੜ ਮਾਰੇ ਖੱਬੀ ਵੀ ਉਸ ਦੇ ਸਾਹਮਣੇ ਕਰ ਦਿਓ। ਤੁਸੀਂ ਆਪਣੇ ਵੈਰੀਆਂ ਨਾਲ ਵੀ ਪਿਆਰ ਕਰੋ। ਜਿਹੜਾ ਤੁਹਾਨੂੰ ਸਰਾਪ ਦੇਵੇ, ਤੁਸੀਂ ਉਸ ਨੂੰ ਅਸੀਸ ਦੇਵੋ। ਜਿਹੜਾ ਤੁਹਾਡੀ ਬੁਰਾਈ ਕਰੇ, ਤੁਸੀਂ ਉਸ ਦੀ ਭਲਾਈ ਕਰੋ। ਜਿਹੜਾ ਤੁਹਾਡਾ ਅਪਮਾਨ ਕਰੇ, ਤੁਹਾਨੂੰ ਸਤਾਵੇ, ਤੁਸੀਂ ਉਸ ਦੇ ਲਈ ਵੀ ਪ੍ਰਾਰਥਨਾ ਕਰੋ। ਜਿਸ ਨਾਲ ਤੁਸੀਂ ਸੁਰਗਵਾਸੀ ਪਿਤਾ ਦੀ ਸੰਤਾਨ ਹੋਵੋ ਅਰਥਾਤ ਖੁਦਾ ਦੇ ਪੁੱਤਰ ਕਹਿਲਾ ਸਕੋ।" (ਅੰਜੀਲ)

ਉਤੇ ਦਿਤੇ ਅਨੁਸਾਰ ਈਸਾਈ ਧਰਮ ਪੁਸਤਕਾਂ ਦੇ ਪ੍ਰਮਾਣਾਂ ਤੋਂ ਪ੍ਰਗਟ ਹੈ, ਕਿ ਇਸ ਮਤ ਦੇ ਧਾਰਮਕ ਅਸੂਲ ਹਿੰਸਾ ਕਰਨ ਅਤੇ ਮਾਸ ਖਾਣ ਦੇ ਵਿਰੋਧੀ ਹਨ।

(੫) ਮਿਸਟਰ ਸਿਡਨੀ ਐਚ ਬੇਰਡ ਲੰਡਨ ਆਪਣੀ ਕਿਤਾਬ "ਟੈਸਟੀਮੋਨੀ ਆਫ਼ ਸਾਇੰਸ, ਇਨ ਫ਼ੇਵਰ ਆਫ਼ ਨੈਚਰਲ ਐਂਡ ਹਯੂਮੇਨ ਡਾਇਟ" ਦੇ ਪੰਨਾ ੨ ਤੇ ਲਿਖਦੇ ਹਨ :

"ਈਸਾਈਆਂ ਨੂੰ ਆਪਣੇ ਵਡੇ ਗੁਰੂ (ਯਿਸੂ ਮਸੀਹ) ਦੇ ਇਨ੍ਹਾਂ ਸ਼ਬਦਾਂ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ—ਜਾਓ ਅਤੇ ਸਿਖੋ ਕਿ ਇਸ ਦੇ ਕੀ ਅਰਥ ਹਨ ਜੋ—**ਮੈਂ ਰਹਿਮ ਚਾਹੁੰਦਾ ਹਾਂ, ਨਾ ਕਿ ਕੁਰਬਾਨੀ।"**

## (ਹ) ਇਸਲਾਮ ਧਰਮ

ਇਸਲਾਮ ਵਿਚ ਹਜ਼ਰਤ ਮੁਹੰਮਦ ਸਾਹਿਬ ਅੱਲਾ ਦੇ ਰਸੂਲ ਮੰਨੇ ਜਾਂਦੇ ਹਨ। ਆਪ ਦੁਆਰਾ ਜੋ ਕੁਰਾਨ ਸ਼ਰੀਫ ਨਾਜ਼ਲ ਹੋਇਆ, ਮੁਸਲਮਾਨ ਮੰਨਦੇ ਹਨ, ਉਸ ਵਿਚ ਖੁਦਾ ਨੂੰ 'ਰਹਿਮਾਨ' ਤੇ 'ਰਹੀਮ' ਮੰਨਿਆ ਗਿਆ ਹੈ, ਜਿਸ

Namdhari Elibrary NamdhariElibrary@gmail.com

ਦਾ ਮਤਲਬ ਇਹ ਹੈ, ਕਿ ਈਸ਼ੂਰ ਦਿਆਲੂ ਤੇ ਕ੍ਰਿਪਾਲੂ ਹੈ। ਹੁਣ ਵਿਚਾਰ ਯੋਗ ਗੱਲ ਇਹ ਹੈ, ਕਿ ਜਦ ਹਾਕਮੇ ਕੁਲ ਦਿਆਲੂ ਤੇ ਕ੍ਰਿਪਾਲੂ ਹੈ, ਤਾਂ ਉਸ ਦੀ ਉੱਮਤ ਨੂੰ ਨਿਰਦਈ ਤੇ ਕਠੋਰ ਚਿੱਤ ਹੋਣ ਦੀ ਕਿਵੇਂ ਆਗਿਆ ਹੋ ਸਕਦੀ ਹੈ ?

**ਮੋਮਨ**—ਮੁਸਲਮਾਨ ਨੂੰ 'ਮੋਮਨ' ਦਾ ਖ਼ਿਤਾਬ ਦੇਣ ਤੋਂ ਇਹੀ ਮੁਰਾਦ ਹੈ, ਕਿ ਉਸ ਦਾ ਦਿਲ ਦੂਜੇ ਦਾ ਦੁਖ ਦੇਖ ਕੇ ਮੋਮ ਵਾਂਗ ਪੰਘਰ ਜਾਵੇ, ਪਰ ਜਿਹੜਾ ਮੁਸਲਮਾਨ ਬੇ-ਜ਼ਬਾਨਾਂ ਦੇ ਗਲ ਤੇ ਛੁਰੀ ਫੇਰ ਕੇ ਖ਼ੁਸ਼ ਹੁੰਦਾ ਹੈ, ਉਸ ਤੇ 'ਮੋਮਨ' ਦਾ ਅਰਥ ਕਦਾਚਿਤ ਨਹੀਂ ਘਟ ਸਕਦਾ।

(੧) **ਕੁਰਬਾਨੀ**—ਇਸਲਾਮ ਵਿਚ ਕੁਰਬਾਨੀ ਦੇ ਮਸਲੇ ਨੂੰ ਮੁਖ ਰਖ ਕੇ ਮਾਸ ਖਾਣਾ ਰਵਾ ਸਮਝਿਆ ਜਾਂਦਾ ਹੈ, ਪਰੰਤੂ 'ਕੁਰਬਾਨੀ' ਦਾ ਮਸਲਾ ਰੱਬ ਦੇ ਨਾਮ ਤੇ ਆਪਣੀ ਪਿਆਰੀ ਤੋਂ ਪਿਆਰੀ ਸ਼ੈ ਕੁਰਬਾਨ ਕਰਨ ਦੀ ਸਿਖਿਆ ਦੇਂਦਾ ਹੈ। ਕਿਉਂਕਿ ਜਦ ਹਜ਼ਰਤ ਇਬਰਾਹੀਮ ਸਾਹਿਬ ਤੋਂ ਖ਼ੁਦਾ ਨੇ ਪਿਆਰੀ ਤੋਂ ਪਿਆਰੀ ਚੀਜ਼ ਦੀ ਕੁਰਬਾਨੀ ਮੰਗੀ, ਤਾਂ ਆਪ ਨੇ ਊਠ, ਬੱਕਰੀਆਂ, ਆਦਿ ਕਈ ਜਾਨਵਰ ਪੇਸ਼ ਕੀਤੇ, ਜੋ ਕਿ ਪ੍ਰਵਾਨ ਨਾ ਕੀਤੇ ਗਏ। ਆਖ਼ਿਰ ਆਪ ਨੇ ਆਪਣੇ ਪੁੱਤਰ ਇਸਮਾਈਲ ਨੂੰ ਆਪਣੇ ਜਿਗਰ ਦਾ ਟੁਕੜਾ ਸਮਝ ਕੇ ਕੁਰਬਾਨੀ ਵਾਸਤੇ ਪੇਸ਼ ਕੀਤਾ। ਜਦ ਜ਼ਿਬਹ ਕਰਨ ਲਗੇ ਤਾ ਹਜ਼ਰਤ ਜਿਬਰਾਈਲ ਨੇ ਇਸਮਾਈਲ ਦੀ ਥਾਂ ਅਰਸ਼ੀ ਦੁੰਬਾ ਰਖ ਦਿਤਾ। ਓਦੋਂ ਤੋਂ ਕੁਰਬਾਨੀ ਦੀ ਪ੍ਰਥਾ ਪ੍ਰਚਲਤ ਹੋਈ। ਸੋ ਕੁਰਬਾਨੀ ਦੀ ਰੌਸ਼ਨੀ ਵਿਚ, ਪਿਆਰੀ ਤੋਂ ਪਿਆਰੀ ਚੀਜ਼ ਆਪਣੀ ਜਾਨ ਜਾਂ ਆਪਣੇ ਪੁੱਤਰ ਦੀ ਜਾਨ ਕੁਰਬਾਨ ਕਰਨੀ ਰਵਾ ਹੈ, ਨਾ ਕਿ ਬੱਕਰਿਆਂ, ਦੁੰਬਿਆਂ ਤੇ ਗਊਆਂ ਦੀ ਗਰਦਨ ਤੇ ਛੁਰੀ ਫੇਰ ਕੇ ਰਹੀਮ ਤੇ ਰਹਿਮਾਨ ਖੁਦਾ ਦੀ ਪਿਆਰੀ ਮਖਲੂਕ ਨੂੰ ਹਲਾਲ ਕਰਕੇ ਆਪਣੇ ਪੇਟ ਨੂੰ ਕਬਰਖਾਨਾਂ ਬਣਾਣਾ। ਸੂਫ਼ੀ ਮੁਸਲਮਾਨ ਆਪਣੇ ਨਫ਼ਸ ਦੀ ਕੁਰਬਾਨੀ ਨੂੰ ਹੀ ਬੇਹਤਰੀਨ ਕੁਰਬਾਨੀ ਸਮਝਦੇ ਹਨ। ਪਰ ਜੇ ਕੋਈ ਹਜ਼ਰਤ ਇਬਰਾਹੀਮ ਸਾਹਿਬ ਦੀ ਰੀਸੇ ਹੀ ਕੁਰਬਾਨੀ ਕਰਨਾ ਲੋੜੇ ਤਾਂ ਉਸ ਦਾ ਫ਼ਰਜ਼ ਹੈ, ਕਿ ਉਨ੍ਹਾਂ ਦੀ ਤਰ੍ਹਾਂ ਆਪਣੇ ਪੁੱਤਰ ਨੂੰ ਜ਼ਿਬਹ ਕਰਨ ਵਾਸਤੇ ਤਿਆਰ ਹੋ ਜਾਵੇ, ਤੇ ਜੇ ਉਸ ਦੀ ਥਾਂ ਹਜ਼ਰਤ ਜਿਬਰਾਈਲ ਅਰਸ਼ਾਂ ਤੋਂ ਦੁੰਬਾ ਲੈ ਆਵਣ, ਤਾਂ ਸਮਝ ਲਵੋ ਕਿ ਕੁਰਬਾਨੀ ਪ੍ਰਵਾਨ ਹੋ ਗਈ ਹੈ।

Namdhari Elibrary NamdhariElibrary@gmail.com

## (੨) ਹਰਨੀ ਦੀ ਸਾਖੀ

"ਮੌਅਜਜ਼ਾ ਮੁਹੱਮਦੀ" ਵਿਚ ਸ਼ੇਖ਼ ਇਮਾਮੁੱਦੀਨ ਛਾਛੀ ਨੇ ਸਫ਼ਾ ੧੨ ਤੋਂ ੧੬ ਤਕ ਇਕ ਅਜਿਹਾ ਕਿੱਸਾ ਬਿਆਨ ਕੀਤਾ ਹੈ, ਜਿਸ ਨੂੰ ਪੜ੍ਹ ਕੇ ਇਹ ਮੰਨਣਾ ਪੈਂਦਾ ਹੈ, ਕਿ ਹਜ਼ਰਤ ਮੁਹੰਮਦ ਸਾਹਿਬ ਦਾ ਦਿਲ ਜਾਨਵਰਾਂ, ਅਤੇ ਸੰਕਟ ਗ੍ਰਹਤ ਪਸ਼ੂਆਂ ਵਾਸਤੇ ਦਇਆ ਤੇ ਤਰਸ ਦਾ ਚਸ਼ਮਾਂ ਸੀ। ਇਹ ਕਿੱਸਾ — "ਕਸ਼ਫੇ ਕਰਾਮਤ ਹਜ਼ਰਤ ਸੁਅਲੱਲਾਹ ਅਲੈਹਿ ਵਸੱਲਮ" ਵਿਚੋਂ ਪੰਜਾਬੀ ਨਜ਼ਮ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ, ਜਿਸ ਦੇ ਜ਼ਰੂਰੀ ਹਿੱਸੇ ਪਾਠਕਾਂ ਦੇ ਸੌਂਹੇਂ ਰਖੇ ਜਾਂਦੇ ਹਨ :

"ਅਰਬ ਵਲਾਇਤ ਅੰਦਰ ਸੀ, ਇਕ ਜੰਗਲ ਬਹੁਤ ਨੂਰਾਨੀ।
ਕੀ ਤਾਰੀਫ ਕਰਾਂ ਮੈਂ ਉਸ ਦੀ, ਵਾਹ ਕੁਦਰਤ ਸੁਬਹਾਨੀ।
ਇਸ ਜੰਗਲ ਇਕ ਹੈਸੀ ਹਰਨੀ, ਦੋ ਬੱਚੇ ਉਸ ਜਾਏ।
ਨਾਲ ਮੁਹੱਬਤ ਕਰੇ ਦਿਲਾਸਾ, ਘੁਟ ਘੁਟ ਸ਼ੀਰ ਪਿਲਾਏ।
ਇਕ ਦਿਨ ਓਸ ਓਜਾੜੇ ਅੰਦਰ ਕੋਈ ਸ਼ਿਕਾਰੀ ਆਇਆ।
ਜਾਨਵਰਾਂ ਦੇ ਪਕੜਨ ਕਾਰਨ, ਓਸ ਕਮੰਦ ਲਗਾਇਆ।
ਉਸ ਦਿਨ ਹਰਨੀ ਬਚਿਆਂ ਵਾਲੀ, ਚਰਦੀ ਜੰਗਲ ਆਈ।
ਧੋਖਾ ਦੇ ਸ਼ਿਕਾਰੀ ਜ਼ਾਲਿਮ, ਵਿਚ ਕਮੰਦ ਫਸਾਈ।
ਆਜਜ਼ ਹਰਨੀ ਜ਼ੋਰ ਲਗਾਵੇ, ਸਖ਼ਤ ਫਾਹੀ ਨ ਟੁੱਟੇ।
ਲੰਮੀ ਪੈਕੇ ਕਰੇ ਆਵਾਜ਼ਾਂ, ਗਰਦਨ ਧਰਤੀ ਸੁੱਟੇ।
ਐ ਜ਼ਾਲਿਮ ਕੀ ਜ਼ੁਲਮ ਕੀਤੋਈ, ਹਾਂ ਮੈਂ ਬਚਿਆਂ ਵਾਲੀ।
ਨਾਲ ਫਰੇਬ ਅਸੀਰ ਕੀਤੋਈ, ਐ ਮੂਰਖ ਬਦਚਾਲੀ।
ਬਕ ਮੇਰੇ ਦੋ ਭੁਖੇ ਮਰਸਨ, ਤੂੰ ਸਿਰ ਖ਼ੂਨ ਲਿਖਾਵੇਂ।
ਨਾਲ ਅਫਸੋਸ ਅਖੇਂਦੀ ਹਰਨੀ, ਸ਼ਾਲਾ ਰੱਜ ਨਾ ਖਾਵੇਂ।
ਰੋਵੇ ਤੇ ਕੁਰਲਾਵੇ ਹਰਨੀ; ਨਾ ਸੀ ਕੋਲ ਸ਼ਿਕਾਰੀ।
ਦੂਰ ਗਿਆ ਹੋਰ ਮਿਰਿਆਂ ਪਿਛੇ, ਭੁਲ ਗਿਆ ਰਾਹ ਬਾਰੀ।
ਹਰਨੀ ਜ਼ੋਰ ਤਮਾਮ ਲਗਾਇਆ, ਆਖ਼ਿਰ ਵੱਸ ਨਾ ਚਲੇ।
ਆਖੇ ਹਾਰ ਨਸੀਬਾਂ ਦਿਤੀ, ਪੈ ਗਏ ਤੰਦ ਅਵੱਲੇ।

Namdhari Elibrary NamdhariElibrary@gmail.com

## ਪੁਕਾਰ ਹਰਨੀ

ਯਾ ਰੱਬਾ ਇਕ ਵਾਰ ਛੁਡਾਈਂ, ਏਸ ਸਿਤਮ ਦੀ ਫਾਹੀ।
ਬਕ ਮੇਰੇ ਦੋ ਫਿਰਨ ਢੂੰਢੇਂਦੇ, ਜੰਗਲ ਬੂਟੇ ਕਾਹੀ।
ਕੌਣ ਉਨ੍ਹਾਂ ਨੂੰ ਦੁੱਧ ਪਿਲਾਵੇ, ਤੜਫ ਤੜਫ ਮਰ ਜਾਵਨ।
ਜੰਗਲ ਅੰਦਰ ਲੱਖ ਅਫ਼ਾਤਾਂ, ਮਾਰ ਉਨ੍ਹਾਂ ਨੂੰ ਖਾਵਨ।
ਬੱਚਿਆਂ ਦਾ ਅਫ਼ਸੋਸ ਜਿਗਰ ਵਿਚ, ਨੀਰ ਪਲੱਟੇ ਅਖੀਂ।
ਜ਼ਾਮਨ ਤੂੰ ਇਕਰਾਮ ਕੁਨੰਦਾ, ਏਸ ਅਜ਼ਾਬੋਂ ਰੱਖੀਂ।
ਕੌਣ ਉਨ੍ਹਾਂ ਨੂੰ ਸਬਜ਼ੀ ਦੇਵੇ, ਕੌਣ ਦਿਲਾਸਾ ਕਰਸੀ।
ਇਕ ਮੋਇਆ ਤਿਰੇ ਮਾਤਮ ਹੋਸਨ, ਹਰਨੀ ਇਕ ਨਾ ਮਰਸੀ।
ਮੈਥੋਂ ਲਾਲ ਵਿਛੁੰਨੇ ਰੱਬਾ, ਭੀ ਇਕ ਵਾਰ ਮਿਲਾਈਂ।
ਫਾਹੀ ਦੇ ਤਸਦੀਏ ਕੋਲੋਂ, ਮੈਨੂੰ ਆਪ ਛੁਡਾਈਂ।

## ਹਜ਼ਰਤ ਨੂੰ ਵਹੀ

ਹਰਨੀ ਦੀ ਫਰਯਾਦ ਸੁਣੀ ਰੱਬ, ਝਬਦੇ ਵਹੀ ਬੁਲਾਇਆ।
ਹਬੀਬ ਮੇਰੇ ਨੂੰ ਖ਼ਬਰ ਪੁਚਾਈਂ, ਖਾਲਿਕ ਏਹ ਫੁਰਮਾਇਆ।
ਨਾਲ ਸ਼ਿਤਾਬੀ ਹਾਜ਼ਰ ਹੋਇਆ, ਜਬਰਾਈਲ ਉਥਾਈਂ।
ਆਖ ਸਲਾਮ ਦਿਤੀ ਖ਼ੁਸ਼ਖ਼ਬਰੀ, ਪਾਕ ਮੁਹੰਮਦ ਤਾਈਂ।
ਹਰਨੀ ਜੰਗਲ ਫਾਹੀ ਫਾਥੀ, ਕਰਦੀ ਗਿਰੀਆ ਜ਼ਾਰੀ।
ਐ ਨਬੀਆ ਛੁਡਵਾ ਦੇ ਉਸ ਨੂੰ, ਤੋੜ ਕਮੰਦ ਸ਼ਿਕਾਰੀ।
ਜਲਦੀ ਅਮਰ ਬਜਾ ਆਂਦੋਨੇ, ਜੋ ਅੱਲਾ ਫੁਰਮਾਇਆ।
ਨੰਗੇ ਕਦਮ ਉਠਾ ਪੈਗ਼ੰਬਰ, ਤਰਫ਼ ਜੰਗਲ ਦੀ ਧਾਇਆ।
ਆ ਪਹੁੰਚੇ ਉਸ ਜਾਈ ਸਾਹਿਬ, ਢੂੰਡ ਕਰੇਂਦੇ ਬਾਰੀ।
ਫਾਹੀ ਫਾਥੀ ਹਰਨੀ ਡਿਠੀ, ਪਾਸ ਨਹੀਂ ਸ਼ਿਕਾਰੀ।
ਵੇਖਦਿਆਂ ਉਹ ਹਰਨੀ ਕੰਬੀ, ਮਤ ਸ਼ਿਕਾਰੀ ਆਇਆ।
ਕੀ ਜਾਣਾਂ ਕੀ ਹੈ ਮੁਸੀਬਤ, ਧੁਰ ਦਾ ਲੇਖ ਲਿਖਾਇਆ।

Namdhari Elibrary NamdhariElibrary@gmail.com

## ਹੇ ਹਰਨੀ ਨਾ ਡਰ

ਹਜ਼ਰਤ ਕਹਿਆ ਨਾ ਡਰ ਹਰਨੀ, ਮੈਂ ਸੱਯਾਦ ਨ ਤੇਰਾ।
ਦਿਲ ਵਿਚ ਗ਼ੈਰ ਖ਼ਿਆਲ ਨਾ ਰੱਖੀਂ, ਨੇਕ ਇਰਾਦਾ ਮੇਰਾ।
ਹਰਨੀ ਫੇਰ ਕਰੇ ਚਾ ਅਰਜ਼ਾਂ, ਨੇਕ ਦਸੀਵੇਂ ਕੋਈ।
ਕੱਢੀਂ ਪੈਰ ਮੇਰਾ ਇਸ ਫਾਹੀਓਂ, ਨਾਲ ਫਿਰਾਕੇ ਰੋਈ।
ਮੈਂ ਜੰਗਲ ਦਾ ਮਿਰੀਓਂ ਸਾਹਿਬ, ਘਾਹ ਹਮੇਸ਼ਾਂ ਖਾਵਾਂ।
ਭਰ ਕੇ ਪੇਟ ਰਹਾਂ ਨਿੱਤ ਰਾਜ਼ੀ, ਕਿਸੇ ਨਾ ਕੁਝ ਗਵਾਵਾਂ।
ਇਕ ਹਰਨੀ ਦੋ ਬੱਚੇ ਛੋਟੇ, ਨਾਲ ਦਿਲਾਸੇ ਪਾਲਾਂ।
ਸਖ਼ਤੀ ਨਰਮੀ ਜੋ ਕੁਝ ਆਵੇ, ਜੰਗਲ ਦੇ ਵਿਚ ਜਾਲਾਂ।
ਚੌਥਾ ਪਹਿਰ ਫਾਹਿਆ ਕਿਸੇ ਮੈਨੂੰ, ਮੁੜ ਫਿਰ ਆਪ ਨਾ ਆਇਆ।
ਭੁੱਖੇ ਬਕ ਰਹੇ ਵਿਚ ਜੰਗਲ, ਨਾਹੀਂ ਸ਼ੀਰ ਪਿਲਾਇਆ।
ਹੈ ਅਫ਼ਸੋਸ ਮਿਲਾਂ ਇਕ ਵਾਰੀ, ਬੱਚਿਆਂ ਸ਼ੀਰ ਪਿਲਾਵਾਂ।
ਨਾਮ ਅੱਲਾ ਦੇ ਕੱਟੀਂ ਫਾਹੀ, ਦੇਖ ਬਕਾਂ ਨੂੰ ਆਵਾਂ।
ਪਾਕ ਮੁਹੰਮਦ ਫਾਹੀ ਕੱਟੀ, ਹਰਨੀ ਪੈਰ ਛੁਡਾਇਆ।
ਹਰਨੀ ਬਦਲੇ ਸਰਵਰ ਆਲਮ, ਕਦਮ ਮੁਬਾਰਕ ਫਾਹਿਆ।
ਲੈ ਰੁਖਸਤ ਪੈਗ਼ੰਬਰ ਕੋਲੋਂ, ਹਰਨੀ ਪਹੁੰਚੀ ਡੇਰੇ।
ਬੱਚੇ ਦੇਖੇ ਮਿਲੇ ਆ ਦੂਰੋਂ, ਕਰਨ ਆਵਾਜ਼ ਉਚੇਰੇ।
ਜਾਂ ਪੈਗ਼ੰਬਰ ਹਰਨੀ ਕੱਢੀ, ਆਪਣਾ ਕਦਮ ਫਸਾਇਆ।
ਹਰਨੀ ਜਾ ਮਿਲੀ ਫਰਜ਼ੰਦਾਂ, ਬਾਦ ਸ਼ਿਕਾਰੀ ਆਇਆ।
ਫਾਹੀ ਅੰਦਰ ਵੇਖ ਨਬੀ ਨੂੰ, ਬਹੁਤ ਵਧਾਇਉਸ ਗ਼ੁੱਸਾ।
ਗ਼ੁੱਸੇ ਨਾਲ ਕਰੇ ਮੂੰਹ ਟੇਢਾ, ਵੱਢੇ ਆਪਣਾ ਜੁੱਸਾ।
ਦੱਸ ਕਹੇ ਜੇ ਜ਼ਿੰਦਗੀ ਚਾਹੇਂ, ਝਬਦੇ ਮਿਰਯੋਂ ਮੇਰਾ।
ਨਹੀਂ ਤਾਂ ਨਾਲ ਤੀਰ ਇਸ ਵੇਲੇ, ਜੁਦਾ ਕਰਾਂ ਸਿਰ ਤੇਰਾ।

## ਨਬੀ ਦਾ ਜਵਾਬ

ਪਾਕ ਨਬੀ ਨੇ ਹਸ ਫਰਮਾਇਆ, ਨਾ ਕਰ ਲਹਿਰ ਵਧੇਰੀ।
ਪੈਰ ਕੱਢੀਂ ਉਤ ਵੇਲੇ ਫ਼ਾਹੀਓਂ, ਮਿਲੇ ਇਮਾਨਤ ਤੇਰੀ।

Namdhari Elibrary NamdhariElibrary@gmail.com

ਫਾਹੀ ਤੇਰੀ ਹਰਨੀ ਫਾਥੀ, ਐਪਰ ਬੱਚਿਆਂ ਵਾਲੀ।
ਗਿਰੀਆ ਕਰ ਉਸ ਕਿਹਾ ਅਸਾਨੂੰ, ਹੋ ਕੇ ਬਹੁਤ ਸਵਾਲੀ।
ਚਾਰ ਪਹਿਰ ਥੀਂ ਫਾਹੀ ਫਾਥੀ, ਬੱਚਿਆਂ ਸ਼ੀਰ ਨਾ ਪੀਤਾ।
ਇਕ ਘੜੀ ਦਾ ਅਹਿਦ ਮੁਕੱਰਰ, ਹਰਨੀ ਮੈਂ ਥੀਂ ਕੀਤਾ।
ਸ਼ੀਰ ਪਿਲਾ ਫਰਜ਼ੰਦਾਂ ਤਾਈਂ, ਵਤ ਸ਼ਿਤਾਬੀ ਆਵਾਂ।
ਫਾਹੀਓਂ ਕੱਢ ਤੁਸਾਨੂੰ ਸਾਹਿਬ, ਆਪਣਾ ਪੈਰ ਫਸਾਵਾਂ।

## ਮਾਛੀ

ਸੁਣ ਗੁਫਤਾਰ ਨਬੀ ਥੀਂ ਮਾਛੀ, ਆਖੇ ਕੌਣ ਐ ਦਾਨਾਂ।
ਕੌਲ ਇਕਰਾਰ ਬਰਾਬਰ ਕੀਤੇ, ਕਿਸ ਦੇ ਨਾਲ ਹੈਵਾਨਾਂ।
ਜੇ ਕਰ ਵਾਦਾ ਕਰੇ ਵਫਾਈ, ਨਾਲ ਤੁਸਾਡੇ ਹਰਨੀ।
ਮੈਂ ਵੀ ਦੀਨ ਤੁਸਾਡੇ ਅੰਦਰ, ਲਗ ਰਹਾਂਗਾ ਸਰਨੀ।

## ਹਰਨੀ

ਜਾਂ ਮਾਛੀ ਏਹ ਸੁਖਨ ਸੁਣਾਏ, ਸਰਵਰ ਆਲਮ ਤਾਈਂ।
ਉਚਰਾਂ ਨੂੰ ਆ ਹਰਨੀ ਪਹੁੰਚੀ, ਬੱਚਿਆਂ ਸਣੇ ਉਥਾਈਂ।
ਆ ਕੇ ਹਰਨੀਂ ਪਾਕ ਨਬੀ ਦੇ, ਕਦਮੀਂ ਸੀਸ ਨਿਵਾਇਆ।
ਆਖ ਸ਼ਹਾਦਤ ਕਲਮਾਂ ਮੂੰਹ ਥੀਂ, ਸ਼ੀਰੀਂ ਸੁਖਨ ਅਲਾਇਆ।
ਮੈਂ ਆਜਜ਼ ਦੇ ਵਿਛੜੇ ਬੱਚੇ, ਭੀ ਮੁੜ ਤੁਸਾਂ ਮਿਲਾਏ।
ਮੈਂ ਮਸਕੀਨ ਏਹ ਬੱਚੇ ਮੇਰੇ, ਪਾਸ ਤੁਸਾਂ ਦੇ ਆਏ।
ਯਾ ਹਜ਼ਰਤ ਹੁਣ ਸੈਦ ਸ਼ਿਕਾਰੀ, ਮੈਨੂੰ ਕਰੋ ਹਵਾਲੇ।
ਐਪਰ ਮੇਰੇ ਬਕ ਬੇ ਉਜ਼ਰੇ, ਨਾਮ ਖ਼ੁਦਾ ਦੇ ਪਾਲੇ।
ਖ਼ਤਮ ਹੋਈ ਜ਼ਿੰਦਗਾਨੀ ਮੇਰੀ, ਜਿਬਹ ਕਰੇ ਸ਼ਿਕਾਰੀ।
ਪਰ ਅਫ਼ਸੋਸ ਹੈ ਬੱਚਿਆਂ ਸੰਦਾ, ਖ਼ੂਨ ਨੈਣਾਂ ਥੀਂ ਜਾਰੀ।

Namdhari Elibrary NamdhariElibrary@gmail.com

## ਹਰਨੀ ਦੇ ਬੱਚੇ

ਬੱਚੇ ਬੋਲ ਉਠੇ ਉਤ ਵੇਲੇ, ਨਾਲ ਮਾਈ ਦੇ ਮਰਸਾਂ।
ਬਾਝ ਮਾਈ ਦੇ ਜੰਗਲ ਅੰਦਰ, ਕਿਵੇਂ ਇਕੱਲੇ ਚਰਸਾਂ।
ਇਕ ਜੰਗਲ, ਇਕ ਬਾਲ ਅਞਾਣੇ, ਨਾਲ ਨਾ ਆਪਣੀ ਮਾਈ।
ਬਾਝ ਅੱਲਾ ਕੋਈ ਓਟ ਨਾ ਸਾਨੂੰ, ਨਾ ਕੋਈ ਸੱਜਨ ਭਾਈ।
ਜੰਗਲ ਬਰਲ ਦਰਿੰਦੇ ਲੱਖਾਂ, ਹੋਰ ਕਈ ਨੇ ਸ਼ਿਕਾਰੀ।
ਕੂੜ ਹਯਾਤੀ ਮਾਈ ਬਾਝੋਂ, ਕੌਣ ਕਰੇ ਦਿਲਦਾਰੀ।

## ਮਾਛੀ ਤੇ ਅਸਰ

ਮਾਛੀ ਸੁਣ ਮਿਰੀਓਂ ਦੀ ਬਾਤਾਂ, ਦਿਲ ਵਿਚ ਸ਼ੁਕਰ ਗੁਜ਼ਾਰੇ।
ਏਹ ਪੈਗ਼ੰਬਰ ਮੁਰਸਲ ਸੱਚਾ, ਰੌਸ਼ਨ ਹੈ ਜਗ ਸਾਰੇ।
ਮਿਰੀਓਂ ਕਰਨ ਕਲਾਮ ਇਨਸਾਨਾਂ, ਏਹ ਹੁਰਮਤ ਸਰਵਰ ਦੀ।
ਉਸ ਦਾ ਆਖਿਆ ਸਾਹਿਬ ਮੰਨੇ, ਖ਼ਾਤਿਰ ਏਹ ਦਿਲਬਰ ਦੀ।

## ਮਾਛੀ ਦੀ ਬੇਨਤੀ

ਤਾਂ ਫਿਰ ਮਾਛੀ ਅਰਜ਼ੀ ਹੋਇਆ, ਪਾਕ ਮੁਹੰਮਦ ਅਗੇ।
ਜਿੱਨ ਇਨਸਾਨ ਹੈਵਾਨ ਪਰਿੰਦੇ, ਕਹੇ ਤੁਸਾਡੇ ਲਗੇ।
ਮੈਂ ਭੁਲਾ ਹਾਂ ਬਖ਼ਸ਼ੀਂ ਸਾਹਿਬ ਜੋ ਕੁਝ ਹੇ ਗੁਸਤਾਖੀ।
ਸਖ਼ਤ ਕਲਾਮ ਬੇਅਦਬੀ ਵਾਲੀ, ਨਾਲ ਖਤਾਏ ਆਖੀ।
ਤੂੰ ਸਾਹਿਬ ਪੈਗ਼ੰਬਰ ਸੱਚਾ, ਕਲਮਾ ਦੱਸ ਜ਼ਬਾਨੀ।
ਰਾਹ ਸ਼ੈਤਾਨੀ ਮੈਂ ਥੀਂ ਛੁਟੇ, ਭੇਦ ਬਤਾ ਰਹਿਮਾਨੀ।

## ਮਾਛੀ ਨੂੰ ਨਾਮ ਦਾਨ

ਮਾਛੀ ਤਾਈਂ ਪਾਕ ਮੁਹੰਮਦ, ਕਲਮਾ ਸੱਚਾ ਪੜ੍ਹਾਇਆ।
ਅਮਰ ਨਹੀਂ ਜੋ ਹੁਕਮ ਸ਼ਰ੍ਹਾ ਦਾ, ਹੱਕ ਹਕੂਕ ਸਿਖਾਇਆ।

Namdhari Elibrary NamdhariElibrary@gmail.com

ਹਰਨੀ ਜੰਗਲ ਰੁਖਸਤ ਕੀਤੀ, ਨਾਲ ਦੋਵੇਂ ਤਿਸ ਬੱਚੇ।
ਵਾਹ ਸ਼ਾਬਾਸ਼ ਰਵਾਨਾਂ ਹੋਈ, ਵਾਹ ਪੈਗ਼ੰਬਰ ਸੱਚੇ।

ਇਸ ਕਹਾਣੀ ਤੋਂ ਹਜ਼ਰਤ ਮੁਹਮਦ ਸਾਹਿਬ ਦਾ ਖ਼ੁਦਾ ਦੇ ਹੁਕਮ ਨਾਲ ਜਾਨਵਰਾਂ ਤੇ ਤਰਸ ਖਾ ਕੇ ਉਹਨਾਂ ਦੀ ਥਾਂ ਆਪਣੇ ਆਪ ਨੂੰ ਸ਼ਿਕਾਰੀ ਦੇ ਜਾਲ ਵਿਚ ਫਸਾਣਾ, ਸ਼ਿਕਾਰੀ ਤੇ ਆਪਣੀ ਰੱਬੀ ਤਾਕਤ ਦਾ ਅਸਰ ਪਾ ਕੇ ਹਰਨੀ ਨੂੰ ਬੱਕਿਆਂ ਸਮੇਤ ਸ਼ਿਕਾਰੀ ਦੇ ਅਜ਼ਾਬ ਤੋਂ ਛੁਡਾਣਾਂ, ਤੇ ਮਾਛੀ ਤੋਂ ਇਹ ਭੈੜਾ ਕੰਮ ਛੁਡਾ ਕੇ ਰੱਬ ਦੀ ਇਬਾਦਤ ਵਿਚ ਲਗਾਣਾ ਇਸ ਗੱਲ ਨੂੰ ਸਾਬਿਤ ਕਰਦਾ ਹੈ ਕਿ ਆਪ ਪਰਲੇ ਦਰਜੇ ਦੇ ਅਹਿੰਸਕ ਅਤੇ ਦਿਆਲੂ ਵਿਅਕਤੀ ਸਨ, ਜੋ ਕਿ ਜੀਆਂ ਦਾ ਦੁਖ ਨਿਵਿਰਤ ਕਰਨ ਲਈ ਆਪਣੇ ਆਪ ਨੂੰ ਸ਼ਿਕਾਰੀਆਂ ਦੇ ਜਾਲ ਵਿਚ ਫਸਾਣ ਤੋਂ ਵੀ ਸੰਕੋਚ ਨਹੀਂ ਕਰਦੇ ਸਨ। ਹਦੀਸ ਵਿਚ ਇਸ ਵਿਸ਼ੇ ਬਾਬਤ ਏਥੋਂ ਤਕ ਲਿਖਿਆ ਮਿਲਦਾ ਹੈ ਕਿ — "ਜਨਾਬ ਰਿਸਾਲਤ ਮਆਬ ਸੁਅੱਲਲਾਹ ਅਲਹਿ ਵਸੱਲਮ ਨੇ ਫੁਰ-ਮਾਇਆ ਹੈ, ਕਿ ਤਮਾਮ ਮਖ਼ਲੂਕ ਅੱਲਾ ਕੀ ਔਲਾਦ ਹੈ, ਇਸ ਲੀਏ ਇਨ-ਸਾਨ ਕੋ ਚਾਹੀਏ ਕਿ ਜੈਸੀ ਹਮਦਰਦੀ ਅਪਨੀ ਔਲਾਦ ਸੇ ਕਰੇ, ਵੈਸੀ ਹੀ ਤਮਾਮ ਮਖ਼ਲੂਕ ਕੇ ਸਾਥ ਕਰੇ।"

(੩) ਮਾਸਕ ਪੱਤ੍ਰ — "ਵਿਸ਼ਵ-ਬਾਣੀ" ਅਲਾਹਬਾਦ ਦੇ ਮਈ ਸੰ ੧੯੪੧ ਈ: ਦੇ ਪਰਚੇ ਵਿਖੇ "ਸਾਂਪ੍ਰਦਾਇਕ ਏਕਤਾ" ਦੇ ਸਿਰਲੇਖ ਹੇਠ ੬ ਸਫ਼ਿਆਂ ਦਾ ਇਕ ਲੇਖ ਪ੍ਰਕਾਸ਼ਤ ਹੋਇਆ ਹੈ। ਲੇਖਕ ਸ੍ਰੀ ਯੁਤ ਡਾਕਟਰ ਮੈਂਹਦੀ ਹੁਸੈਨ ਐਮ. ਏ. ਪੀ-ਐਚ. ਡੀ. ਲਿਟ ਨੇ ਆਪਣੇ ਇਸ ਲੇਖ ਵਿਚ ਅਹਿੰਸਾ ਦਾ ਜ਼ਿਕਰ ਕਰਦਿਆਂ ਹੋਇਆਂ ਲਿਖਿਆ ਹੈ, ਕਿ — "ਕਿਸੇ ਪ੍ਰਕਾਰ ਦੀ ਜ਼ਬਰਦਸਤੀ, ਹਮਲਾ, ਅਤਿਆਚਾਰ, ਨਰ ਹੱਤਿਆ ਜਾਂ ਕਤਲ ਦੀ ਆਗਿਆ ਦੇਣੀ ਤਾਂ ਰਹੀ ਦੂਰ, ਇਸਲਾਮ ਅਹਿੰਸਾ ਤੇ ਜ਼ੋਰ ਦੇਂਦਾ ਹੈ। ਬਹੁਤ ਸਾਰੇ ਪ੍ਰਮੁਖ ਸੂਫ਼ੀਆਂ ਨੇ ਮਾਸਾਹਾਰ ਨੂੰ ਮਨ੍ਹਾ ਕੀਤਾ, ਅਤੇ ਪਸ਼ੂ ਹੱਤਿਆ ਦੇ ਰਵਾਜ ਨੂੰ ਉਹ ਪਸੰਦ ਨਹੀਂ ਕਰਦੇ ਸਨ। ਖ਼ੁਦ ਪੈਗ਼ੰਬਰ ਅਤੇ ਉਨ੍ਹਾਂ ਦੀ ਇਕਲੌਤੀ ਬੇਟੀ, ਉਨ੍ਹਾਂ ਦੀ ਅਹਿਲਿ ਬੈਤ ਫ਼ਾਤਿਮਾਂ, ਉਸ ਦਾ ਪਤੀ ਅਲੀ ਅਤੇ ਉਨ੍ਹਾਂ ਦੇ ਬੇਟੇ ਹਸਨ ਤੇ ਹੁਸੈਨ ਆਮ ਤੌਰ ਤੇ ਜੌਂ ਖਾ ਕੇ ਰਹਿੰਦੇ ਸਨ ਉਨ੍ਹਾਂ ਦੇ ਖਾਣੇ ਵਿਚ ਨਿਯਮ ਪੂਰਵਕ ਜੌਂ ਦੀ ਰੋਟੀ, ਲੂਣ, ਤੇਲ ਅਤੇ ਦੁਧ

Namdhari Elibrary NamdhariElibrary@gmail.com

ਹੁੰਦਾ ਸੀ, ਅਤੇ ਇਹ ਖਾਣਾ ਵੀ ਉਨ੍ਹਾਂ ਨੂੰ ਸਦਾ ਨਹੀਂ ਮਿਲਦਾ ਸੀ।"

(ਪੰਨਾ ੫੧੪ ਕਾਲਮ ੩ ਪੇਰਾ ੩)

ਅੱਗੇ ਸਫ਼ਾ ੫੧੫ ਕ਼ਾਲਮ ਪਹਿਲੇ ਵਿਖੇ ਡਾਕਟਰ ਮੈਂਹਦੀ ਹੁਸੈਨ ਸਾਹਿਬ ਲਿਖਦੇ ਹਨ —

"ਪੈਗ਼ੰਬਰ ਮਨੁੱਖ ਮਾਤਰ ਦੇ ਰਹਿਨੁਮਾ ਹੋਣ ਦੀ ਹੈਸੀਅਤ ਵਿਚ ਆਏ, ਅਤੇ ਉਨ੍ਹਾਂ ਨੇ ਇਸ ਹੈਸੀਅਤ ਨਾਲ ਆਪਣੇ ਧਰਮ ਅਵਲੰਬੀਆਂ ਨੂੰ ਅਹਿੰਸਾ ਦਾ ਅਦੇਸ਼ ਕੀਤਾ। ਉਨ੍ਹਾਂ ਨੇ ਕਿਹਾ 'ਕ ਪ੍ਰਮਾਤਮਾ ਨੇ ਉਨ੍ਹਾਂ ਨੂੰ ਇਸ ਪ੍ਰਿਥਵੀ ਤੇ ਖ਼ਾਸ ਹੁਕਮ ਦੇ ਕੇ ਭੇਜਿਆ ਹੈ **"ਹਮ ਨੇ ਤੁਮ੍ਹੇ ਦੁਨੀਆ ਪਰ ਸਿਰਫ਼ ਰਹਿਮ ਕਰਨੇ ਕੇ ਲੀਏ** ਭੇਜਾ ਹੈ।" (੨੧-੧੦੭)

ਦੂਜੇ ਪੈਰੇ ਵਿਚ ਆਪ ਲਿਖਦੇ ਹਨ :—

"ਮੁਹੰਮਦ ਨੇ ਪਸ਼ੂਓਂ ਕੋ ਭੀ ਦੁਖ ਦੇਨੇ ਔਰ ਚੋਟ ਪਹੁੰਚਾਨੇ ਕੋ ਮਨ੍ਹਾ ਕੀਆ ਹੈ — 'ਅਗਰ ਕੋਈ ਸ਼ਖਸ ਕਿਸੀ ਗੌਰੱਯਾ ਚਿੜੀਆ ਕੋ ਭੀ ਯਾ ਕਿਸੀ ਔਰ ਕੋ ਮਾਰਤਾ ਹੈ, ਤੋ ਖ਼ੁਦਾ ਇਸ ਬਾਰੇ ਮੇਂ ਜਵਾਬ ਤਲਬ ਕਰੇਗਾ। ਜੋ ਖ਼ੁਦਾ ਕੇ ਪੈਦਾ ਕੀਏ ਹੂਓਂ ਪਰ ਰਹਿਮ ਕਰਤਾ ਹੈ ਖ਼ੁਦਾ ਉਸ ਪਰ ਰਹਿਮ ਕਰਤਾ ਹੈ, ਪ੍ਰਮਾਤਮਾ ਕੇ ਸਮਸਤ ਪ੍ਰਾਣੀ ਉਸ ਕਾ ਪ੍ਰਵਾਰ ਹੈਂ, ਕਿਉਂਕਿ ਵਹ ਉਸ ਕੇ ਸਹਾਰੇ ਜੀਤੇ ਹੈਂ। ਇਸ ਲੀਏ ਅੱਲਾ ਕਾ ਸਭ ਸੇ ਪਿਆਰਾ ਵੁਹੀ ਸ਼ਖਸ ਹੈ ਜੋ ਅੱਲਾ ਕੇ ਪ੍ਰਵਾਰ ਕੇ ਸਾਥ ਭਲਾਈ ਕਰਤਾ ਹੈ। ਅੱਲਾ ਸਭ ਸੇ ਜ਼ਿਆਦਾ ਕਿਸ ਕੋ ਪਸੰਦ ਕਰਤਾ ਹੈ ?

ਸਭ ਸੇ ਪਹਿਲੇ ਉਸੀ ਕੋ, ਜੋ ਉਸ ਕੇ ਪ੍ਰਾਣੀਓਂ ਕੇ ਸਾਥ ਸਭ ਸੇ ਜ਼ਿਆਦਾ ਭਲਾਈ ਕਰਤਾ ਹੈ।'

ਪੈਗ਼ੰਬਰ ਆਗੇ ਚਲ ਕਰ ਕਹਿਤੇ ਹੈਂ — "ਇਨ ਜਾਨਵਰੋਂ ਕੀ ਨਿਸਬਤ ਖ਼ੁਦਾ ਸੇ ਡਰੋ। ਜਬ ਵੇ ਸਵਾਰੀ ਕੇ ਕਾਬਿਲ ਹੋਂ, ਤਬੀ ਉਨ ਪਰ ਸਵਾਰੀ ਕਰੋ, ਔਰ ਜਿਸ ਵਕਤ ਵੇ ਥਕ ਜਾਏਂ ਉਸੀ ਵਕਤ ਉਨ ਪਰ ਸੇ ਉਤਰ ਪੜੋ।"

"ਇਕ ਦਿਨ ਆਪਣੀ ਯਾਤਰਾ ਦੇ ਸਿਲਸਿਲੇ ਵਿਚ ਮੁਹੰਮਦ ਇਕ ਉਚਿਤ ਅਸਥਾਨ ਵੇਖ ਕੇ ਨਿਮਾਜ਼ ਪੜ੍ਹਨ ਲਈ ਉਤਰੇ, ਪਰ ਉਨ੍ਹਾਂ ਨੇ ਉਸ ਵੇਲੇ ਤਕ ਆਪਣੀ ਨਿਮਾਜ਼ ਨਹੀਂ ਪੜ੍ਹੀ ਜਦ ਤਕ ਊਠ ਦੀ ਕਾਠੀ ਨਹੀਂ ਖੋਲ੍ਹ ਦਿਤੀ।"

ਪਹਿਲੇ ਕਾਲਮ ਦੇ ਅੰਤਮ ਪੈਰੇ ਵਿਚ ਡਾਕਟਰ ਸਾਹਿਬ ਲਿਖਦੇ ਹਨ,

Namdhari Elibrary NamdhariElibrary@gmail.com

ਪੈਗ਼ੰਬਰ ਨੇ ਆਪਣੇ ਪੈਰੋਆਂ ਨੂੰ ਪੁਛਿਆ — "ਕੀ ਤੁਸੀਂ ਆਪਣੇ ਸਿਰਜਣ-ਹਾਰ ਨਾਲ ਪਿਆਰ ਕਰਦੇ ਹੋ ? ਤਾਂ ਤੁਹਾਨੂੰ ਪਹਿਲੋਂ ਉਸ ਦੇ ਪ੍ਰਾਣੀਆਂ ਨਾਲ ਪਿਆਰ ਕਰਨਾ ਚਾਹੀਦਾ ਹੈ।" ਅਗੇ ਆਪ ਲਿਖਦੇ ਹਨ — "ਉਹ ਮਨੁੱਖਾ ਦੇ ਅਧਿਕਾਰ ਦੇ ਨਾਲ ਨਾਲ ਜਾਨਵਰਾਂ ਦੇ ਅਧਿਕਾਰ ਤੇ ਵੀ ਜ਼ੋਰ ਦਿੰਦੇ ਸਨ। ਨਿਰਸੰਦੇਹ ਇਨ੍ਹਾਂ ਬੇ-ਜ਼ਬਾਨ ਪਸ਼ੂਆਂ ਤੇ ਉਪਕਾਰ ਕਰਨ ਤੇ ਉਨ੍ਹਾਂ ਨੂੰ ਪਾਣੀ ਪਿਲਾਣ ਦਾ ਸਾਨੂੰ ਇਨਾਮ ਮਿਲੇਗਾ।'

ਅਗੇ ਇਸੇ ਪੰਨੇ (੫੧੫) ਦੇ ਦੂਜੇ ਕਾਲਮ ਵਿਚ ਲਿਖਿਆ ਹੈ—"ਆਪਣੇ ਉਪਦੇਸ਼ਾਂ ਦੀ ਪੈਰਵੀ ਵਿਚ ਪੈਗ਼ੰਬਰ ਨੇ ਇਕ ਵਿਭਚਾਰਨੀ ਇਸਤਰੀ ਨੂੰ ਇਸ ਲਈ ਮਾਫ਼ ਕਰ ਦਿਤਾ ਸੀ, ਕਿ ਉਸ ਨੇ ਇਕ ਕੁੱਤੇ ਤੇ ਦਇਆ ਵਖਾਈ ਸੀ। ਉਹ ਆਪਣੀ ਜੀਭ ਕੱਢ ਕੇ ਪਿਆਰ ਦੇ ਕਾਰਨ ਕਰੀਬ ਕਰੀਬ ਮਰ ਰਿਹਾ ਸੀ। ਉਸ ਇਸਤਰੀ ਨੇ ਆਪਣੀ ਜੁੱਤੀ ਖੋਹਲ ਕੇ ਆਪਣੇ ਪੱਲੇ ਨਾਲ ਬੰਨ੍ਹ ਕੇ ਖੂਹ ਵਿਚ ਲਮਕਾਈ, ਅਤੇ ਪਾਣੀ ਕੱਢ ਕੇ ਕੁੱਤੇ ਨੂੰ ਪਿਲਾਇਆ, ਅਤੇ ਪੈਗ਼ੰਬਰ ਨੇ ਇਸ ਪੁੰਨ ਦੇ ਕਾਰਨ ਉਸ ਨੂੰ ਵਿਭਚਾਰ ਦੋਸ਼ ਤੋਂ ਬਖਸ਼ ਦਿਤਾ।"

ਅਗੇ ਚਲ ਕੇ ਪੈਰਾ ਨੰ: ੩ ਵਿਚ ਡਾਕਟਰ ਸਾਹਿਬ ਲਿਖਦੇ ਹਨ — "ਕੁਰਾਨ ਮਨੁੱਖ ਜੀਵਨ ਅਤੇ ਪਸ਼ੂ ਦੇ ਜੀਵਨ ਨੂੰ ਇਕੋ ਜੇਹਾ ਮਹੱਤ ਦੇਂਦਾ ਹੈ।"

ਦੁਨੀਆ ਦਾ ਹਰ ਪਸ਼ੂ ਅਤੇ ਪਰਾਂ ਨਾਲ ਉਡਣ ਵਾਲਾ ਪੰਖੀ ਮਨੁੱਖਾਂ ਵਾਂਗ ਹੀ ਹੈ, ਅਤੇ ਉਹ ਸਭ ਪ੍ਰਮਾਤਮਾ ਦੇ ਪਾਸ ਵਾਪਸ ਜਾਣਗੇ।

ਪੰਨਾ ੫੧੬ ਦੇ ਕਾਲਮ ੧ ਵਿਖੇ ਲਿਖਦੇ ਹਨ ਕਿ — "ਇਕ ਵਾਰ ਪੈਗ਼ੰਬਰ ਨੇ ਵੇਖਿਆ ਕਿ ਕੁਝ ਲੋਕ ਇਕ ਛੱਤਰੇ ਤੇ ਤੀਰ ਦਾ ਨਿਸ਼ਾਨਾ ਬੰਨ੍ਹ ਰਹੇ ਹਨ। ਉਨ੍ਹਾਂ ਨੂੰ ਇਹ ਦ੍ਰਿਸ਼ ਵੇਖ ਕੇ ਨਫ਼ਰਤ ਹੋਈ ਅਤੇ ਉਨ੍ਹਾਂ ਨੇ ਤੀਰੰ-ਦਾਜ਼ੀ ਬੰਦ ਕਰਾ ਦਿਤੀ। ਉਨ੍ਹਾਂ ਨੇ ਫੁਰਮਾਇਆ :

"ਗ਼ਰੀਬ ਪਸ਼ੂ ਨੂੰ ਅੰਗ ਹੀਨ ਨਾ ਕਰੋ।"

ਇਕ ਦੂਜੇ ਮੌਕੇ ਤੇ ਆਪ ਨੇ ਕਿਹਾ ਕਿ — "ਕਿਸੇ ਜਾਨਦਾਰ ਦੀ ਜ਼ਿੰਦਗੀ (ਤੀਰ ਨਾਲ) ਨਿਸ਼ਾਨਾ ਲਾ ਕੇ ਨਾ ਲਵੋ।" ਬੰਨ੍ਹ ਕੇ ਤੇ ਕੱਸ ਕੇ ਕਿਸੇ ਦੀ ਵੀ ਜਾਨ ਲੈਣ ਤੋਂ ਪੈਗ਼ੰਬਰ ਨੇ ਮਨ੍ਹਾਂ ਕੀਤਾ ਹੈ। ਉਨ੍ਹਾਂ ਨੇ ਜਾਨਵਰਾਂ ਨੂੰ ਆਪਸ ਵਿਚ ਲੜਾਣ ਦੀ ਵੀ ਮਨਾਹੀ ਕੀਤੀ।"

ਇਸੇ ਸਫ਼ੇ (੫੧੬) ਦੇ ਦੂਜੇ ਕਾਲਮ ਦੇ ਅੰਤਮ ਪੈਰੇ ਵਿਚ ਲਿਖਿਆ ਹੈ ਕਿ :

Namdhari Elibrary NamdhariElibrary@gmail.com

"ਪੈਗ਼ੰਬਰ ਨੇ ਸ਼ਿਕਾਰੀਆਂ ਨੂੰ ਜੀਉਂਦੇ ਪੰਛੀਆਂ ਤੇ ਨਿਸ਼ਾਨਾ ਲਗਾਣ ਲਈ ਮਨ੍ਹਾ ਕੀਤਾ ਅਤੇ ਉਨ੍ਹਾਂ ਲੋਕਾਂ ਤੇ ਇਤਰਾਜ਼ ਕੀਤਾ, ਜੋ ਆਪਣੇ ਊਠਾਂ ਨਾਲ ਬੁਰਾ ਸਲੂਕ ਕਰਦੇ ਸਨ। ਜਦ ਉਨ੍ਹਾਂ ਦੇ ਕੁਝ ਪੈਰੋਆਂ ਨੇ ਸਿਉਂਕ ਦੇ ਘਰ ਨੂੰ ਅੱਗ ਲਾ ਦਿਤੀ, ਤਾਂ ਉਨ੍ਹਾਂ ਨੇ ਉਸ ਨੂੰ ਬੁਝਾਣ ਵਾਸਤੇ ਮਜਬੂਰ ਕੀਤਾ। ਪਹਿਲੋਂ ਮਰ ਗਏ ਪੁਰਸ਼ ਦੇ ਊਠ ਨੂੰ ਵੀ ਉਸ ਦੀ ਕਬਰ ਦੇ ਪਾਸ ਬੰਨ੍ਹ ਆਉਂਦੇ ਸਨ, ਜੋ ਭੁਖਾ ਤਿਹਾਇਆ ਮਰ ਜਾਂਦਾ ਸੀ। ਇਹ ਰਿਵਾਜ ਆਪ ਨੇ ਬੰਦ ਕਰ ਦਿਤਾ। ਪਹਿਲੋਂ ਨਜ਼ਰ ਤੋਂ ਬਚਾਉਣ ਲਈ ਇੱਜੜ ਵਿਚੋਂ ਕਈ ਭੇਡਾਂ ਅੰਨ੍ਹੀਆਂ ਕਰ ਦੇਂਦੇ ਸਨ। ਇਹ (ਰਿਵਾਜ) ਵੀ ਰੋਕ ਦਿਤਾ ਗਿਆ। ਪਹਿਲੋਂ ਬਾਰਸ਼ ਹੋਣ ਵਾਸਤੇ ਬੈਲਦਾਂ ਦੀ ਪੂਛ ਨਾਲ ਬਲੀ ਹੋਈ ਮਸ਼ਾਲ ਬੰਨ੍ਹ ਕੇ ਉਨ੍ਹਾਂ ਨੂੰ ਖੁਲ੍ਹਾ ਛਡ ਦੇਂਦੇ ਸਨ, ਇਹ ਵੀ ਬੰਦ ਕਰ ਦਿਤਾ। ਘੋੜੇ ਦੇ ਮੂੰਹ ਤੇ ਮਾਰਨਾ ਬਦ ਕਰ ਦਿਤਾ ਗਿਆ...ਖੋਤਿਆਂ ਦੇ ਮੂੰਹ ਤੇ ਦਾਗਣਾਂ ਤੇ ਮਾਰਨਾ ਬੰਦ ਕਰ ਦਿਤਾ ਗਿਆ।"

'ਵਿਸ਼ਵ ਬਾਣੀ' ਵਿਖੇ ਪਰਕਾਸ਼ਿਤ ਹੋਏ ਡਾਕਟਰ ਮੋਹਦੀ ਹੁਸੈਨ ਐਮ. ਏ. ਪੀ-ਐਚ. ਡੀ. ਲਿਟ. ਦੇ ਉਤਲੇ ਲੇਖ ਅਤੇ ਮੋਅਜਜ਼ਾ ਮੁਹੰਮਦੀ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਸਲਾਮ ਦੀ ਅਸਲੀ ਤਾਲੀਮ ਦੇ ਚਾਨਣੇ ਵਿਚ ਮਨੁੱਖ ਨੂੰ ਅਹਿੰਸਕ ਹੋਣਾ ਚਾਹੀਦਾ ਹੈ। ਮੁਹੰਮਦ ਸਾਹਿਬ ਨੂੰ ਬਕੌਲ ਡਾਕਟਰ ਮੇਹਦੀ ਹੁਸੈਨ ਜਾਨਵਰਾਂ ਤੇ ਇੰਨਾ ਤਰਸ ਆਉਂਦਾ ਸੀ, ਕਿ ਉਹ ਉਨ੍ਹਾਂ ਦੀ ਜ਼ਰਾ ਜਿੰਨੀ ਵੀ ਤਕਲੀਫ਼ ਸਹਿ ਨਹੀਂ ਸਨ ਸਕਦੇ, ਅਤੇ ਉਨ੍ਹਾਂ ਤੇ ਰਹਿਮ ਕਰਨ ਦੀ ਨਾ ਕੇਵਲ ਸਿਖਿਆ ਹੀ ਦੇਂਦੇ ਸਨ, ਸਗੋਂ ਰਹਿਮ ਕਰਨ ਵਾਲਿਆਂ ਦੇ ਗੁਨਾਹ ਵੀ ਬਖ਼ਸ਼ ਦੇਂਦੇ ਸਨ।

(੪) ਹਜ਼ਰਤ ਸ਼ੇਖ ਸਾਅਦੀ ਈਰਾਨ ਦੇ ਇਕ ਜਗਤ ਵਿਖਿਆਤ ਮਹਾਤਮਾ, ਆਲਿਮ ਤੇ ਫ਼ਾਜ਼ਿਲ ਹੋ ਗੁਜ਼ਰੇ ਹਨ। ਆਪ ਫ਼ਾਰਸੀ ਦੇ ਉਚ ਕੋਟੀ ਦੇ ਕਵੀ ਸਨ। ਆਪ ਨੇ ਗੁਲਿਸਤਾਂ, ਬੋਸਤਾਂ ਆਦਿ, ਕਈ ਕਿਤਾਬਾਂ ਫ਼ਾਰਸੀ ਵਿਚ ਰਚੀਆਂ, ਉਨ੍ਹਾਂ ਵਿਚ ਮਨੁੱਖ ਦੇ ਭਲੇ ਵਾਸਤੇ ਕਾਫ਼ੀ ਉਪਦੇਸ਼ ਮੌਜੂਦ ਹਨ। ਆਪ ਨੇ ਆਪਣੀ ਕਿਤਾਬ ਗੁਲਿਸਤਾਂ ਵਿਚ ਹੁਮਾ ਪੰਛੀ ਦੀ ਉਪਮਾਂ ਵਿਚ ਇਕ ਅਤੀ ਉੱਤਮ ਸ਼ੇਅਰ ਲਿਖਦਿਆਂ ਹੋਇਆਂ ਅਹਿੰਸਾ ਦੀ ਪ੍ਰਸੰਸਾ ਕੀਤੀ ਹੈ। ਆਪ ਲਿਖਦੇ ਹਨ, ਕਿ 'ਹੁਮਾ ਪੰਛੀ ਨੂੰ ਸਾਰੇ ਪੰਛੀਆਂ ਤੇ ਵਡਿਆਈ ਇਸ ਲਈ ਪ੍ਰਾਪਤ ਹੈ, ਕਿ ਉਹ ਸੁਕੀਆਂ ਹੱਡੀਆਂ ਖਾਂਦਾ ਹੈ, ਤੇ ਕਿਸੇ ਪੰਛੀ ਨੂੰ

Namdhari Elibrary NamdhariElibrary@gmail.com

ਦੁਖ ਨਹੀਂ ਦੇਂਦਾ—"ਹੁਮਾ ਬਰ ਹਮਾ ਮੁਰਗਾਂ ਅਜ਼ਾਂ ਸ਼ਰਫ਼ ਦਾਰਦ। ਕਿ ਉਸਤਖਾਂ ਖ਼ੁਰਦ, ਵ ਤਾਇਰੇ ਨਿਆ ਜ਼ਾਰਦ"। ਕਿਸੇ ਹਿੰਦੀ ਦੇ ਕਵੀ ਨੇ ਇਸ ਦਾ ਬਹੁਤ ਸੁੰਦਰ ਅਨੁਵਾਦ ਕਰਦਿਆਂ ਹੋਇਆਂ ਕਿਹਾ ਹੈ :

"ਸੂਖੇ ਅਸਥਨ ਚੁਗਤ ਜੋ ਜੀ ਨ ਦੁਖਾਵੈ ਕੋਇ।
ਤਿਸ ਪੰਛੀ ਕੀ ਛਾਇ ਪਰ ਕਿਉਂ ਨਾ ਛਤ੍ਰਪਤਿ ਹੋਇ।'

## ਜਗਤ ਪ੍ਰਸਿੱਧ ਡਾਕਟਰਾਂ ਤੇ ਵਿਦਵਾਨਾਂ ਦੇ ਫ਼ੈਸਲੇ

(੧) ਬੰਗਾਲ ਗਵਰਮੈਂਟ ਦੇ ਕਾਇਮ ਮੁਕਾਮ ਕੈਮੀਕਲ ਐਗਜ਼ੈਮੀਨਰ ਰਾਏ ਬਹਾਦੁਰ ਡਾਕਟਰ ਚੂਨੀ ਲਾਲ ਬੋਸ ਆਈ. ਐਸ. ਓ. ਐਮ. ਬੀ ਐਫ਼. ਸੀ ਐਸ ਨੇ ਸੰਨ ੧੯੧੯ ਈ: ਨੂੰ ਸਾਇੰਸ ਕਨਵੈਨਸ਼ਨ ਦੇ ਸਾਹਮਣੇ ਇਕ ਬਿਆਨ ਪੜ੍ਹਿਆ ਸੀ, ਜਿਸ ਦੇ ਪੰਨਾ ੧੦੪ ਵਿਚ ਉਨ੍ਹਾਂ ਕਿਹਾ ਸੀ :

"ਇਕ ਸਮਾਂ ਸੀ ਜਦ ਮਾਸ ਸਭ ਤੋਂ ਵਧ ਤਾਕਤ ਪੈਦਾ ਕਰਨ ਵਾਲੀ ਖ਼ੁਰਾਕ ਸਮਝੀ ਜਾਂਦੀ ਸੀ, ਪਰ ਹੁਣ ਇਹ ਖ਼ਿਆਲ ਬਦਲ ਗਿਆ ਹੈ।... ਸਾਡੀ ਰੋਜ਼ਾਨਾ ਖ਼ੁਰਾਕ ਵਿਚ ਰੋਟੀ, ਚੌਲ, ਘਿਓ, ਮੱਖਣ, ਬਨਸਪਤੀ ਤੇਲ, ਅਤੇ ਅਤੇ ਸ਼ੱਕਰ ਬਹੁਤਾ ਕੰਮ ਕਰਨ ਵਾਸਤੇ ਸਭ ਤਰ੍ਹਾਂ ਦੀ ਤਾਕਤ ਨੂੰ ਪੈਦਾ ਕਰਦੇ ਹਨ।"

(ਅ) ਇਹੀ ਡਾਕਟਰ ਬੋਸ ਆਪਣੇ ਰਸਾਲੇ "ਹੈਲਥ ਐਂਡ ਹੈਪੀਨਸ" ਕਲਕੱਤਾ, ਬਾਬਤ ਅਕਤੂਬਰ ੧੯੨੦ ਲਿਖਦੇ ਹਨ :

"ਹਿੰਦੁਸਤਾਨ ਦੀ ਵਸੋਂ ਦਾ ਬਹੁਤ ਵੱਡਾ ਹਿੱਸਾ ਮੱਛ ਤੇ ਮਾਸ ਨੂੰ ਛੋਂਹਦਾ ਤਕ ਨਹੀਂ। ਉਨ੍ਹਾਂ ਦੀ ਖ਼ੁਰਾਕ ਵਿਚ ਪ੍ਰੋਟੀਨ ਵਾਲੀਆਂ ਸਭ ਤੋਂ ਵਧੀਆ ਚੀਜ਼ਾਂ ਦੁੱਧ ਜਾਂ ਦਹੀਂ ਤੋਂ ਬਣੀਆਂ ਹੋਈਆਂ ਹਨ।

(੨) ਡਾਕਟਰ ਰਾਬਰਟ ਏ. ਐਮ. ਬੀ. ਬੀ. ਐਸ. ਸੀ. ਸੀ. ਲੰਡਨ ਆਪਣੀ ਪੁਸਤਕ "ਫ਼ਸਟ ਸਟੇਜ ਹਾਈਜੀਨ" ਦੇ ਪੰਨਾ ੯੬ ਤੇ ਲਿਖਦੇ ਹਨ :

"ਆਮ ਦਾਲਾਂ, ਮਟਰ, ਲੋਬੀਆ, ਤੇ ਮਸਰ ਹਨ। ਇਹ ਹੋਰ ਭਾਜੀਆਂ ਨਾਲੋਂ ਵਿਸ਼ੇਸ਼ਤਾ ਰਖਦੀਆਂ ਹਨ, ਕਿਉਂਕਿ ਇਨ੍ਹਾਂ ਵਿਚ ਹੋਰ ਭਾਜੀਆਂ ਨਾਲੋਂ ਪ੍ਰੋਟੀਨ ਸਭ ਤੋਂ ਵਧੇਰੇ ਹੁੰਦੀ ਹੈ। ਸਾਡੀਆਂ ਸਭ ਖ਼ੁਰਾਕਾਂ ਵਿਚੋਂ ਬਿਨਾਂ ਪਨੀਰ ਦੇ ਇਹ ਸਭ ਤੋਂ ਵਧੀਕ ਪ੍ਰੋਟੀਨ ਵਾਲੀ ਖ਼ੁਰਾਕ ਹੈ।"

Namdhari Elibrary NamdhariElibrary@gmail.com

(੩) ਡਾਕਟਰ ਟਾਮਸਨ ਡਿਟਨ ਕਹਿੰਦੇ ਹਨ : "ਫਲਾਂ ਵਿਚ ੮੦ ਫ਼ੀ ਸਦੀ ਤੋਂ ਕੁਝ ਵਧੀਕ ਪਾਣੀ, ੮ ਤੋਂ ੧੨ ਫ਼ੀ ਸਦੀ ਤਕ ਚੀਨੀ, ੧ ਤੋਂ ੪ ਫ਼ੀ ਸਦੀ ਤਕ ਨਿਮਕ ਹੁੰਦਾ ਹੈ। ਇਨ੍ਹਾਂ ਦਾ ਪਾਣੀ ਬਹੁਤ ਉਤਮ ਤੇ ਲਹੂ ਸੋਧਕ ਹੁੰਦਾ ਹੈ। ਬਹੁਤ ਸਾਫ਼ ਕਿਸਮ ਦੀ ਚੀਨੀ ਜੋ ਲਹੂ ਵਿਚ ਝਟ ਪਟ ਹੱਲ ਹੋ ਜਾਂਦੀ ਹੈ, ਅਤੇ ਬਹੁਤ ਹੀ ਕੀਮਤੀ ਨਮਕੀਨ ਮਾਦਾ। ਪੱਕੇ ਫਲ ਬਹੁਤ ਮੁਕੰਮਲ ਹਾਲਤ ਵਿਚ ਸੱਜਰੇ, ਜਾਂ ਡੱਬਿਆਂ ਵਿਚ ਸਾਂਭੇ ਹੋਏ, ਧੁਪ ਵਿਚ ਸੁਕੇ ਹੋਏ ਅਤੀ ਬਲ-ਵਰਧਕ ਹਨ। ਖਾਣ ਵਾਲੀ ਨਾਲੀ ਵਿਚ ਜੋ ਹਾਜ਼ਮੇ ਦਾ ਕੰਮ ਹੁੰਦਾ ਹੈ, ਉਸ ਦੀ ਸਮਾਨਤਾ ਨੂੰ ਫਲ ਕਾਇਮ ਰਖਦੇ ਹਨ। ਲਹੂ ਨੂੰ ਖਾਰ ਪੁਚਾ ਕੇ ਉਸ ਨੂੰ ਠੰਡਾ ਤੇ ਸ਼ੁਧ ਕਰ ਦੇਂਦੇ ਹਨ, ਅਤੇ ਨਾਲ ਹੀ ਜਿਸਮ ਦੇ ਖ਼ਰਾਬ ਹੋਏ ਹੋਏ ਰੇਸ਼ਿਆਂ ਦੀ ਮੁਰੰਮਤ ਕਰਦੇ ਹਨ। ਅਰ ਜਿਸਮ ਦੇ ਹਰ ਇਕ ਹਿੱਸੇ ਵਿਚ ਨਵੀਂ ਜਾਨ ਤੇ ਬਲ ਪੈਦਾ ਕਰਦੇ ਹਨ।" ਰੈਸ਼ਨੇਲ ਆਫ਼ ਵੈਜੀਟੇਰੀਆਨਿਜ਼ਮ ਪੰਨਾ ੭ ਤੇ ੮)

(੪) ਡਾਕਟਰ ਬੈੱਲ ਆਪਣੇ ਤਜਰਬੇ ਦੇ ਆਧਾਰ ਤੇ ਲਿਖਦਾ ਹੈ ਕਿ— "ਮੈਂ ਬਹੁਤ ਸਾਰੇ ਮਨੁੱਖਾਂ ਦੇ ਖ਼ੂਨ ਦੀਆਂ ਫ਼ੋਟੋ ਲਈਆਂ, ਜਿਨ੍ਹਾਂ ਵਿਚੋਂ ਚੰਗੀਆਂ ਉਨ੍ਹਾਂ ਦੀਆਂ ਨਿਕਲੀਆਂ ਜੋ ਮਾਸ ਨਹੀਂ ਸਨ ਖਾਂਦੇ।" (ਨੈਚਰਲ ਐਂਡ ਹਿਊਮੈਨ ਡਾਇਟ ਸਫ਼ਾ ੧੯)

(੫) ਇਸੇ ਕਿਤਾਬ ਦੇ ਸਫ਼ਾ ੨੯ ਤੇ ਮਿਸਟਰ ਸਿਡਨੀ ਬੈਰਡ ਲਿਖਦੇ ਹਨ ਕਿ—"ਡਾਕਟਰ ਹੋਰੇਸ ਗਰੀਲੇ ਐਡੀਟਰ ਨਿਊਯਾਰਕ ਟ੍ਰੀਬਿਊਨ ਆਪਣੇ ਤਜਰਬੇ ਦੇ ਆਧਾਰ ਤੇ ਲਿਖਦਾ ਹੈ, ਕਿ ਸਬਜ਼ੀ ਅਹਾਰ ਕਰਨ ਵਾਲਾ ਆਦਮੀ ਮਾਸ ਖਾਣ ਵਾਲੇ ਨਾਲੋਂ ੧੦ ਸਾਲ ਵਧੀਕ ਜੀਊਂਦਾ ਹੈ, ਤੇ ਮਾਸਾਹਾਰੀ ਨਾਲੋਂ ਉਹ ਬੀਮਾਰ ਵੀ ਘਟ ਹੁੰਦਾ ਹੈ।

(੬) ਡਾਕਟਰ ਐਡਮ ਐਡਨਬਰਗ ਜੋ ਕਿ ਸੰਸਾਰ ਵਿਚ ਇਕ ਬੜਾ ਵਡਾ ਇਤਿਹਾਸ ਵੇਤਾ ਮੰਨਿਆ ਗਿਆ ਹੈ, ਲਿਖਦਾ ਹੈ, ਕਿ "ਮੈਨੂੰ ੬੦ ਸਾਲ ਦੀ ਉਮਰ ਵਿਚ ਅਧਰੰਗ ਹੋ ਗਿਆ, ਜੋ ਕਿ ਮਾਸ ਨੂੰ ਤਿਆਗ ਕੇ ਸ਼ੁਧ ਬਨਸਪਤੀ ਅਹਾਰ ਕਰਨ ਨਾਲ ਹਟਿਆ। ਹੁਣ ਮੈਂ ੯੩ ਸਾਲ ਦਾ ਹਾਂ, ਪਰ ਅਜੇ ਤਕ ਮੈਨੂੰ ਕੋਈ ਰੋਗ ਨਹੀਂ ਲਗਾ।"

(ਕੁਦਰਤੀ ਅਤੇ ਮਾਨਵੀ ਖ਼ੁਰਾਕ, ਪੰਨਾ ੨੯)

(੭) ਡਾਕਟਰ ਹੈਰਸ ਲਿਖਦਾ ਹੈ, ਕਿ—"ਮੈਨੂੰ ੭ ਸਾਲ ਮਾਸ ਛਡਿਆਂ

Namdhari Elibrary NamdhariElibrary@gmail.com

ਹੋਏ ਹਨ, ਇਥੋਂ ਤਕ ਕਿ ਮੈਂ ਆਂਡੇ, ਦੁੱਧ ਤੇ ਪਨੀਰ ਵੀ ਨਹੀਂ ਵਰਤਦਾ, ਪਰ ਮੇਰੀ ਸੇਹਤ ਬਹੁਤ ਚੰਗੀ ਹੈ ਤੇ ਹੁਣ ਮੈਂ ਆਪਣੀ ੭੯ ਸਾਲ ਤੇ ੯ ਮਹੀਨੇ ਦੀ ਉਮਰ ਵਿਚ ਬਾਈਸਿਕਲ ਤੇ ਹਰ ਰੋਜ਼ ੪੦ ਤੋਂ ੫੦ ਮੀਲ ਤਕ ਸਫ਼ਰ ਕਰ ਸਕਦਾ ਹਾਂ।"

(ਕੁਦਰਤੀ ਅਤੇ ਮਾਨਵੀ ਖ਼ੁਰਾਕ, ਸਫ਼ਾ ੨੮)

(੮) ਪ੍ਰੋਫ਼ੈਸਰ ਵਿਲੀਅਮ ਲਾਉਰੇਂਸ ਐਫ਼. ਆਰ. ਸੀ. ਕਹਿੰਦੇ ਹਨ :

"ਮਨੁੱਖਾਂ ਦੇ ਦੰਦਾਂ ਤੇ ਮਾਸ ਖਾਣ ਵਾਲੇ ਜਾਨਵਰਾਂ ਦੇ ਦੰਦਾਂ ਵਿਚ ਕਾਫ਼ੀ ਫ਼ਰਕ ਹੈ। ਜਾਨਵਰਾਂ ਦੇ ਦੰਦ ਇਸ ਤਰ੍ਹਾਂ ਦੇ ਬਣੇ ਹਨ, ਜਿਨ੍ਹਾਂ ਨਾਲ ਉਹ ਮਾਸ ਨੂੰ ਚਬਾ ਸਕਣ ਤੇ ਹਜ਼ਮ ਕਰ ਸਕਣ। ਮਨੁੱਖ ਦੇ ਦੰਦ ਕਿਸੇ ਤਰ੍ਹਾਂ ਵੀ ਦਰਿੰਦਿਆਂ ਦੇ ਦੰਦਾਂ ਨਾਲ ਨਹੀਂ ਮਿਲਦੇ।

(ਕੁਦਰਤੀ ਅਤੇ ਮਾਨਵੀ ਖ਼ੁਰਾਕ, ਪੰਨਾ ੪)

(੯) ਇਸੇ ਕਿਤਾਬ ਦੇ ਪੰਨਾ ੪੦ ਤੇ ਲਿਖਿਆ ਹੈ : "ਡਾਕਟਰ ਜੋਸ਼ੀ ਓਲਡ ਫ਼ੀਲਡ ਸੀਨੀਅਰ ਡਾਕਟਰ ਲੇਡੀ ਮਾਰਗਟ ਹਸਪਤਾਲ ਬ੍ਰਾਹਮਲੇ (ਇੰਗਲੈਂਡ) ਅਖ਼ਬਾਰ ਹੈਰਲਡ ਆਫ਼ ਦੀ ਗੋਲਡਨ ਏਜ, ਜਨਵਰੀ ੧੯੦੫ ਵਿਚ ਲਿਖਦਾ ਹੈ :

"ਮਨੁੱਖ ਦੇ ਡੂੰਘੇ ਹਿਰਦੇ ਵਿਚ ਫਲਾਂ ਫੁੱਲਾਂ ਤੇ ਕੁਦਰਤੀ ਖ਼ੁਰਾਕ ਦੀ ਇੱਛਾ ਟਿਕੀ ਹੋਈ ਹੈ, ਅਤੇ ਉਹ ਫਲਾਂ ਵਲ ਇਉਂ ਦੌੜਦਾ ਹੈ, ਜਿਵੇਂ ਜਾਨਵਰ ਮਾਸ ਦੇ ਟੁਕੜੇ ਵਲ ਨਸਦਾ ਹੈ। ਪਹਿਲੀ ਅਵਸਥਾ ਵਿਚ ਮਨੁੱਖ ਨੇ ਉਹ ਖਾਧਾ, ਜੋ ਉਸ ਨੂੰ ਮਿਲ ਸਕਿਆ। ਦੂਜੀ ਵਿਚ ਉਸ ਨੇ ਉਹ ਛਕਿਆ ਜੋ ਪਸੰਦ ਆਇਆ, ਅਤੇ ਹੁਣ ਤੀਜੀ ਅਵਸਥਾ ਵਿਚ ਉਸ ਨੂੰ ਉਹ ਖਾਣਾ ਚਾਹੀਦਾ ਹੈ, ਜੋ ਉਸ ਲਈ ਚੋਣ ਵਿਚ ਲਾਭਦਾਇਕ ਹੋਵੇ। ਜੇ ਮਨੁੱਖ ਮਾਸ ਅਹਾਰ ਨੂੰ ਤਿਆਗ ਕੇ ਕੁਦਰਤੀ ਖ਼ੁਰਾਕ ਉਸ ਨਾਲੋਂ ਉਤਮ ਸਮਝ ਕੇ ਵਰਤੇ ਤਾਂ ਦੁਨੀਆਂ ਵਿਚ ਬਹੁਤ ਸਾਰੀਆਂ ਬੀਮਾਰੀਆਂ ਘਟ ਹੋ ਜਾਵਣ, ਅਰ ਮਨੁੱਖ ਪਹਿਲੋਂ ਨਾਲੋਂ ਵਧ ਬਲਵਾਨ ਅਤੇ ਪ੍ਰਸੰਨ ਚਿੱਤ ਭਾਸੇ।"

(੧੦) ਪ੍ਰੋਫ਼ੈਸਰ ਚਿਟਨਡੇਨ ਪੀ-ਐਚ, ਡੀ, ਐਸ. ਸੀ. ਡੀ, ਐਲ. ਐਲ. ਡੀ. ਆਫ਼ ਦੀ ਯੂਨਾਈਟਡ ਸਟੇਟਸ ਡੀਪਾਰਟਮੇਂਟ ਆਫ਼ ਐਗਰੀਕਲਚਰ ਆਪਣੇ ਤਜਰਬੇ ਦੇ ਆਧਾਰ ਤੇ ਲਿਖਦੇ ਹਨ :

Namdhari Elibrary NamdhariElibrary@gmail.com

"ਅਮਰੀਕਾ ਦੇ ਸਿਪਾਹੀ ਦੀ ਖ਼ੁਰਾਕ ਪਹਿਲੋਂ ੭੫ ਔਂਸ ਹੁੰਦੀ ਸੀ, ਜਿਸ ਵਿਚ ੨੨ ਔਂਸ ਮਾਸ ਸੀ। ਇਹ ਰਾਸ਼ਨ ੭੫ ਤੋਂ ਘਟਾ ਕੇ ੫੧ ਔਂਸ ਕੀਤਾ ਗਿਆ, ਤੇ ਮਾਸ ੨੨ ਔਂਸ ਦੀ ਥਾਂ ਕੇਵਲ ੧ ਔਂਸ ਰਹਿਣ ਦਿਤਾ ਗਿਆ। ੯ ਮਹੀਨੇ ਦੇ ਤਜਰਬੇ ਤੋਂ ਇਹ ਸਿੱਧ ਹੋਇਆ ਕਿ ਉਹ ਪਹਿਲੋਂ ਨਾਲੋਂ ੫੦ ਫ਼ੀ ਸਦੀ ਵਧ ਤਕੜੇ ਹੋ ਗਏ। ਫ਼ੌਜੀ ਕੰਮ ਵੀ ਪਹਿਲੋਂ ਨਾਲੋਂ ਚੰਗਾ ਕਰਨ ਲਗ ਪਏ। ਸਪਿਰਿਟ ਵੀ ਸ਼ਾਨਦਾਰ ਸੀ। ਉਪਰੰਤ ਉਨ੍ਹਾਂ ਨੂੰ ਖੁਲ੍ਹ ਦਿਤੀ ਗਈ, ਕਿ ਜਿਹੜੀ ਖ਼ੁਰਾਕ ਚਾਹੋ ਵਰਤ ਸਕਦੇ ਹੋ। ਨਤੀਜਾ ਇਹ ਹੋਇਆ, ਕਿ ਕਿਸੇ ਨੇ ਵੀ ਮਾਸ ਵਾਲੀ ਖ਼ੁਰਾਕ ਨੂੰ ਪ੍ਰਵਾਨ ਨਾ ਕੀਤਾ।"

(ਕੁ: ਤੇ ਮਾਨਵੀ ਖ਼ੁਰਾਕ, ਸਫ਼ਾ ੩੧)

(੧੧) ਫ਼ਰਾਂਸ ਦੀ ਰਾਜਧਾਨੀ ਪੈਰਿਸ ਵਿਚ ਸੰ: ੧੯੧੮ ਈਸਵੀ ਨੂੰ ਇਕ "ਇੰਟਰ ਐਲੀਡ ਕਾਨਫ਼ਰੰਸ" (Inter Allied Conference) ਏਸ ਗੱਲ ਤੇ ਵਿਚਾਰ ਕਰਨ ਲਈ ਹੋਈ ਸੀ, ਕਿ ਕੌਮਾਂ ਦੀ ਖ਼ੁਰਾਕ ਦਾ ਹਲ ਕੀ ਹੈ। ਏਸ ਕਾਨਫ਼ਰਸ ਵਲੋਂ ਵਿਸ਼ੇ ਦੀ ਖੋਜ ਵਾਸਤੇ ਹੇਠ ਲਿਖੇ ਤਜਰਬਾਕਾਰ ਤੇ ਸੰਸਾਰ ਪ੍ਰਸਿੱਧ ਸਾਇੰਸਦਾਨਾਂ ਦਾ ਇਕ ਕੌਮਾਂਤਰੀ ਕਮਿਸ਼ਨ ਨੀਯਤ ਕੀਤਾ ਗਿਆ ਸੀ :—

(੧) ਪ੍ਰੋਫ਼ੈਸਰ ਗਲੇ (ਫ਼ਰਾਂਸ)
(੨) ਪ੍ਰੋਫ਼ੈਸਰ ਲੈਂਗਲੇਂਇਸ (ਫ਼ਰਾਂਸ)
(੩) ਬੋਲਾਜ਼ੀ ... ... (ਇਟਲੀ)
(੪) ਪਗਲਿਆਨੀ ... ... (ਇਟਲੀ)
(੫) ਹਿਊਲਟ ... ... (ਬਿਲਜੀਅਮ)
(੬) ਚਿਟਰਡਨ (ਯੂਨਾਈਟਿਡ ਸਟੇਟ ਅਮਰੀਕਾ)
(੭) ਲਸਕ ... ... (ਯੂ: ਸ: ਅਮਰੀਕਾ)
(੮) ਈ. ਐਚ. ਸਟਾਰਲਿੰਗ ... (ਅਮਰੀਕਾ)
(੯) ਟੀ. ਬੀ. ਵੁਡ ... ... (ਅਮਰੀਕਾ)

ਪੰਜਾਂ ਪ੍ਰਸਿੱਧ ਮੁਲਕਾਂ ਦੇ ਪੂਰਵੋਕਤ ੯ ਮਹਾਨ ਵਿਦਵਾਨਾਂ ਦੇ ਕਮਿਸ਼ਨ ਨੇ ੨੯ ਅਪ੍ਰੈਲ ੧੯੪੧ ਨੂੰ ਆਪਣੀ ਰੋਮ ਦੀ ਇਕੱਤਰਤਾ ਵਿਚ ਹੇਠ ਲਿਖੇ ਭਾਵ ਦਾ ਮਤਾ (Resolution) ਸਰਬ ਸੰਮਤੀ ਨਾਲ ਪਾਸ ਕੀਤਾ : "ਬੜੀ

Namdhari Elibrary NamdhariElibrary@gmail.com

ਖੋਜ ਤੇ ਵਿਚਾਰ ਤੋਂ ਉਪਰੰਤ ਕਮਿਸ਼ਨ ਇਸ ਨਤੀਜੇ ਤੇ ਪੁਜਾ ਹੈ, ਕਿ ਸਾਇੰਸ ਦੇ ਵਿਚਾਰ ਅਨੁਸਾਰ ਮਾਸ ਖਾਣਾ ਮਨੁੱਖ ਵਾਸਤੇ ਕਿਸੇ ਤਰਾਂ ਵੀ ਲਾਭਦਾਇਕ ਅਤੇ ਜ਼ਰੂਰੀ ਨਹੀਂ ਹੈ।"

(ਨੈਚਰਲ ਐਂਡ ਹਯੂਮੇਨ ਡਾਇਟ, ਪੰਨਾ ੯)

(੧੨) *"ਡਾਕਟਰ ਕਿੰਗਸਫੋਡ, ਡੇਵੀ, ਲਾਯੰਸ, ਕਾਬ ਅਤੇ ਸੀ. ਏ. ਓਬਨ ਆਦਿ ਸਾਇੰਸ ਜਾਨਣ ਵਾਲਿਆਂ ਦਾ ਮਤ ਹੈ, ਕਿ ਮਨੁੱਖ ਦੇ ਭੀਤਰੀ ਤੇ ਬਾਹਰੀ ਅੰਗ ਇਸ ਗੱਲ ਦੀ ਸਾਖੀ ਦੇਂਦੇ ਹਨ ਕਿ ਮਨੁੱਖ ਦਾ ਸੁਭਾਵਕ ਭੋਜਨ (ਅੰਨ, ਕੰਦ ਮੂਲ, ਫਲ ਫੁਲ ਆਦਿ) ਬਨਸਪਤੀ ਹੈ, ਅਤੇ ਮਾਸਾਹਾਰ ਮਨੁੱਖੀ ਪ੍ਰਕ੍ਰਿਤੀ ਦੇ ਸਰਵਥਾ ਵਿਰੁਧ ਹੈ।

(੧੩) ਇਸ ਵਿਸ਼ੇ ਵਿਚ ਭਗੰਦਰ ਰੋਗ ਦੇ ਸਪੈਸ਼ਲਿਸ਼ਟ ਪ੍ਰਸਿੱਧ ਡਾਕਟਰ ਬੈਲ ਐਮ. ਡੀ. ਐਫ. ਆਰ. ਐਫ. ਪੀ. ਐਸ. ਆਦਿ ਨੇ ਆਪਣੀ ਪਰਸਿੱਧ ਪੁਸਤਕ (**The Cancer Scourage and how to destroy it**) ਅਰਥਾਤ ਭਗੰਦਰ ਦਾ ਫੋੜਾ ਤੇ ਇਸ ਨੂੰ ਕਿਸ ਤਰ੍ਹਾਂ ਨਸ਼ਟ ਕੀਤਾ ਜਾਵੇ, ਵਿਚ ਲਿਖਿਆ ਹੈ ਕਿ : "ਇਸ ਸੰਸਾਰ ਦੀ ਵਸੋਂ ਵਿਚ ਦੋ ਕਰੋੜ ਪੰਜਾਹ ਲਖ, ਅਤੇ ਕੇਵਲ ਇੰਗਲੈਂਡ ਤੇ ਵੇਲਜ਼ ਵਿਚ ਤੀਹ ਹਜ਼ਾਰ ਮਨੁੱਖ ਹਰ ਵਰ੍ਹੇ ਏਸ ਦੁਸ਼ਟ ਰੋਗ ਨਾਲ ਮੌਤ ਦੀ ਸ਼ਰਨ ਲੈਂਦੇ ਹਨ, ਅਤੇ ਇਸ ਰੋਗ ਦੇ ਹੋਣ ਦਾ ਕਾਰਨ ਮਾਸਾਹਾਰ ਨੂੰ ਦਸ ਕੇ, ਮਾਸ ਦੇ ਤਿਆਗਣ ਦੀ ਸਿਫ਼ਾਰਸ਼ ਕਰਦੇ ਹਨ।

(੧੪) ਡਾਕਟਰ ਬੇਲ ਵਰਤਮਾਨ ਸਮੇਂ ਵਿਚ ਭਗੰਦਰ ਰੋਗ ਦੇ ਬੜੇ ਅਨੁਭਵੀ ਚਕਿਤਸਕ ਮੰਨੇ ਜਾਂਦੇ ਹਨ। ਉਨ੍ਹਾਂ ਨੇ ਆਪਣੀ ਉਪਰੋਕਤ ਪੁਸਤਕ ਵਿਚ ਸਾਗ ਅਹਾਰ ਨਾਲ ਇਸ ਭਗੰਦਰ ਰੋਗ ਤੋਂ ਬਚਾਏ ਅਨੇਕ ਰੋਗੀਆਂ ਦੇ ਲਹੂ ਦੇ ਫੋਟੋ ਦੇ ਕੇ ਇਹ ਸਿੱਧ ਕੀਤਾ ਹੈ, ਕਿ ਸਾਗ ਅਹਾਰ ਹੀ ਏਸ ਰੋਗ ਦੀ ਮੁਖ ਚਕਿਤਸਾ ਹੈ।

* ਵਿਸ਼ਵ ਧਰਮ ਕੋਸ਼ ਸੰਸਕ੍ਰਣ, ਪੰਨਾਂ ੨੨੩-੨੩੨।

Namdhari Elibrary NamdhariElibrary@gmail.com

## (੪) ਆਰਥਕ ਦ੍ਰਿਸ਼ਟੀਕੋਣ

ਹੁਣ ਪਾਠਕਾਂ ਦੀ ਸੇਵਾ ਵਿਚ ਨਿਵੇਦਨ ਕੀਤਾ ਜਾਂਦਾ ਹੈ, ਕਿ ਮਾਸ ਅਹਾਰ, ਆਰਥਕ ਦ੍ਰਿਸ਼ਟੀਕੋਣ ਅਨੁਸਾਰ ਵੀ ਸਾਡੇ ਲਈ ਬੜਾ ਹੀ ਹਾਨੀਕਾਰਕ ਹੈ। ਕਿਉਂਕਿ ਮਾਸ ਅਹਾਰ ਦੀ ਵ੍ਰਿਧੀ ਹੋਣ ਦੇ ਕਾਰਨ ਭਿੰਨ ਭਿੰਨ ਦੇਸਾਂ ਨੂੰ ਅਤੇ ਵਿਸ਼ੇਸ਼ ਕਰ ਕੇ ਸਾਡੇ ਪਵਿੱਤਰ ਭਾਰਤਵਰਸ਼ ਦੇ ਖੇਤੀ ਦੇ ਵਿਹਾਰ ਨੂੰ ਤਾਂ ਅਨੰਤ ਹਾਨੀ ਪੁਜੀ ਹੈ, ਇਸ ਨੂੰ ਸਾਰਾ ਸੰਸਾਰ ਜਾਣਦਾ ਹੈ। ਘਿਉ ਦੁੱਧ ਦਹੀਂ ਤੇ ਮੱਠਾ ਇਸ ਤਰ੍ਹਾਂ ਅਨੇਕ ਤਰ੍ਹਾਂ ਦੀਆਂ ਮਠਿਆਈਆਂ ਜੋ ਸਾਨੂੰ ਪਸ਼ੂਆਂ ਦੀ ਕ੍ਰਿਪਾ ਨਾਲ ਮਿਲਦੀਆਂ ਹਨ, ਉਨ੍ਹਾਂ ਦੇ ਅਭਾਵ ਦੀ ਬਹੁਤ ਵ੍ਰਿਧੀ ਹੋਈ ਹੈ। ਜਿਸ ਤਰ੍ਹਾਂ ਖੇਤੀ ਉਪਜੋਗੀ ਪਸ਼ੂਆਂ ਦੀ ਕਮੀ ਦੇ ਕਾਰਨ ਅਨਾਜ ਘਿਉ ਆਦਿ ਪਦਾਰਥ ਮਹਿੰਗੇ ਹੋਏ ਹਨ, ਏਸੇ ਤਰ੍ਹਾਂ ਏਸ ਪਸ਼ੂ ਧਨ ਦੇ ਅਭਾਵ ਨਾਲ ਏਸ ਦੇਸ਼ ਦੀ ਆਰਥਕ ਦਸ਼ਾ (ਮਾਲੀ ਹਾਲਤ) ਵੀ ਬਹੁਤ ਵਿਗੜ ਚਲੀ ਹੈ, ਅਤੇ ਵਿਗੜਦੀ ਜਾ ਰਹੀ ਹੈ। ਇਸ ਗੱਲ ਦਾ ਇਤਿਹਾਸ ਸਾਖੀ ਹੈ।

ਅੱਜ ਤੋਂ ੬੦੦ ਵਰ੍ਹੇ ਪਹਿਲੋਂ ਅਲਾਉੱਦੀਨ ਖਿਲਜੀ ਦੇ ਸਮੇਂ ਖਾਣ ਦੀਆਂ ਚੀਜ਼ਾਂ ਦਾ ਭਾਉ ਰੁਪਏ ਪਿਛੇ ਹੇਠ ਲਿਖੇ ਅਨੁਸਾਰ ਸੀ :

| ਸੰਖਯਾ | ਨਾਮ ਪਦਾਰਥ | ਭਾਉ ਪ੍ਰਤਿ |
|---|---|---|
| | | ਰੁਪਿਆ ਸੇਰ |
| ੧ | ਕਣਕ | ੧੧੯ ਸੇਰ |
| ੨ | ਜੌਂ | ੨੨੪ ਸੇਰ |
| ੩ | ਚਾਵਲ | ੧੭੯ ਸੇਰ |
| ੪ | ਮਾਂਹ | ੧੭੯ ਸੇਰ |
| ੫ | ਛੋਲੇ | ੧੭੯ ਸੇਰ |
| ੬ | ਮਟਰ | ੨੯੬ ਸੇਰ |
| ੭ | ਬੂਰਾ ਖੰਡ | ੧੫ ਸੇਰ |
| ੮ | ਲਾਲ ਖੰਡ | ੪੪ ਸੇਰ |
| ੯ | ਘਿਉ | ੩੩ ਸੇਰ |

ਹਰ ਵਰ੍ਹੇ ਭਾਰਤ ਵਿਚ ਕਿੰਨੇ ਗਊ ਆਦਿ ਪਸ਼ੂ ਮਾਰੇ ਜਾਂਦੇ ਹਨ।

Namdhari Elibrary NamdhariElibrary@gmail.com

੧-੪-੧੯੨੩ ਤੋਂ ੩੧-੩-੧੯੨੪ ਤਕ ਮਾਰੇ ਗਏ ਪਸ਼ੂਆਂ ਦਾ ਵੇਰਵਾ, ਜੋ ਜੂਨ ੧੯੨੫-ਈ: ਦੇ ਸ਼ੁਧੀ ਸਮਾਚਾਰ ਪੱਤਰ ਜਿਲਦ ੧ ਅੰਕ ੬ ਵਿਚ ਪ੍ਰਕਾਸ਼ਿਤ ਹੋਇਆ ਸੀ, ਇਸ ਪ੍ਰਕਾਰ ਹੈ :

| | | | |
|---|---|---|---|
| ਗਊਆਂ | ... | | ੪ ਲੱਖ ੪੪ ਹਜ਼ਾਰ ੯੨੪ |
| ਮਹੀਆਂ | ... | | ੧ ਲੱਖ ੧੧ ਹਜ਼ਾਰ ੧੮ |
| ਬੈਲਦ | ... | | ੬੮ ਹਜ਼ਾਰ ੧੭ |
| ਵਛੇ | ... | ... | ੧੬ ਹਜ਼ਾਰ ੯੧੪ |
| ਭੇਡਾਂ ਤੇ ਬੱਕਰੀਆਂ | | | ੨੮ ਲੱਖ ੮੯ ਹਜ਼ਾਰ ੧੨੪ |

ਕੁਲ ਜੋੜ — ੩੫ ਲੱਖ ੨੯ ਹਜ਼ਾਰ ੯੯੭

੬-੯-੧੯੨੫ ਈ: ਦੇ ਰੋਜ਼ਾਨਾ ਭਾਰਤ ਮਿੱਤਰ ਵਿਚ ਲਿਖਿਆ ਹੋਇਆ ਹੈ, ਕਿ ਇਸ ਸਮੇਂ ਭਾਰਤ ਭੂਮੀ ਵਿਚ ਇਕ ਕਰੋੜ ਗਊ ਹਤਿਆ ਹਰ ਸਾਲ ਹੁੰਦੀ ਹੈ।

ਬ੍ਰਿਟਿਸ਼ ਭਾਰਤ ਵਿਚ ੨੪ ਕਰੋੜ ੪੨ ਲੱਖ ੬੭ ਹਜ਼ਾਰ ਮਨੁੱਖ ਨਿਵਾਸ ਕਰਦੇ ਹਨ ਅਤੇ ਸੰਨ ੧੯੧੪-੧੫ ਦੇ ਖੇਤੀ ਸੰਬੰਧੀ ਅੰਕੜਿਆਂ ਦੇ ਖੰਡ ੧-੨ ਦੇ ਅਨੁਸਾਰ ੫ ਕਰੋੜ ੯ ਲੱਖ ੪੬ ਹਜ਼ਾਰ ਗਊਆਂ ਤਥਾ ਮੱਝਾਂ ਸਨ ਜੋ ੫ ਕਰੋੜ ੯੪ ਲੱਖ ੩੭ ਹਜ਼ਾਰ ਪਾਇੰਟ ਦੁੱਧ ਦੇ ਸਕਦੀਆਂ ਹਨ।

ਇਸ ਤੋਂ ਸਪੱਸ਼ਟ ਹੈ, ਕਿ ਹਰ ਮਨੁੱਖ ਨੂੰ ਪਾਇੰਟ ਦਾ ਚੁਥਾਈ ਹਿੱਸਾ (ਕੁਝ ਤੋਲੇ) ਦੁੱਧ ਮਿਲਦਾ ਹੈ। ਭਾਰਤ ਭਰ ਵਿਚ ੨੫ ਕਰੋੜ ੯੫ ਲੱਖ ੪੬ ਹਜ਼ਾਰ ਏਕੜ ਜ਼ਮੀਨ ਵਾਹੀ ਤੇ ਬੀਜੀ ਜਾਂਦੀ ਹੈ। ਅਤੇ ਉਸ ਦੀ ਆਪਣੀ ਉਪਜੀਵਕਾ ਦਾ ਨਿਰਬਾਹ ਕਰਨ ਵਾਲੇ ਭਾਰਤ ਦੀ ਵਸੋਂ ਦਾ ਪੌਣਾਂ ਹਿੱਸਾ ੨੨ ਕਰੋੜ ੫੦ ਲੱਖ ੭੮ ਹਜ਼ਾਰ ੪੪੫ ਕਿਰਸਾਣ ਹਨ, ਪਰੰਤੂ ਖੇਤੀ ਦੇ ਕੰਮ ਆਉਣ ਵਾਲੇ ਪਸ਼ੂ ੧੯੧੪-੧੫ ਵਿਚ ਕੇਵਲ ੫ ਕਰੋੜ ੨੬ ਲੱਖ ੪੪ ਹਜ਼ਾਰ ੭੦੦ ਸਨ। ਏਸ ਹਿਸਾਬ ਹਰ ਇਕ ਜੋੜੀ ਬਲਦਾਂ ਪਿਛੇ ੨੬ ਏਕੜ ਧਰਤੀ ਪੈਂਦੀ ਹੈ। ਜੇ ਛੇਤੀ ਹੀ ਪਸ਼ੂਆਂ ਦਾ ਸੰਘਾਰ ਨਾ ਰੋਕਿਆ ਗਿਆ ਤਾਂ ਥੋੜੇ ਸਮੇਂ ਤਕ ਕਰੋੜਾਂ ਹੀ ਕਿਰਸਾਨਾਂ ਦੀ ਬੇਰੁਜ਼ਗਾਰੀ ਦਾ ਪ੍ਰਸ਼ਨ ਸਾਹਮਣੇ ਆ ਜਾਏਗਾ। ਤਾਂ ਤੇ ਆਰਥਕ ਦ੍ਰਿਸ਼ਟੀਕੋਣ ਅਨੁਸਾਰ ਵੀ ਮਾਸ ਖਾਣ ਲਈ ਪਸ਼ੂਆਂ ਦਾ ਬਧ ਭਾਰਤ ਵਰਸ਼ ਦੀ ਜੰਤਾ ਲਈ ਅਤਿਅੰਤ ਹਾਨੀਕਾਰਕ ਹੈ।

Namdhari Elibrary NamdhariElibrary@gmail.com

# (੫) ਦਇਆ ਦ੍ਰਿਸ਼ਟੀਕੋਣ

ਇਸ ਪ੍ਰਕਰਣ ਵਿਚ ਕੁਝ ਦਿਆਲੂ ਤੇ ਵਿਚਾਰਸ਼ੀਲ ਕੋਟੀ ਦੇ ਵਿਦਵਾਨਾਂ ਦਾ ਦਇਆ ਦ੍ਰਿਸ਼ਟੀਕੋਣ ਪੇਸ਼ ਕੀਤਾ ਜਾਂਦਾ ਹੈ —

(੧) ਡਾਕਟਰ ਜੋਸੀਆ ਓਲਡਫੀਲਡ ਐਮ. ਏ. ਆਪਣੀ ਪੁਸਤਕ "ਦੀ ਕਰੂਐਲਟੀਜ਼ ਆਫ ਦੀ ਫਲੈਸ਼ ਟਰੈਫਿਕ" (ਅਰਥਾਤ ਮਾਸ ਦੇ ਵਪਾਰ ਦੀਆਂ ਬੇਰਹਿਮੀਆਂ) ਦੇ ਸਫ਼ਾ ੨੮-੨੯ ਤੇ ਇਕ ਦਿਲ ਹਿਲਾ ਦੇਣ ਵਾਲਾ ਲੇਖ ਲਿਖਦੇ ਹਨ, ਆਪ ਕਹਿੰਦੇ ਹਨ—

"ਯਾਦ ਰਖੋ ਹਰ ਇਕ ਜਾਨਵਰ ਜੀਉਂਦਾ ਜਾਗਦਾ ਵਜੂਦ ਹੈ, ਜੋ ਜੀਊਣ ਦੀਆਂ ਖ਼ੁਸ਼ੀਆਂ ਤੇ ਮਰਨ ਦੇ ਕਸ਼ਟ ਨੂੰ ਚੰਗੀ ਤਰ੍ਹਾਂ ਅਨੁਭਵ ਕਰਦਾ ਹੈ। ਇਸ ਲਈ ਸਦੀ ਦੇ ਪਹਿਲੇ ਸਾਲ ਵਿਚ ਹੀ ਅਨੁਮਾਨ ਲਾਇਆ ਗਿਆ ਹੈ ਕਿ ਕੇਵਲ ਇੰਗਲੈਂਡ ਵਿਚ ੧੦ ਲੱਖ ਤੋਂ ਵਧੀਕ ਪਸ਼ੂ ਮਾਰੇ ਗਏ। ੭੦ ਲਖ ਭੇਡਾਂ ਦੇ ਗਲਿਆਂ ਤੇ ਛੁਰੀ ਚਲਾਈ ਗਈ। ੨੦ ਲੱਖ ਸੂਰਾਂ ਨੇ ਆਪਣੀਆਂ ਦੁਖ ਭਰੀਆਂ ਆਹਾਂ ਅਸਮਾਨ ਵਲ ਘਲੀਆਂ। ਇਸ ਦਾ ਇਹ ਅਰਥ ਹੈ ਕਿ ਕੋਈ ਦਿਨ ਵੀ ਅਜਿਹਾ ਨਹੀਂ ਬੀਤਦਾ ਕਿ ਜਿਸ ਦਿਨ ਸੁਆਦ ਦੀ ਖ਼ਾਤਰ ੨੮ ਸੌ ਡੰਗਰ, ੨੦ ਹਜ਼ਾਰ ਭੇਡਾਂ, ਤੇ ੫ ਹਜ਼ਾਰ ਤੋਂ ਉਤੇ ਸੂਰ ਨਹੀਂ ਮਾਰੇ ਜਾਂਦੇ... ਸੂਰ ਦੇ ਬਚਿਆਂ ਨੂੰ ਇਕ ਭੌਂਦੇ ਹੋਏ ਪਹੀਏ ਨਾਲ ਇਕ ਜ਼ੰਜੀਰ ਦੁਆਰਾ ਜਕੜ ਕੇ ਉਬਲਦੇ ਹੋਏ ਟੱਬਾਂ ਵਿਚ ਸੁਟਿਆ ਜਾਂਦਾ ਹੈ। ਉਹ ਓਥੇ ਬਹੁਤ ਬੁਰੀ ਤਰ੍ਹਾਂ ਚੀਕਦੇ ਕੁਰਲਾਂਦੇ ਅਤੇ ਆਪਣੇ ਦੁਖ ਨੂੰ ਪਰਗਟ ਕਰਦੇ ਹਨ। ਉਬਲਦੇ ਹੋਏ ਪਾਣੀ ਦੇ ਅਸਹਿ ਦਖਾਂ ਨੂੰ ਭੁਗਤਦੇ ਹੋਏ ਉਹ ਆਪਣੀ ਜਾਨ ਦੇ ਦੇਂਦੇ ਹਨ।"

(੨) ਮਿਸਟਰ ਸਿਡਨੀ ਐਚ ਬੇਰਡ ਆਪਣੀ ਕਿਤਾਬ (**Natural & Human Diet**) (ਕੁਦਰਤੀ ਅਤੇ ਮਾਨਵੀ ਖ਼ੁਰਾਕ) ਦੇ ਪੰਨਾਂ ੨ ਤੇ ਲੰਡਨ ਦੀ ਕੇਵਲ ਇਕ ਕੰਪਨੀ ਵਲੋਂ ਇਕ ਦਿਨ ਵਿਚ ਪਸ਼ੂਆਂ ਦੇ ਨਾਸ ਦਾ ਵਰਣਨ ਕਰਦੇ ਹੋਏ ਲਿਖਦੇ ਹਨ —

"ਖ਼ਿਆਲ ਕਰੋ ! ੧੦ ਹਜ਼ਾਰ ਪਸ਼ੂਆਂ ਦਾ ਵੱਗ ਦੋ, ਦੋ ਦੀਆਂ ਕਤਾਰਾਂ ਵਿਚ ੧੫ ਮੀਲ ਲੰਮੀ ਕਤਾਰ ਵਿਚ ਤੁਰਿਆ ਜਾ ਰਿਹਾ ਹੈ। ਓਦੂੰ ਪਿਛੇ ੨੦ ਹਜ਼ਾਰ ਭੇਡਾਂ ਮੈਂ ਮੈਂ ਕਰਦੀਆਂ ੧੨ ਮੀਲ ਲੰਮੀ ਸੜਕ ਨੂੰ ਰੋਕੀ ਜਾ ਰਹੀਆਂ

Namdhari Elibrary NamdhariElibrary@gmail.com

ਹਨ। ਉਨ੍ਹਾਂ ਤੋਂ ਪਿਛੋਂ ੨੭ ਹਜ਼ਾਰ ਮਜ਼ਬੂਤ ਸੂਰਾਂ ਨੂੰ ਹਿਕਿਆ ਜਾ ਰਿਹਾ ਹੈ ਜਿਨ੍ਹਾਂ ਨੇ ੧੬ ਮੀਲ ਸੜਕ ਰੋਕੀ ਹੋਈ ਹੈ। ਸਭ ਤੋਂ ਪਿਛੇ ੩੦ ਹਜ਼ਾਰ ਕੁਕੜਾਂ ਨੇ ੬ ਮੀਲ ਲੰਮੀ ਸੜਕ ਮੱਲੀ ਹੋਈ ਹੈ। ਇਸ ਸਾਰੇ ਮਾਲ ਨੇ ਜੋ ੫੦ ਮੀਲਾਂ ਤਕ ਫੈਲਿਆ ਹੋਇਆ ਹੈ, ਲੰਘ ਕੇ ਆਪਣੇ ਆਪਣੇ ਨਿਸਚਿਤ ਅਸਥਾਨ ਤੇ ਪੁਜਣਾ ਹੋਵੇ, ਤਾਂ ਘਟ ਤੋਂ ਘਟ ਦੋ ਦਿਨ ਲਗਣਗੇ। ਇਹ ਸਾਰੇ ਜਾਨਵਰ (ਜਿਨ੍ਹਾਂ ਦੀ ਗਿਣਤੀ ੯੭ ਹਜ਼ਾਰ ਹੁੰਦੀ ਹੈ — ਲੇਖਕ) ਇਕ ਦਿਨ ਵਿਚ (Swift & Co) (ਸਵਿਫਟ ਐਂਡ ਕੋ) ਲੰਡਨ ਦੇ ਇਕ ਬੁਚੜਖ਼ਾਨੇ ਵਿਚ ਮਾਰੇ ਜਾਂਦੇ ਹਨ।

ਏਥੇ ਹੀ ਬੱਸ ਨਹੀਂ। ਹਰ ਰੋਜ਼ ਬੇਅੰਤ ਪਸ਼ੂਆਂ ਦੇ ਵੱਗ ਆਰਮਰ, ਲਿਪਟਨ (Armaur, Lipton & others) ਅਤੇ ਹੋਰ ਬੁਚੜਖ਼ਾਨਿਆਂ ਵਿਚ ਮਾਰੇ ਜਾਂਦੇ ਹਨ, ਉਸ ਧਰਤੀ ਵਿਚ ਜਿਸ ਨੂੰ ਈਸਾਈਆਂ ਦੀ ਜ਼ਮੀਨ (Christian Land) ਕਹਿੰਦੇ ਹਨ। ਕੇਵਲ ਲੰਡਨ ਵਿਚ ੪੦੦ ਅਤੇ ਬਰਿਸਟਲ ਵਰਗੇ ਸ਼ਹਿਰ ਵਿਚ ੧੨੦ ਬੁੱਚੜਖ਼ਾਨੇ ਹਨ। ਬੁੱਚੜਖ਼ਾਨਿਆਂ ਦਾ ਇਹ ਬੇਲੋੜਾ ਸਿਸਟਮ ਕੈਸਾ ਭੇੜਾ ਹੈ, ਜਿਸ ਨਾਲ ਘੱਟ ਤੋਂ ਘੱਟ ਤਿੰਨ ਸੌ ਕਰੋੜ ਪਸ਼ੂ ਹਰ ਸਾਲ ਬੜੀ ਬੇਰਹਿਮੀ ਨਾਲ ਮਾਰੇ ਜਾਂਦੇ ਹਨ। ਅਜੇ ਇਨ੍ਹਾਂ ਵਿਚ ਛੋਟੇ ਛੋਟੇ ਜਾਨਵਰ ਅਤੇ ਪੰਛੀ ਨਹੀਂ ਗਿਣੇ ਗਏ।

ਈਸਾਈਆਂ ਨੂੰ ਯਾਦ ਰੱਖਣਾ ਚਾਹੀਦਾ ਹੈ, ਕਿ ਉਨ੍ਹਾਂ ਦੇ ਵਡੇ ਗੁਰੂ ਯਿਸੂ ਮਸੀਹ ਦਾ ਬਚਨ ਹੈ — (I desire Mercy not Sacrifice) ਅਰਥਾਤ ਮੈਂ ਰਹਿਮ ਚਾਹੁੰਦਾ ਹਾਂ ਅਤੇ ਕੁਰਬਾਨੀ ਨਹੀਂ ਚਾਹੁੰਦਾ।"

(੩) ਏਹੀ ਮਿਸਟਰ ਸਿਡਨੀ ਐਚ ਬੇਰਡੀ ਆਪਣੀ ਕਿਤਾਬ ਇਜ਼ ਫਲੈਸ਼ ਈਟਿੰਗ ਮੋਰੈਲੀ ਡੀਫੈਨਸਿਬਲ ਦੇ ਪੰਨਾ ੧੬-੧੭ ਤੇ ਉਨ੍ਹਾਂ ਤਕਲੀਫ਼ਾਂ ਤੇ ਦੁਖਾਂ ਦਾ ਵਰਣਨ ਕਰਦੇ ਹਨ, ਜੋ ਪਸ਼ੂਆਂ ਨੂੰ ਕਤਲ ਕਰਨ ਤੋਂ ਪਹਿਲਾਂ ਇਕ ਥਾਂ ਤੋਂ ਦੂਜੀ ਥਾਂ ਤਕ ਪੁਚਾਣ ਵਿਚ ਦਿਤੇ ਜਾਂਦੇ ਹਨ :—

"ਰੇਲ ਜਾਂ ਸੜਕ ਦੁਆਰਾ ਪਸ਼ੂਆਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਪੁਚਾਣ ਵਿਚ ਇਹ ਕਸ਼ਟ ਸਹਿਣੇ ਪੈਂਦੇ ਹਨ — ਭੁੱਖ, ਤਰੇਹ, ਥੋੜੇ ਥਾਂ ਵਿਚ ਬਹੁਤੇ ਪਸ਼ੂਆਂ ਨੂੰ ਤੁੰਨ ਦੇਣਾ, ਗਰਮੀ ਤੇ ਸਰਦੀ ਦੀਆਂ ਤਕਲੀਫ਼ਾਂ, ਸੱਟਾਂ, ਕਈਆਂ ਅੰਗਾਂ ਦਾ ਟੁਟ ਜਾਣਾ, ਡਰ, ਥਕੇਵਾਂ ਅਤੇ ਉਨ੍ਹਾਂ ਦੇ ਲੈ ਜਾਣ ਵਾਲਿਆਂ ਵਲੋਂ ਜਾਣ ਬੁਝ ਕੇ ਵਹਿਸ਼ੀਆਨਾ ਸਲੂਕ।... ਅਮਰੀਕਾ ਦੀਆਂ ਰੇਲਵੇ ਕੰਪਨੀਆਂ

Namdhari Elibrary NamdhariElibrary@gmail.com

ਦੇ ਅੰਕੜੇ ਦਸਦੇ ਹਨ, ਕਿ ਹਜ਼ਾਰਾਂ ਜਾਨਵਰ ਰੇਲ ਦੇ ਅੰਦਰ ਮਰ ਜਾਂਦੇ ਹਨ, ਅਤੇ ਲੱਖਾਂ ਹੀ ਲੰਗੜੇ ਲੂਲ੍ਹੇ ਤੇ ਜ਼ਖ਼ਮੀ ਹੋ ਜਾਂਦੇ ਹਨ। ਸੂਰ ਜਿਨ੍ਹਾਂ ਦੀਆਂ ਪਿੱਠਾਂ ਤੇ ਅੰਗ ਟੁੱਟ ਜਾਂਦੇ ਹਨ, ਉਨ੍ਹਾਂ ਨੂੰ ਧੂਹ ਕੇ ਬੁੱਚੜਖ਼ਾਨੇ ਵਿਚ ਲੈ ਜਾਂਦੇ ਹਨ, ਗਰਮੀ ਦੀ ਰੁੱਤ ਵਿਚ ਮਾਰੇ ਜਾਣ ਵਾਲੇ ਜਾਨਵਰਾਂ ਨੂੰ ਤਿੰਨ ਤਿੰਨ ਦਿਨ ਰਾਤ ਭੁਖਿਆਂ ਤੇ ਤਿਹਾਇਆਂ ਰਖਿਆ ਜਾਂਦਾ ਹੈ।...

ਮੈਂ ਆਪ ਨੂੰ ਦਸਣਾ ਚਾਹੁੰਦਾ ਹਾਂ ਕਿ ਹਰ ਸਾਲ ੩੩ ਲੱਖ ਜੀਉਂਦੇ ਜਾਨਵਰਾਂ ਨੂੰ ਏਸ ਤਰ੍ਹਾਂ ਦੇ ਕਸ਼ਟ ਦਿਤੇ ਜਾਂਦੇ ਹਨ। ਕੇਵਲ ਇਕ ਈਸਾਈ ਦੇਸ਼ ਇੰਗਲੈਂਡ ਦੇ ਮਾਸਾਹਾਰੀਆਂ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਹਰ ਰੋਜ਼ ੧੦ ਹਜ਼ਾਰ ਜਾਨਵਰ ਉਸ ਦੀਆਂ ਬੰਦਰਗਾਹਾਂ ਤੇ ਜਹਾਜ਼ਾਂ ਦੀ ਰਾਹੀਂ ਪੁਚਾਏ ਜਾਂਦੇ ਹਨ।

ਅੰਗਰੇਜ਼ ਨਸਲ ਦੇ ਦਿਆਲੂ ਪੁਰਖਾਂ ਦੀਆਂ ਉਤੇ ਦਿਤੀਆਂ ਲਿਖਤਾਂ ਤੋਂ ਇਹ ਪਰਗਟ ਹ ਜਾਂਦਾ ਹੈ ਕਿ ਜਾਨਵਰਾਂ ਨੂੰ ਮਾਰਨ ਵੇਲੇ ਹੀ, ਉਨ੍ਹਾਂ ਤੇ ਜ਼ੁਲਮ ਨਹੀਂ ਕੀਤਾ ਜਾਂਦਾ, ਸਗੋਂ ਉਸ ਤੋਂ ਪਹਿਲੋਂ ਵੀ ਉਨ੍ਹਾਂ ਨਾਲ ਸਖ਼ਤ ਬੇ-ਰਹਿਮੀ ਦਾ ਸਲੂਕ ਕੀਤਾ ਜਾਂਦਾ ਹੈ। ਏਸ ਲਈ ਮਾਸਾਹਾਰੀਆਂ ਨੂੰ ਚਾਹੀਦਾ ਹੈ ਕਿ ਉਹ ਰਹਿਮ ਦੇ ਨੁਕਤਾ ਨਿਗਾਹ ਨਾਲ ਹੀ ਮਾਸ ਖਾਣਾ ਛੱਡ ਦੇਣ।

## (੬) ਆਂਡੇ ਖਾਣ ਦਾ ਪਾਪ

ਕਈ ਸਜਣ ਕਹਿੰਦੇ ਹਨ, ਕਿ ਆਂਡੇ ਖਾਣ ਵਿਚ ਕੋਈ ਦੋਸ਼ ਨਹੀਂ, ਕਿਉਂਕਿ ਇਹ ਇਕ ਕਿਸਮ ਦੀ ਸਬਜ਼ੀ ਹੈ, ਪਰੰਤੂ ਇਹ ਗੱਲ ਉਨ੍ਹਾਂ ਦੀ ਕਮ ਸਮਝੀ ਤੇ ਨਿਰਭਰ ਹੈ। ਕਿਉਂਕਿ ਆਂਡਾ ਇਕ ਜਾਨਵਰ ਦਾ ਗਰਭ ਹੈ, ਜਿਸ ਵਿਚ ਦੋ ਜਾਨਵਰਾਂ ਦੇ ਸੰਜੋਗ ਨਾਲ ਪੈਦਾ ਹੋਣ ਵਾਲੇ ਬੱਚੇ ਦੇ ਸੂਖਮ ਪ੍ਰਮਾਣੂ ਮੌਜੂਦ ਹਨ, ਜੋ ਕਿ ਰਕਤ ਤੇ ਬੀਰਜ ਦਾ ਕਾਰਨ ਹਨ। ਇਸ ਲਈ ਆਂਡੇ ਨੂੰ ਨਸ਼ਟ ਕਰਨਾ ਏਸੇ ਤਰ੍ਹਾਂ ਦਾ ਇਕ ਮਹਾਨ ਦੋਸ਼ ਹੈ, ਜਿਸ ਤਰ੍ਹਾਂ ਮਨੁਖ ਨਸਲ ਵਿਚ ਕਿਸੇ ਇਸਤ੍ਰੀ ਦਾ ਗਰਭਪਾਤ ਕਰਨਾ ਭਾਰੀ ਪਾਪ ਹੈ। ਕੀ ਗਰਭਪਾਤ ਦਾ ਕਰਮ ਕਾਨੂੰਨੀ ਅਤੇ ਇਖ਼ਲਾਕੀ ਜੁਰਮ ਨਹੀਂ ਹੈ? ਜੇ ਹੈ ਤਾਂ ਆਂਡੇ ਨੂੰ ਭੰਨ ਕੇ ਉਸ ਦਾ ਰਕਤ ਬੀਰਜ ਉਬਾਲ ਕੇ ਖਾ ਜਾਣਾ ਜਾਂ

Namdhari Elibrary NamdhariElibrary@gmail.com

ਉਸ ਦੇ ਪੂੜੇ ਬਣਾ ਕੇ ਖਾਣੇ ਮਨੁਖ ਸਮਾਜ ਲਈ ਘੱਟ ਗੁਨਾਹ ਅਤੇ ਲੱਜਿਆ ਦੀ ਗੱਲ ਹੈ ? ਤਾਂ ਤੇ ਮਨੁਖ ਨੂੰ (ਜੇ ਇਸ ਦੇ ਅੰਦਰ ਮਨੁਖਤਾ ਦਾ ਸਰਬ ਸ਼੍ਰੋਮਣੀ ਮਾਦਾ ਮੌਜੂਦ ਹੈ) ਚਾਹੀਦਾ ਹੈ ਕਿ ਉਹ ਜਾਨਵਰਾਂ ਦੇ ਗਰਭਪਾਤ, ਉਨ੍ਹਾਂ ਨੂੰ ਖਾਣ ਦੀ ਭੈੜੀ ਆਦਤ ਨੂੰ ਤਿਆਗ ਦੇਵੇ ।

## (੭) ਜਗਤ ਪ੍ਰਸਿੱਧ ਹਸਤੀਆਂ

ਹੁਣ ਪਾਠਕਾਂ ਦੇ ਸਾਹਮਣੇ ਵਰਤਮਾਨ ਸਮੇਂ ਵਿਖੇ ਕੌਮਾਂਤ੍ਰੀ (**International**) ਪੁਜ਼ੀਸ਼ਨ ਰਖਣ ਵਾਲਿਆਂ ਉਨ੍ਹਾਂ ਪੁਰਸ਼ਾਂ ਦੀ ਸੰਖੇਪ ਜੇਹੀ ਫਰਿਸਤ ਪੇਸ਼ ਕੀਤੀ ਜਾਂਦੀ ਹੈ, ਜਿਨ੍ਹਾਂ ਨੇ ਆਪਣੀ ਦਿਮਾਗ਼ੀ ਯੋਗਤਾ, ਦੇਸ਼-ਭਗਤੀ, ਕੁਰਬਾਨੀ ਦੀ ਸਪਿਰਟ, ਨੀਤੀ, ਅਦਭੁਤ ਪ੍ਰਾਕ੍ਰਮ ਅਤੇ ਦਲੇਰੀ ਦੇ ਕਾਰਨ ਸੰਸਾਰ ਭਰ ਦਾ ਧਿਆਨ ਆਪਣੇ ਵਲ ਖਿੱਚਿਆ ਹੋਇਆ ਹੈ, ਪਰ ਮਾਸ ਉੱਕਾ ਹੀ ਨਹੀਂ ਖਾਂਦੇ ।

(੧) ਮਹਾਤਮਾ ਗਾਂਧੀ, ਜ ਭਾਰਤਵਰਸ਼ ਦੇ ਅਦੁਤੀ ਨੇਤਾ ਹਨ । ਜਿਨ੍ਹਾਂ ਨੇ ਆਪਣੀ ਸਾਰੀ ਆਯੂ ਦੇਸ਼ ਨੂੰ ਸੁਤੰਤ੍ਰ ਕਰਨ ਦੇ ਸਾਧਨਾਂ ਵਿਚ ਬਤੀਤ ਕੀਤੀ ਤੇ ਹੁਣ ਅਤੀ ਬ੍ਰਿਧ ਅਵਸਥਾ ਵਿਚ ਵੀ ਸਤਿਆਗ੍ਰਹਿ ਲਹਿਰ ਦੇ ਸੰਚਾਲਕ ਦੀ ਹੈਸੀਅਤ ਰਖਦੇ ਹਨ । ਜਿਨ੍ਹਾਂ ਨੇ ਅਪਣੀ ਅਲੌਕਿਕ ਯੋਗਤਾ ਨਾਲ ਵਰਤਮਾਨ ਭਾਰਤ ਸਰਕਾਰ ਦੇ ਦਿਮਾਗ਼ ਨੂੰ ਚੱਕਰ ਵਿਚ ਪਾ ਰਖਿਆ ਹੈ, ਇਕ ਆਦਰਸ਼ਕ ਅਹਿੰਸਕ ਹਨ ਜਿਨ੍ਹਾਂ ਦੀ ਖੁਰਾਕ ਕੁਛ ਫਲਾਂ ਦੇ ਰਸ ਅਤੇ ਬੱਕਰੀ ਦੇ ਦੁੱਧ ਤੇ ਨਿਰਭਰ ਹੈ ।

(੨) ਭਾਰਤ ਭੂਸ਼ਣ ਮਹਾਨ ਵਿਦਵਾਨ ਪੰਡਿਤ ਮਦਨ ਮੋਹਨ ਮਾਲਵੀਆ ਜੀ, ਜੋ ਭਾਰਤ ਦੀ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਵੀ ਰਹਿ ਚੁਕੇ ਹਨ, ਜੇਹੜੇ ਅਪਣੇ ਸਮੇਂ ਦੇ ਇਕ ਬੜੇ ਕਾਨੂੰਨਦਾਨ ਅਤੇ ਰੌਸ਼ਨ ਜ਼ਮੀਰ ਵਕੀਲ ਹਨ, ਜਿਨ੍ਹਾਂ ਦੀਆਂ ਦੇਸ਼ ਤੇ ਜਾਤੀ ਲਈ ਕੁਰਬਾਨੀਆਂ ਤੋਂ ਭਾਰਤਵਰਸ਼ ਦੀ ਕੌਮ ਦਾ ਬੱਚਾ ਬੱਚਾ ਜਾਣੂੰ ਹੈ, ਜਿਨ੍ਹਾਂ ਨੇ ਬਨਾਰਸ ਯੂਨੀਵਰਸਿਟੀ ਦਾ ਸੰਚਾਲਨ ਕਰਕੇ ਦੇਸ਼ ਲਈ ਵਿੱਦਿਆ ਦਾ ਪ੍ਰਵਾਹ ਚਲਾਣ ਦਾ ਮਹਾਨ ਕਾਰਜ ਕੀਤਾ ਹੈ,ਅਤੇ ਇਸ ਬ੍ਰਿਧ ਅਵਸਥਾ ਵਿਚ ਵੀ ਜਿਨ੍ਹਾਂ ਦੇ ਹਿਰਦੇ ਵਿਚ ਨੌਜੁਆਨਾਂ

Namdhari Elibrary NamdhariElibrary@gmail.com

ਵਾਲਾ ਦਿਲ ਮੌਜੂਦ ਹੈ, ਪੱਕੇ ਵੈਸ਼ਨਵ ਹਨ, ਅਤੇ ਮਾਸ ਅਹਾਰ ਨੂੰ ਮਾਨਵੀ ਅਹਾਰ ਨਹੀਂ ਸਮਝਦੇ ।

(੩) ਨਹਿਰੂ ਖਾਨਦਾਨ ਨੂੰ ਬੇਮਿਸਾਲ ਕੁਰਬਾਨੀਆਂ ਨਾਲ ਚਾਰ ਚੰਦ ਲਾਉਣ ਵਾਲੇ ਹਿੰਦੁਸਤਾਨ ਦੇ ਮਾਨਯੋਗ ਹੀਰੋ ਸ੍ਰੀ ਯੁਤ ਪੰਡਿਤ ਜਵਾਹਰ ਲਾਲ ਨਹਿਰੂ, ਜਿਨ੍ਹਾਂ ਦੀ ਪ੍ਰਧਾਨਗੀ ਵਿਚ ਨੈਸ਼ਨਲ ਕਾਂਗਰਸ ਨੇ ਸੰ: ੧੯੩੦ ਈ: ਨੂੰ ਲਾਹੌਰ ਵਿਖੇ ਪੂਰਨ ਸੁਤੰਤ੍ਰਤਾ ਦਾ ਪ੍ਰਸਤਾਵ ਪਾਸ ਕੀਤਾ ਸੀ, ਜਿਨ੍ਹਾਂ ਦੀ ਆਯੂ ਦਾ ਬਹੁਤਾ ਸਮਾਂ ਦੇਸ਼ ਦੀ ਸੁਤੰਤ੍ਰਤਾ ਹਿਤ ਜੇਲ੍ਹਾਂ ਵਿਚ ਹੀ ਬਤੀਤ ਹੁੰਦਾ ਰਿਹਾ ਹੈ, ਜੋ ਅਜ ਕਲ ਵੀ ਜੇਲ੍ਹ ਦੀ ਚਾਰ ਦੀਵਾਰੀ ਵਿਚ ਆਪਣੇ ਵਤਨ ਨੂੰ ਆਜ਼ਾਦ ਕਰਾਣ ਦੇ ਸੁਫ਼ਨੇ ਵੇਖ ਰਹੇ ਹਨ, ਜਿਨ੍ਹਾਂ ਦਾ ਚਰਚਾ ਕਈ ਵਾਰ ਇੰਗਲੈਂਡ ਦੀ ਪਾਰਲੀਮੈਂਟ ਵਿਚ ਵੀ ਹੁੰਦਾ ਰਹਿੰਦਾ ਹੈ, ਜਿਨ੍ਹਾਂ ਦੀ ਯੋਗਤਾ ਅਰ ਨੀਤੀ ਨਿਪੁੰਨਤਾ ਦੀ ਸਰਕਾਰ ਬਰਤਾਨੀਆਂ ਵੀ ਕਾਇਲ ਹੈ ਅਤੇ ਜਿਨ੍ਹਾਂ ਦੀ ਜ਼ਾਤ ਤੋਂ ਭਾਰਤ ਮਾਤਾ ਨੂੰ ਬਹੁਤ ਸਾਰੀਆਂ ਆਸਾਂ ਹਨ, ਮਾਸ ਨਹੀਂ ਖਾਂਦੇ ।

(੪) ਮਦਰਾਸ ਸੂਬੇ ਦੇ ਵਤਨ-ਪ੍ਰਸਤਾਂ ਦੇ ਸਿਰਤਾਜ ਸ੍ਰੀ ਯੁਤ ਰਾਜਾ ਗੋਪਾਲਾਚਾਰੀਆ ਜੋ ਅਜੇ ਕੱਲ ਮਦਰਾਸ ਗਵਰਮੈਂਟ ਦੇ ਪ੍ਰਾਇਮ ਮਿਨਿਸਟਰ ਪ੍ਰਧਾਨ ਮੰਤ੍ਰੀ ਸਨ ਅਤੇ ਅਜ ਭਾਰਤ ਮਾਤਾ ਨੂੰ ਸੁਤੰਤਰ ਕਰਾਣ ਖ਼ਾਤਰ ਜੇਲ੍ਹ ਵਿਚ ਨਿਵਾਸ ਕਰ ਰਹੇ ਹਨ, ਜਿਨ੍ਹਾਂ ਦੀ ਦਿਮਾਗ਼ੀ ਕਾਬਲੀਅਤ ਅਤੇ ਨੀਤੀ ਨਿਪੁੰਨਤਾ ਦਾ ਸਰਕਾਰ ਦੇ ਦਿਲ ਉਤੇ ਸਿੱਕਾ ਬੈਠਾ ਹੋਇਆ ਹੈ, ਮਾਸ, ਨਹੀਂ ਖਾਂਦੇ।

(੫) ਸੂਬਾ ਬਿਹਾਰ ਦੇ ਚਾਨਣ ਮੁਨਾਰੇ ਬਾਬੂ ਰਾਜਿੰਦਰ ਪ੍ਰਸ਼ਾਦ ਜੋ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਰਹਿ ਚੁਕੇ ਹਨ ਅਤੇ ਆਪਣੀ ਦੇਸ਼ ਭਗਤੀ, ਨੀਤੀ ਨਿਪੁੰਨਤਾ, ਦਿਮਾਗ਼ੀ ਯੋਗਤਾ ਅਤੇ ਕੁਰਬਾਨੀਆਂ ਦੇ ਕਾਰਨ ਬੜਾ ਉਚਾ ਦਰਜਾ ਰਖਦੇ ਹਨ, ਜਿਨ੍ਹਾਂ ਦੀ ਸ਼ਖਸੀਅਤ ਦਾ ਸਤਿਕਾਰ ਹਰ ਭਾਰਤ-ਵਾਸੀ ਦੇ ਦਿਲ ਵਿਚ ਮੌਜੂਦ ਹੈ, ਮਾਸ ਨਹੀਂ ਖਾਂਦੇ।

(੬) ਯੂ. ਪੀ, ਅਸੈਂਬਲੀ ਦੇ ਸਪੀਕਰ ਸ੍ਰੀ ਯੁਤ ਪੁਰਸ਼ੋਤਮ ਦਾਸ ਜੀ ਟੰਡਨ, ਜਿਨ੍ਹਾਂ ਨੂੰ ਯੂ. ਪੀ. ਦਾ ਦਿਮਾਗ਼ ਕਿਹਾ ਜਾ ਸਕਦਾ ਹੈ, ਮਾਸ ਨਹੀਂ ਖਾਂਦੇ।

(੭) ਸ੍ਰੀ ਯੁਤ ਪੰਡਤ ਗੋਬਿੰਦ ਬਲਭ ਪੰਤ, ਜਿਨ੍ਹਾਂ ਨੇ ਆਪਣੀ ਯੋਗਤਾ

Namdhari Elibrary NamdhariElibrary@gmail.com

ਦਾ ਪਰੀਚੈ ਤ੍ਰਿਪੁਰੀ ਕਾਂਗਰਸ ਦੇ ਇਜਲਾਸ ਵਿਚ ਸਾਰੇ ਭਾਰਤਵਰਸ਼ ਦੇ ਡੈਲੀਗੇਟਾਂ ਦੇ ਸਾਹਮਣੇ ਦਿੱਤਾ ਸੀ, ਮਾਸ ਨਹੀਂ ਖਾਂਦੇ।

(੮) ਸਰਹੱਦੀ ਗਾਂਧੀ ਅਬਦੁਲ ਗ਼ੁਫ਼ਾਰ ਖ਼ਾਨ ਜੋ ਮਾਸਾਹਾਰੀਆਂ ਦੀ ਕੌਮ ਵਿਚ ਪੈਦਾ ਹੋਏ, ਮਾਸਾਹਾਰੀ ਪਠਾਣਾਂ ਦੇ ਦੇਸ ਵਿਚ ਰਹਿੰਦੇ ਹਨ, ਇਕ ਮਾਨਯੋਗ ਪਠਾਣ ਪਰਵਾਰ ਦੇ ਸਿਰਕਢ ਸਰਦਾਰ ਹਨ, ਮਹਾਤਮਾ ਗਾਂਧੀ ਦੇ ਪਰਮ ਸ਼ਰਧਾਲੂ ਹਨ, ਜਿਨ੍ਹਾਂ ਨੇ ਆਪਣੀਆਂ ਕੁਰਬਾਨੀਆਂ, ਆਪਣੀਆਂ ਤਕਰੀਰਾਂ ਅਤੇ ਕਰਨੀਆਂ ਨਾਲ ਪਠਾਨ ਕੌਮ ਵਿਚ ਹੈਰਾਨ ਕਰਨ ਵਾਲਾ ਸੁਧਾਰ ਅਤੇ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰ ਦਿਤਾ ਹੈ, ਮਹਾਤਮਾ ਗਾਂਧੀ ਜੀ ਦੀ ਪੈਰਵੀ ਵਿਚ ਮਾਸ ਦਾ ਖਾਣਾ ਕਤੱਈ ਤਿਆਗ ਚੁਕੇ ਹਨ।

(੯) ਨੋਬਲ ਪ੍ਰਾਈਜ਼ ਦੇ ਵਿਜੇਤਾ ਸੰਸਾਰ ਪ੍ਰਸਿੱਧ ਕਵੀ ਸ੍ਰੀ ਯੁਤ ਟੈਗੋਰ ਜੀ, ਜਿਨ੍ਹਾਂ ਨੂੰ ਮਹਾਤਮਾਂ ਗਾਂਧੀ ਜੀ ਗੁਰਦੇਵ ਜੀ ਕਹਿ ਕੇ ਸਤਿਕਾਰਦੇ ਹਨ, ਮਾਸ ਨਹੀਂ ਖਾਂਦੇ।

(੧੦) ਹੋਰ ਵੀ ਅਨੇਕਾਂ ਦੇਸ਼ ਭਗਤ ਜੋ ਭਾਰਤਵਰਸ਼ ਦੇ ਹਰ ਇਕ ਸੂਬੇ ਵਿਚ ਮੌਜੂਦ ਹਨ, ਜਿਨ੍ਹਾਂ ਦੇ ਨਾਮ ਇਸ ਫਰਿਸਤ ਨੂੰ ਬਹੁਤ ਲੰਮੀ ਕਰ ਸਕਦੇ ਹਨ, ਮਾਸ ਨਹੀਂ ਖਾਂਦੇ।

(੧੧) ਜਰਮਨੀ ਦਾ ਡਿਕਟੇਟਰ ਹਿਟਲਰ, ਜਿਸ ਵਲ ਐਸ ਵੇਲੇ ਸਾਰੇ ਸੰਸਾਰ ਦੀਆਂ ਅੱਖਾਂ ਲਗ ਰਹੀਆਂ ਹਨ, ਜੋ ਵਿਜੈ ਤੇ ਵਿਜੈ ਪ੍ਰਾਪਤ ਕਰ ਰਿਹਾ ਹੈ, ਅਤੇ ਸੰਸਾਰ ਪ੍ਰਸਿੱਧ ਲੜਾਕਾ ਹੈ, ਮਾਸ ਨਹੀਂ ਖਾਂਦਾ।

(੧੨) ਇਟਲੀ ਦੀ ਕਿਸਮਤ ਦਾ ਮਾਲਕ ਸਾਇਨਰ ਮਸੋਲੇਨੀ, ਜੋ ਵਰਤਮਾਨ ਜੰਗ ਵਿਚ ਹਿਟਲਰ ਦਾ ਸਾਥੀ ਹੈ, ਮਾਸ ਨਹੀਂ ਖਾਂਦਾ।

(੧੩) ਮਾਰਸ਼ਲ ਗੋਇਰਿੰਗ ਨੇ ਜਿਸ ਨੂੰ ਹਿਟਲਰ ਨੇ ਆਪਣੇ ਬਾਅਦ ਆਪਣਾ ਉਤਰ ਅਧਿਕਾਰੀ ਨਿਸਚਿਤ ਕੀਤਾ ਹੋਇਆ ਹੈ, ੯ ਸਤੰਬਰ ੧੯੩੯ ਈ: ਨੂੰ ਜਰਮਨ ਕੌਮ ਦੇ ਨਾਮ ਇਕ ਤਕਰੀਰ ਬਰਾਡਕਾਸਟ ਕੀਤੀ ਸੀ, ਜੋ 'ਪ੍ਰਤਾਪ' ਲਾਹੌਰ ਦੇ ੧੧ ਸਤੰਬਰ ੧੯੩੯ ਦੇ ਪਰਚੇ ਵਿਚੋਂ ਨੋਟ ਕੀਤੀ ਗਈ ਹੈ। ਉਸ ਵਿਚ ਮਾਸ ਅਹਾਰ ਨੂੰ ਬੁਰੀ ਆਦਤ ਕਹਿੰਦਿਆਂ ਹੋਇਆਂ, ਉਸ ਦੇ ਤਿਆਗਣ ਦੀ ਪ੍ਰੇਰਨਾ ਕੀਤੀ ਸੀ। ਜਨਰਲ ਗੋਇਰਿੰਗ ਕਹਿੰਦੇ ਹਨ:—"ਆਜ ਜਰਮਨੀ ਕੇ ਲੀਏ ਖ਼ੁਰਾਕ ਬਹੁਤ ਅਹਿਮੀਅਤ ਰਖਤੀ ਹੈ, ਔਰ ਯੇਹ ਹਮਾਰੇ ਪਾਸ ਕਾਫ਼ੀ ਮਿਕਦਾਰ ਮੇਂ ਹੈ। ਬਾਕੀ ਸਵਾਲ ਰਹਾ

Namdhari Elibrary NamdhariElibrary@gmail.com

ਗੋਸ਼ਤ ਕਾ। ਗੋਸ਼ਤ ਖਾਨਾ ਬੁਰੀ ਆਦਤ ਹੈ, ਔਰ ਉਸ ਕਾ ਖਾਨਾ ਜਿਸ ਕਦਰ ਕਮ ਕੀਆ ਜਾਏ, ਉਸੀ ਕਦਰ ਅੱਛਾ ਹੈ।''

(੧੪) ਬੀਰ ਸਾਵਰਕਰ ਜੋ ਆਲ ਇੰਡੀਆ ਹਿੰਦੂ ਸਭਾ ਦੇ ਪ੍ਰਧਾਨ ਹਨ, ਜੋ ਵਰਤਮਾਨ ਕਾਲ ਵਿਚ ਹਿੰਦੂ ਜਾਤੀ ਦੇ ਮੁਖ ਨੇਤਾ ਹਨ, ਜਿਨ੍ਹਾਂ ਦੇ ਹਿਰਦੇ ਵਿਚ ਦੇਸ਼-ਸੇਵਾ ਦੀ ਅਥਾਹ ਲਗਨ ਹੈ, ਜੋ ਕੁਰਬਾਨੀ ਅਤੇ ਬੀਰਤਾ ਦਾ ਆਦਰਸ਼ਕ ਜੀਵਨ ਰਖਦੇ ਹਨ, ਮਾਸ ਨਹੀਂ ਖਾਂਦੇ।

(੧੫) ਡਾਕਟਰ ਮੂੰਜੇ ਜੋ ਹਿੰਦੂ ਮਹਾਂ ਸਭਾ ਦੇ ਪ੍ਰਧਾਨ ਰਹਿ ਚੁਕੇ ਹਨ, ਅਤੇ ਭਾਰਤਵਰਸ਼ ਵਿਖੇ ਹਿੰਦੂ ਜਾਤੀ ਦੇ ਚੋਟੀ ਦੇ ਲੀਡਰ ਹਨ, ਮਾਸ ਨਹੀਂ ਖਾਂਦੇ।

Namdhari Elibrary NamdhariElibrary@gmail.com

# ਅੰਤਮ ਬੇਨਤੀ

ਮੈਂ ਇਸ ਬੇਨਤੀ ਨਾਲ ਪੁਸਤਕ ਨੂੰ ਸਮਾਪਤ ਕਰਦਾ ਹਾਂ, ਕਿ ਇਹ ਪੁਸਤਕ ਕੇਵਲ ਇਸ ਵਿਸ਼ੇ ਵਿਚ ਪਏ ਹੋਏ ਭੁਲੇਖਿਆਂ ਨੂੰ ਨਿਵਿਰਤ ਕਰਨ ਦੇ ਵਿਚਾਰ ਨਾਲ ਲਿਖੀ ਗਈ ਹੈ। ਮੈਂ ਆਸ ਕਰਦਾ ਹਾਂ ਕਿ ਇਸ ਨੂੰ ਸੰਪ੍ਰਦਾਇਕ ਪੱਖਪਾਤ ਤੋਂ ਰਹਿਤ ਹੋ ਕੇ ਵਾਚਿਆ ਅਤੇ ਵਿਚਾਰਿਆ ਜਾਵੇਗਾ। ਜਿਹੜੇ ਸਜਣ ਏਸ ਪੁਸਤਕ ਦੇ ਅਸਰ ਨਾਲ ਮਾਸ ਛੱਡਣ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਇਕ ਚਿੱਠੀ ਦੁਆਰਾ ਅਪਣੇ ਇਸ ਤਿਆਗ ਸਬੰਧੀ ਮੈਨੂੰ ਸੂਚਨਾ ਦੇਣ ਦੀ ਖੇਚਲ ਕਰਨ ਤਾਕਿ ਮੈਂ ਅਪਣੇ ਪ੍ਰੀਸ਼ਰਮ ਨੂੰ ਸਫ਼ਲ ਸਮਝ ਕੇ ਅਗੋਂ ਲਈ ਆਪਣੇ ਪਿਆਰੇ ਪੰਥ ਦੀ ਸਾਹਿੱਤਕ ਸੇਵਾ ਵਾਸਤੇ ਉਤਸ਼ਾਹਿਤ ਰਹਾਂ।

ਨਿਧਾਨ ਸਿੰਘ "ਆਲਿਮ"

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਨਾਮਧਾਰੀ ਦਰਬਾਰ

ਸ੍ਰੀ ਭੈਣੀ ਸਾਹਿਬ, ਲੁਧਿਆਣਾ (ਪੰਜਾਬ)

Namdhari Elibrary NamdhariElibrary@gmail.com